ਸਭ ਹੱਕ ਰਾਖਵੇਂ ਹਨ ।

ਜੁਗਤ ਵਿਹੂਣਾ ਵਿਕੋ ਜਾਇ ॥

ੴ ਸਤਿਗੁਰਪ੍ਰਸਾਦਿ ॥

# ਜੀਵਨ ਜੁਗਤੀ

ਅਰਥਾਤ

G. 306

## ਲੋਕ ਪ੍ਰਲੋਕ ਵਿਚਮਾਨ ਪਾਉਣ ਦਾ ਰਸਤਾ

ਰਚਿਤ

ਸ੍ਰੀ ਮਾਨ ਸ੍ਰਦਾਰ ਸ. ਸ. ਚਰਨ ਸਿੰਘ ਜੀ ਸ਼ਹੀਦ

ਕਰਤਾ

ਦਲੇਰ ਕੌਰ, ਚੰਚਲ ਮੂਰਤੀ, ਦੋ ਵਹੁਟੀਆਂ, ਜਗਤ ਤਮਾਸ਼ਾ, ਖੂਨੀ ਹਾਰ ਤੇ ਰਣਜੀਤ ਕੌਰ ਆਦਿ

"ਗੁਰੂ ਖਾਲਸਾ ਪ੍ਰੈਸ" ਅੰਮ੍ਰਿਤਸਰ ਵਿਚ ਸਰਦਾਰ ਪ੍ਰੀਤਮ ਸਿੰਘ ਮੈਨੇਜਰ ਤੇ ਪ੍ਰਿੰਟਰ ਦੇ ਪ੍ਰਬੰਧ ਹੇਠ ਛਪੀ।

ਚੌਥੀ ਵਾਰ ੧੦੦੦ ਭੇਟਾ ੧)

22809

# ਚੌਥੀ ਐਡੀਸ਼ਨ ਦੀ ਭੂਮਿਕਾ

ਇਹ ਜੀਵਨ ਜੁਗਤੀ ਪਹਿਲੀ ਵਾਰ ੧੯੧੪ ਵਿਚ ਛਪੀ ਸੀ ਜਦ ਕਿ ਪੰਜਾਬੀ ਵਿਚ ਚੰਗੀਆਂ ਪੁਸਤਕਾਂ ਬਹੁਤ ਹੀ ਥੋੜੀਆਂ ਲਗਦੀਆਂ ਸਨ। ਪਰ ਇਸ ਪੁਸਤਕ ਨੂੰ ਪੰਜਾਬੀ ਪਬਲਿਕ ਨੇ ਏਨਾ ਪਸੰਦ ਕੀਤਾ ਕਿ ਪਹਿਲੀ ਐਡੀਸ਼ਨ ਦੋ ਹਫ਼ਤੇ ਦੇ ਅੰਦਰ ਹੀ ਖ਼ਤਮ ਹੋ ਗਈ। ਇਸ ਪਰ ਦੂਸਰੀ ਵਾਰੀ ਇਸ ਦੀਆਂ ਕਈ ਹਜ਼ਾਰ ਕਾਪੀਆਂ ਛਾਪੀਆਂ ਗਈਆਂ, ਤੇ ਓਹ ਭੀ ਥੋੜ੍ਹੇ ਹੀ ਸਮੇ ਵਿਚ ਖ਼ਤਮ ਹੋ ਗਈਆਂ। ਉਸਤੋਂ ਬਾਦ ਤੀਸਰੀ ਐਡੀਸ਼ਨ ਛਪੀ ਤੇ ਸਨਮਾਨੀ ਜਾਂਦੀ ਰਹੀ। ਰਿਆਸਤ ਪਟਿਆਲਾ ਨੇ ਏਸ ਪੁਸਤਕ ਨੂੰ ਪੰਜ ਸੌ ਰੁਪਿਆ ਭੇਟਾ ਕੀਤਾ ਸੀ, ਟੈਕਸਟ ਬੁਕ ਕਮੇਟੀ ਦੇ ਮੈਂਬਰਾਂ ਨੇ ਇਸ ਦੀ ਬੇਹੱਦ ਸ਼ਲਾਘਾ ਕੀਤੀ। ਯੂਨੀਵਰਸਟੀ ਪੰਜਾਬ ਨੇ ਇਸ ਨੂੰ ਐਫ. ਏ. ਦਾ ਕੋਰਸ ਨੀਯਤ ਕੀਤਾ, ਪਰ ਸਭ ਤੋਂ ਵੱਡੀ ਕਦਰਦਾਨੀ ਪੰਜਾਬੀ ਪਬਲਿਕ ਨੇ ਇਸ ਦੀਆਂ ਹਜ਼ਾਰਹਾ ਕਾਪੀਆਂ ਖ਼ਰੀਦ ਕੇ ਕੀਤੀ। ਹੁਣ ਕੁਝ ਚਿਰ ਤੋਂ ਇਹ ਪੁਸਤਕ ਬਿਲਕੁਲ ਖ਼ਤਮ ਹੋ ਚੁਕੀ ਸੀ ਤੇ ਪਬਲਿਕ ਵਲੋਂ ਇਸਦੀ ਮੰਗ ਬੜੇ ਜ਼ੋਰ ਨਾਲ ਜਾਰੀ ਸੀ। ਇਸ ਲਈ ਹੁਣ ਇਸਦੀ ਚੌਥੀ ਐਡੀਸ਼ਨ ਪ੍ਰਕਾਸ਼ਤ ਕੀਤੀ ਜਾਂਦੀ ਹੈ। ਵਾਹਿਗੁਰੂ ਨੇ ਚਾਹਿਆ ਤਾਂ ਅਗਲੀ ਵਾਰੀ ਇਸਦੀ ਸਚਿਤ੍ਰ ਅਡੀਸ਼ਨ ਪ੍ਰਕਾਸ਼ਤ ਕੀਤੀ ਜਾਵੇਗੀ।

ਐਸ. ਐਸ. ਚਰਨ ਸਿੰਘ

# ਭੂਮਿਕਾ

(ਇਸ ਨੂੰ ਪੜ੍ਹੇ ਬਿਨਾ ਪੁਸਤਕ ਦਾ ਸੁਆਦ ਨਹੀਂ ਆਵੇਗਾ)

ਵਾਹਿਗੁਰੂ ਦਾ ਲਖ ਲਖ ਸ਼ੁਕਰ ਹੈ ਕਿ ਮੈਂ ਇਕ ਅਜੇਹੀ ਅਦੁਤੀ ਤੇ ਲਾਭਦਾਇਕ ਪੁਸਤਕ ਨੂੰ ਆਪਣੇ ਪੰਜਾਬੀ ਪੜ੍ਹੇ ਸੱਜਣਾਂ ਦੀ ਸੇਵਾ ਵਿਚ ਹਾਜ਼ਰ ਕਰਨ ਦੇ ਯਤਨ ਵਿਚ ਸਫਲਤਾ ਪ੍ਰਾਪਤ ਕੀਤੀ ਹੈ ਕਿ ਜਿਸਨੂੰ ਮੈਂ ਮਨੁੱਖ ਜਾਤੀ ਦੇ ਹਰੇਕ ਬੁੱਢੇ, ਬੱਚੇ, ਜਵਾਨ, ਬਾਲ, ਇਸਤ੍ਰੀ ਅਤੇ ਮਰਦ ਲਈ ਅਤਯੰਤ ਲਾਭਕਾਰੀ ਸਮਝਦਾ ਹਾਂ।

ਏਹ ਵਡਮੁੱਲੀ ਪੋਥੀ ਅੱਜ ਤੋਂ ਕਈ ਸੌ ਵਰ੍ਹੇ ਪਹਿਲਾਂ ਦੀ ਲਿਖੀ ਹੋਈ ਹੈ। ਏਸ ਦੇ ਧਰਮੀ ਅਤੇ ਨੇਕ ਕਰਤਾ ਦੇ ਪਵਿੱਤ੍ਰ ਨਾਮ ਦਾ ਅਜ ਤਕ ਕਿਸੇ ਨੂੰ ਪਤਾ ਨਹੀਂ ਲੱਗਾ, ਨਹੀਂ ਤਾਂ ਹੁਣ ਤਕ ਯੂਰਪ ਤੇ ਅਮ੍ਰੀਕਾ ਦੇ ਸਾਰੇ ਦੇਸਾਂ ਵਿਚ ਜ਼ਰੂਰ ਓਸ ਨੇਕ ਮਰਦ ਦੀਆਂ ਕਈ ਯਾਦਗਾਰਾਂ ਕਾਇਮ ਹੋ ਚੁਕੀਆਂ ਹੁੰਦੀਆਂ।

ਏਸ ਅਦੁਤੀ ਪੁਸਤਕ ਦੇ ਦੁਨੀਆਂ ਵਿਚ ਪ੍ਰਗਟ ਹੋਣ ਦੀ ਸਾਖੀ ਵੱਡੀ ਸੁਆਦਲੀ ਹੈ। ਭਾਰਤ ਵਰਖ ਦੇ ਉਤ੍ਰ ਵੱਲ ਇੱਕ ਵੱਡਾ ਸਾਰਾ ਪਹਾੜੀ ਦੇਸ ਹੈ, ਜਿਸ ਨੂੰ ਤਿੱਬਤ ਆਖਦੇ ਹਨ ਅਤੇ ਆਰੀਆਂ ਦੀਆਂ ਧਰਮ ਪੁਸਤਕਾਂ ਵਿਚ ਲਿਖਯਾ ਹੈ ਕਿ ਸ੍ਰਿਸ਼ਟੀ ਦੀ ਉਤਪਤੀ ਸਭ ਤੋਂ ਪਹਿਲਾਂ ਤਿੱਬਤ ਵਿਚ ਹੀ ਹੋਈ ਸੀ। ਮੁੱਢ ਤੋਂ ਹੀ ਤਿੱਬਤ ਦੇ ਲੋਕ ਆਪਣੇ ਗੁਰੂਆਂ ਦੀ-ਜਿਨ੍ਹਾਂ ਨੂੰ "ਲਾਮਾ" ਕਿਹਾ ਜਾਂਦਾ ਹੈ-- ਵੱਡੀ ਇੱਜ਼ਤ ਕਰਦੇ ਆਏ ਹਨ। ਉਂਜ ਤਾਂ ਸਾਰੇ ਦੇਸ ਵਿਚ

ਕਈ 'ਲਾਮਾ' ਹਨ, ਪਰ ਸਾਰਿਆਂ ਤੋਂ ਵੱਡੇ ਗੁਰੂ ਨੂੰ "ਮਹਾਂ ਲਾਮਾ" ਆਖਦੇ ਹਨ। 'ਮਹਾਂ ਲਾਮਾ' ਦੀ ਬਾਬਤ ਓਥੋਂ ਦੇ ਲੋਕਾਂ ਦਾ ਹੁਣ ਤੱਕ ਏਹ ਨਿਸਚਾ ਹੈ ਕਿ ਓਹ ਕਦੀ ਮਰਦਾ ਨਹੀਂ, ਕੇਵਲ ਚੋਲਾ ਵਟਾ ਲੈਂਦਾ ਹੈ। 'ਮਹਾਂ ਲਾਮਾ' ਦੇ ਚਰਨਾਂ ਵਿਚ ਵੱਡੇ ਤੋਂ ਵੱਡੇ ਅਤੇ ਛੋਟੇ ਤੋਂ ਛੋਟੇ ਲੋਕ ਸਭ ਸਿਰ ਨਿਵਾਉਂਦੇ ਹਨ। ਪਹਿਲੇ ਸਮੇ ਵਿੱਚ 'ਮਹਾਂ ਲਾਮਾ' ਜਦ ਕਦੀ ਆਮ ਲੋਕਾਂ ਨੂੰ ਦਰਸਨ ਦੇਂਦਾ ਸੀ ਤਾਂ ਓਹ ਇਕ ਉੱਚੀ ਵਡਮੁੱਲੀ ਗੱਦੀ ਉਤੇ ਬੈਠ ਜਾਂਦਾ ਸੀ, ਹਜ਼ਾਰਾਂ ਲੱਖਾਂ ਲੋਕ–ਜਿਨ੍ਹਾਂ ਵਿਚ ਵੱਡੇ ਵੱਡੇ ਰਾਜੇ ਮਹਾਰਾਜੇ ਵੀ ਹੁੰਦੇ ਸਨ–ਉਸਦੇ ਅੱਗੇ ਭੇਟਾ ਚੜ੍ਹਾਉਂਦੇ ਸਨ। ਪਰ 'ਮਹਾਂ ਲਾਮਾ' ਮੂੰਹੋਂ ਕਿਸੇ ਨਾਲ਼ ਨਹੀਂ ਸੀ ਬੋਲਦਾ, ਕੇਵਲ ਸਿਰਾਂ ਉਤੇ ਹੱਥ ਹੀ ਫੇਰ ਦੇਂਦਾ ਸੀ, ਜਿਸਨੂੰ ਓਹ ਲੋਕ ਕਲਜਾਨ ਹੋ ਗਈ ਸਮਝਦੇ ਸਨ।

ਚੀਨ ਦੇ ਵਿਦਵਾਨਾਂ ਦੇ ਦਿਲਾਂ ਵਿਚ ਕਈ ਮੁੱਦਤਾਂ ਤੋਂ ਏਹ ਖਿਆਲ ਚਲਿਆ ਆਉਂਦਾ ਸੀ ਕਿ 'ਮਹਾਂ ਲਾਮਾ' ਦੇ ਗੁਪਤ ਤਹਿਖਾਨਿਆਂ ਵਿਚ ਪੁਰਾਣੀਆਂ ਲਿਖਤ ਦੀਆਂ ਪੋਥੀਆਂ ਦਾ ਇਕ ਤਕੜਾ ਢੇਰ ਹੈ, ਪਰ ਓਹ ਪੁਸਤਕਾਂ ਲੋਕਾਂ ਵਿਚ ਪ੍ਰਚਲਤ ਨਹੀਂ ਕੀਤੀਆਂ ਜਾਂਦੀਆਂ। ਸੰਨ ੧੭੪੯ ਈ: ਵਿਚ ਚੀਨ ਦੇ ਸ਼ਹਿਨਸ਼ਾਹ ਨੂੰ ਓਨ੍ਹਾਂ ਪੁਰਾਣੀਆਂ ਪੁਸਤਕਾਂ ਦੇ ਦੇਖਣ ਦਾ ਸ਼ੌਕ ਉਪਜਿਆ। ਓਸ ਨੇ ਵੱਡੀ ਖੋਜ ਭਾਲ ਨਾਲ "ਕਾਊਤਸੋ" ਨਾਮੇ ਇਕ ਪੰਜਾਹ ਵਰ੍ਹੇ ਦੀ ਉਮਰ ਦੇ ਵਿਦਵਾਨ ਨੂੰ ਲੱਭਿਆ ਜੋ ਕਿ ਪੁਰਾਣੇ ਸਮੇ ਦੀਆਂ ਸਾਰੀਆਂ ਬੋਲੀਆਂ ਚੰਗੀ ਤਰਾਂ ਜਾਣਦਾ ਸੀ। "ਕਾਊਤਸੋ"

ਨੇ ਥੋੜੇ ਜੇਹੇ ਯਤਨ ਨਾਲ ਤਿੱਬਤੀ ਬੋਲੀ ਵੀ ਸਿੱਖ ਲਈ ਅਤੇ ਫੇਰ ਸ਼ਹਿਨਸ਼ਾਹ ਨੇ ਓਸਨੂੰ ਆਪਣੇ ਵੱਡੇ ਵਜ਼ੀਰ ਦੀ ਪਦਵੀ ਬਖਸ਼ਕੇ ਅਣਗਿਣਤ ਧਨ ਭੇਟਾ ਦੇ ਤੌਰ ਤੇ ਅਤੇ ਇਕ ਬਿਨੈ-ਪਤ੍ਰ ਦੇਕੇ 'ਮਹਾਂ ਲਾਮਾ' ਦੀ ਸੇਵਾ ਵਿਚ ਘੱਲਿਆ ਜਿਸ ਵਿਚ ਬੇਨਤੀ ਕੀਤੀ ਕਿ ਮੇਰੇ ਏਸ ਵੱਡੇ ਵਜ਼ੀਰ ਨੂੰ ਆਪਣੇ ਗੁਪਤ ਤਹਿਖਾਨਿਆਂ ਦੀਆਂ ਅਜੀਬ ਤੇ ਅਮੋਲਕ ਲਿਖਤ ਦੀਆਂ ਪੁਸਤਕਾਂ ਦੇਖਣ ਦੀ ਆਗਿਆ ਬਖ਼ਸ਼ ਕੇ ਧੰਨਵਾਦੀ ਬਣਾਓ।

'ਮਹਾਂ ਲਾਮਾ' ਨੇ ਵੱਡੀ ਕ੍ਰਿਪਾਲਤਾ ਨਾਲ ਸ਼ਹਿਨਸ਼ਾਹ ਦੀ ਬੇਨਤੀ ਪ੍ਰਵਾਨ ਕੀਤੀ। 'ਕਾਊਤਸੋ' ਕਈ ਹਫ਼ਤਿਆਂ ਤਕ ਪੁਰਾਣੀਆਂ ਪੁਸਤਕਾਂ ਨੂੰ ਦੇਖਦਾ, ਪੜ੍ਹਦਾ ਅਤੇ ਓਨ੍ਹਾਂ ਦੀ ਨਕਲ ਕਰਦਾ ਰਿਹਾ। ਓਹਨਾਂ ਹੀ ਵਡਮੁੱਲੀਆਂ ਤੇ ਕਠਿਨਤਾ ਨਾਲ ਮਿਲੀਆਂ ਪੁਸਤਕਾਂ ਵਿੱਚੋਂ ਦੋ ਪੁਸਤਕਾਂ ਸੰਸਕ੍ਰਿਤ ਵਿਚ ਲਿਖੀਆਂ ਹੋਈਆਂ ਮਿਲੀਆਂ, ਜਿਨ੍ਹਾਂ ਦਾ ਇਕ ਇਕ ਉਲਥਾ ਓਸ ਨੇ ਪਹਿਲਾਂ ਤਿੱਬਤੀ ਬੋਲੀ ਵਿਚ ਅਤੇ ਫੇਰ ਚੀਨੀ ਬੋਲੀ ਵਿਚ ਕੀਤਾ। ਫੇਰ ਓਸੇ ਵਰ੍ਹੇ ਅਰਥਾਤ ਸੰਨ ੧੭੪੯, ੫੦ ਈਸਵੀ ਵਿਚ ਕਿਸੇ ਪ੍ਰੇਮੀ ਨੇ ਏਸ ਦਾ ਉਲਥਾ ਅੰਗ੍ਰੇਜ਼ੀ ਵਿਚ ਕਰਕੇ ਲੰਡਨ ਦੇ ਲਾਰਡ ਚੈਸਟਰਫੀਲਡ ਦੀ ਸੇਵਾ ਵਿਚ ਭੇਟਾ ਕੀਤਾ ਅਤੇ ੧੭੫੧ ਈ: ਵਿਚ ਏਹ ਪੁਸਤਕ ਅੰਗ੍ਰੇਜ਼ੀ ਵਿਚ "ਐਕੋਨੋਮੀ ਔਫ ਹਯੂਮਨ ਲਾਈਫ਼" ਨਾਮ ਧਰਾਕੇ ਪਹਿਲੀ ਵਾਰ ਯੂਰਪ ਵਿਚ ਪ੍ਰਗਟ ਹੋਈ।

ਏਸ ਪੁਸਤਕ ਨੂੰ ਇੰਗਲੈਂਡ ਤੇ ਯੂਰਪ ਦੇ ਲੋਕਾਂ ਨੇ

ਅਜੇਹਾ ਪਸਿੰਦ ਕੀਤਾ ਕਿ ਸੰਨ ੧੯੧੨ ਤਕ ਏਹ ਕਿਤਾਬ ਪੰਜਾਹ ਵਾਰੀ ਛਪਕੇ ਹੱਥੋ ਹੱਥੋ ਵਿਕ ਗਈ । ਫ਼ਰਾਂਸ, ਇਟਲੀ, ਜਰਮਨੀ ਤੇ ਵੇਲਜ਼ ਦੀਆਂ ਜ਼ਬਾਨਾਂ ਵਿਚ ਵੀ ਏਸਦੇ ਉਲਥੇ ਛਪੇ । ਕਈ ਕਵੀਆਂ ਨੇ ਏਸ ਦੀਆਂ ਕਵਿਤਾਵਾਂ ਜੋੜੀਆਂ ਅਤੇ ਪ੍ਰਸਿੱਧ ਮੁਸੱਵਰਾਂ ਨੇ ਏਸਦੇ ਲੇਖਾਂ ਨੂੰ ਤਸਵੀਰਾਂ ਦੁਆਰਾ ਪ੍ਰਗਟ ਕੀਤਾ । ਮੂਲ ਕੀ ਏਸ ਪੁਸਤਕ ਨੂੰ ਯੂਰਪ ਦੇ ਸਿਆਣੇ ਅਤੇ ਕਦਰਦਾਨ ਲੋਕਾਂ ਨੇ ਵੱਧ ਤੋਂ ਵੱਧ ਮਾਨ ਬਖਸ਼ਕੇ ਏਸਦੇ ਬੇਮਲੂਮ ਕਰਤਾ ਦੇ ਆਤਮਾ ਨੂੰ ਪ੍ਰਸੰਨ ਕੀਤਾ। ਹਿੰਦੁਸਤਾਨ ਵਿਚ ਵੀ ਏਸ ਦੇ ਉਲਥੇ ਬੰਗਾਲੀ, ਮਰਹਟੀ, ਉਰਦੂ, ਹਿੰਦੀ ਆਦਿ ਬੋਲੀਆਂ ਵਿਚ ਹੋ ਚੁਕੇ ਹਨ । ਏਹ ਓਹੋ ਵਡਮੁੱਲੀ ਪੁਸਤਕ ਹੈ ਜੋ "ਜੀਵਨ ਜੁਗਤੀ"ਨਾਮ ਧਰਾਕੇ ਨਿਮਾਣੇ ਕਰਤਾ ਦੇ ਯਤਨ ਨਾਲ ਪੰਜਾਬੀ ਦੀ ਪੁਸ਼ਾਕ ਸਜਾਕੇ ਪੰਜਾਬ ਵਾਸੀਆਂ ਨੂੰ ਲਾਭ ਪੁਚਾਉਣ ਵਾਸਤੇ ਹਾਜ਼ਰ ਹੋਈ ਹੈ। ਭਾਵੇਂ ਏਹ ਪੁਸਤਕ ਸੈਂਕੜੇ ਵਾਰ ਅਤੇ ਬੇਅੰਤ ਬੋਲੀਆਂ ਵਿਚ ਛਪੀ ਹੈ, ਫੇਰ ਵੀ ਏਹ ਫ਼ਖ਼ਰ ਨਾਲ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਪੁਸ਼ਾਕਾ ਪਾਕੇ ਏਸਦੀ ਸੁੰਦ੍ਰਤਾ ਕਈ ਗੁਣਾਂ ਵਧ ਗਈ ਹੈ।

ਦਾਸ ਨੇ ਅਸਲ ਕਰਤਾ ਦੇ ਲੇਖ ਨੂੰ ਵਧੀਕ ਕੱਟਣ ਵੱਢਣ ਦੀ ਬੇਅਦਬੀ ਨਹੀਂ ਕੀਤੀ, ਕੇਵਲ ਕਿਤੇ ਕਿਤੇ ਲੋੜ ਅਨੁਸਾਰ ਬਹੁਤ ਥੋੜਾ ਘਾਟਾ ਵਾਧਾ ਕਰਕੇ ਮਜ਼ਮੂਨ ਨੂੰ ਪੰਜਾਬੀ ਸੁਆਦ ਵਾਲਾ ਕਰ ਦਿੱਤਾ ਹੈ ਅਤੇ ਵਾਧਾ ਏਹ ਕੀਤਾ ਹੈ ਕਿ ਹਰੇਕ ਵਿਸ਼ੇ ਦੇ ਮਜ਼ਮੂਨ ਦੇ ਨਾਲ ਕੁਝ ਆਪਣੀ ਕਵਿਤਾ ਅਤੇ ਸਿੱਖਿਆ ਦੇ ਭੰਡਾਰ ਤੇ ਨੇਕੀਆਂ ਦੇ ਜਹਾਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਕੁਝ ਪ੍ਰਮਾਣ ਦੇ

ਦਿੱਤੇ ਹਨ, ਜਿਸਨੇ ਨਿਰਸੰਦੇਹ ਸੋਨੇ ਉਤੇ ਸੁਗੰਧੀ ਦਾ ਕੰਮ ਕੀਤਾ ਹੈ ।

ਏਹ ਪੁਸਤਕ ਕਈ ਪਾਸਿਆਂ ਵਲੋਂ ਵੱਡੀ ਹੀ ਲਾਭ-ਦਾਇਕ ਅਤੇ ਮਾਨ ਯੋਗ ਹੈ । ਹਰ ਵਿਸ਼ੇ ਦਾ ਮਜ਼ਮੂਨ ਸੰਖੇਪ ਹੈ,ਇਬਾਰਤ ਸਾਦੀ ਤੇ ਆਮ ਲੋਕਾਂ ਦੀ ਸਮਝ ਵਿਚ ਆ ਜਾਣ ਵਾਲੀ ਹੈ, ਜਿਥੋਂ ਤਕ ਖਿਆਲ ਕੀਤਾ ਗਿਆ ਹੈ ਮਨੁੱਖੀ-ਜੀਵਨ ਦਾ ਕੋਈ ਅੰਗ ਜਾਂ ਵਿਸ਼ਾ ਅਜੇਹਾ ਨਹੀਂ ਜੋ ਛੱਡ ਦਿਤਾ ਗਿਆ ਹੋਵੇ। ਏਸਦੇ ਸਿਆਣੇ ਕਰਤਾ ਨੇ ਏਸਨੂੰ ਅਜੇਹੇ ਢੰਗ ਅਤੇ ਵਿਦਵਤਾ ਨਾਲ ਰਚਿਆ ਹੈ ਕਿ ਏਸ ਵਿਚ ਕਿਸੇ ਖਾਸ ਮਜ਼ਹਬ ਧਰਮ ਜਾਂ ਜੱਥੇ ਦਾ ਪੱਖ ਨਹੀਂ ਲਿਆ ਗਿਆ । ਕੁੱਲ ਸੰਸਾਰ ਦੇ ਮਨੁੱਖ ਏਸਨੂੰ ਵਡੇ ਪ੍ਰੇਮ ਨਾਲ ਪੜ੍ਹਕੇ ਏਸਤੋਂ ਲਾਭ ਲੈ ਸਕਦੇ ਹਨ। ਫੇਰ ਇਕ ਹੋਰ ਵੱਡਾ ਵਾਧਾ ਏਹ ਹੈ ਕਿ ਏਸਦਾ ਲੇਖ ਕਦੀ ਫਿਕਾ ਹੋਣ ਵਾਲਾ ਨਹੀਂ, ਏਹੋ ਕਾਰਨ ਹੈ ਕਿ ਭਾਵੇਂ ਏਸ ਪੁਸਤਕ ਨੂੰ ਬਣਿਆਂ ਕਈ ਸੌ ਵਰ੍ਹੇ ਹੋ ਗਏ ਹਨ, ਪਰ ਅਜੇ ਤਕ ਏਸਦਾ ਲੇਖ ਤਾਜ਼ਾ ਹੈ ਅਤੇ ਮੈਨੂੰ ਭਰੋਸਾ ਹੈ ਕਿ ਭਾਵੇਂ ਏਹ ਪੁਸਤਕ ਹੋਰ ਕਈ ਹਜ਼ਾਰ ਵਰ੍ਹੇ ਤਕ ਪਈ ਰਹੇ, ਫੇਰ ਵੀ ਏਸਦਾ ਮਜ਼ਮੂਨ ਤਾਜ਼ਾ ਹੀ ਰਹੇਗਾ, ਜਿਸ ਘਰ ਵਿਚ ਏਹ ਪੁਸਤਕ ਜਾਵੇਗੀ,ਓਸਦੇ ਪੋਤ੍ਰੇ ਪੜੋਤ੍ਰੇ ਨਹੀਂ ਸਗੋਂ ਓਹਨਾਂ ਦੇ ਵੀ ਪੋਤ੍ਰੇ ਪੜੋਤ੍ਰੇ ਏਸਤੋਂ ਲਾਭ ਲੈ ਸਕਣਗੇ।

ਮੈਨੂੰ ਨਿਸਚਾ ਹੈ ਕਿ ਸੱਚ ਦੇ ਖੋਜੀ ਅਤੇ ਨੇਕੀ ਦੇ ਪ੍ਰੇਮੀ ਏਸ ਪੁਸਤਕ ਨੂੰ ਆਪਣੇ ਹਿਰਦੇ ਵਿਚ ਡੂੰਘੇ ਪ੍ਰੇਮ ਦੀ ਥਾਂ ਦੇਣਗੇ ਅਤੇ ਸਮਝਦਾਰ ਤੇ ਸਿਆਣੇ ਲੋਕਾਂ ਵਿਚ ਏਹ

ਲਾਭਦਾਇਕ ਪੋਥੀ ਜ਼ਰੂਰ ਆਦਰ ਪ੍ਰਾਪਤ ਕਰੇਗੀ ਅਤੇ ਬੱਚੇ, ਬਾਲ, ਜੁਆਨ, ਬੁੱਢੇ, ਇਸਤ੍ਰੀ ਮਰਦ ਜੋ ਵੀ ਏਸਨੂੰ ਪੜ੍ਹਨਗੇ ਅਤੇ ਆਪਣੇ ਰੋਜ਼ਾਨਾ ਜੀਵਨ ਵਿਚ ਏਸਨੂੰ ਆਪਣੀ ਸਾਥਣ ਬਣਾਉਣਗੇ, ਓਹ ਜ਼ਰੂਰ ਹੀ ਬਹੁਤ ਕੁਝ ਲਾਭ ਪ੍ਰਾਪਤ ਕਰਨਗੇ ।

ਜੇਕਰ ਏਸ ਨਿਮਾਣੀ ਪੁਸਤਕ ਤੋਂ ਕਿਸੇ ਰੱਬ ਦੇ ਬੰਦੇ ਦੇ ਜੀਵਨ ਨੂੰ ਰਤਾ ਵੀ ਲਾਭ ਪਹੁੰਚੇ ਤਾਂ ਮੈਂ ਨਿਰਸੰਦੇਹ ਆਪਣੀ ਘਾਲ ਨੂੰ ਸਫ਼ਲੀ ਸਮਝਾਂਗਾ ॥

ਪੰਥ ਦਾ ਦਾਸ—

ਅੰਮ੍ਰਿਤਸਰ<br>
੧੧ ਜਨਵਰੀ ੧੯੧੪ } **ਸ. ਸ. ਚਰਨ ਸਿੰਘ**

## ਸ੍ਰਦਾਰ ਐਸ. ਐਸ ਚਰਨ ਸਿੰਘ ਜੀ 'ਸ਼ਹੀਦ'



ਅਨੇਕਾਂ ਪੁਸਤਕਾਂ ਦੇ ਰਚਨਹਾਰ
ਐਡੀਟਰ 'ਹੰਸ', ਮਾਲਕ 'ਮੌਜੀ' ਅਤੇ ਗਵਰਨਰ 'ਪੰਜਾਬੀ ਟਕਸਾਲ'
ਮਾਨਸਰੋਵਰ, ਅੰਮ੍ਰਿਤਸਰ.

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ ॥

# ਜੀਵਨ--ਜੁਗਤੀ

## ਪਹਿਲਾ ਹਿੱਸਾ

### ਬੁਨਿਆਦੀ ਗੱਲਾਂ

#### ੧—ਸੋਚ-ਵਿਚਾਰ

ਹੇ ਮਨੁੱਖ! ਤੂੰ ਆਪਣੇ ਦਿਲ ਵਿਚ ਸੋਚ ਕਿ ਤੂੰ ਕਿਸ ਵਾਸਤੇ ਪੈਦਾ ਕੀਤਾ ਗਿਆ ਹੈਂ? ਤੂੰ ਆਪਣੀਆਂ ਸ਼ਕਤੀਆਂ ਉਤੇ ਵਿਚਾਰ ਕਰ, ਤੂੰ ਆਪਣੀਆਂ ਲੋੜਾਂ ਅਤੇ ਹੋਰ ਸੰਬੰਧਾਂ ਉਤੇ ਧਿਆਨ ਦੇਹ, ਤਾਂ ਜੋ ਤੈਨੂੰ ਆਪਣੇ ਜੀਵਨ ਦੇ ਫਰਜ਼ ਮਲੂਮ ਹੋ ਜਾਣ ਅਤੇ ਤੂੰ ਆਪਣੇ ਸਾਰੇ ਕੰਮਾਂ ਵਿਚ ਉਨ੍ਹਾਂ ਦੇ ਅਨੁਸਾਰ ਸਿੱਖਿਆ ਪ੍ਰਾਪਤ ਕਰੇਂ।

ਜਦ ਤਕ ਚੰਗੀ ਤਰਾਂ ਆਪਣੇ ਦਿਲ ਵਿਚ ਸੋਚ ਨਾ ਲਵੇਂ ਤਦ ਤਕ ਨਾ ਤੂੰ ਕੁਝ ਬੋਲ ਅਤੇ ਨਾ ਕੋਈ ਕੰਮ ਕਰ। ਜੇਹੜਾ ਪੈਰ ਤੂੰ ਚੁੱਕੇਂ ਓਹ ਸੋਚ ਸਮਝ ਕੇ ਚੁੱਕ, ਏਸ ਤਰਾਂ ਬਦਨਾਮੀ ਤੇਰੇ ਤੋਂ ਦੂਰ ਰਹੇਗੀ ਅਤੇ ਸ਼ਰਮ ਤੇਰੇ ਘਰ ਦਾ

ਰਾਹ ਨਹੀਂ ਜਾਣ ਸਕੇਗੀ, ਅਫਸੋਸ ਤੇਰੇ ਨੇੜੇ ਨਹੀਂ ਢੁੱਕੇਗਾ ਅਤੇ ਚਿੰਤਾ ਤੇਰੇ ਚੇਹਰੇ ਨੂੰ ਖਰਾਬ ਨਹੀਂ ਕਰੇਗੀ।

ਬੇਸਮਝ ਆਪਣੀ ਜ਼ਬਾਨ ਨੂੰ ਲਗਾਮ ਨਹੀਂ ਦੇਂਦਾ, ਜੋ ਮੂੰਹ ਵਿਚ ਆਉਂਦਾ ਹੈ ਬਕ ਦੇਂਦਾ ਹੈ ਅਤੇ ਫੇਰ ਆਪਣੀ ਮੂਰਖਤਾ ਨਾਲ ਆਪਣੇ ਆਪ ਨੂੰ ਦੁਖ ਵਿਚ ਫਸਾ ਲੈਂਦਾ ਹੈ।

ਜੇਹੜਾ ਆਦਮੀ ਨਤੀਜੇ ਉਤੇ ਧਿਆਨ ਕੀਤੇ ਬਿਨਾ ਕੋਈ ਕੰਮ ਕਰਦਾ ਹੈ ਓਹ ਓਸ ਮੂਰਖ ਦੀ ਨਿਆਈਂ ਹੈ ਜੋ ਅੱਖਾਂ ਮੀਟਕੇ ਕੰਧ ਉਤੋਂ ਛਾਲ ਮਾਰਕੇ ਟੋਏ ਵਿਚ ਡਿੱਗ ਪੈਂਦਾ ਹੈ, ਏਸ ਵਾਸਤੇ "ਜੀਵਣ-ਜੁਗਤੀ" ਦੀ ਆਵਾਜ਼ ਨੂੰ ਕੰਨ ਲਾਕੇ ਸੁਣ! ਏਸ ਦੀਆਂ ਗੱਲਾਂ ਸਿਆਣਪ ਦੀਆਂ ਗੱਲਾਂ ਹਨ, ਏਸ ਦੀਆਂ ਪਗਡੰਡੀਆਂ ਤੈਨੂੰ ਸਲਾਮਤੀ ਤੇ ਸਚਿਆਈ ਤਕ ਪੁਚਾ ਦੇਣਗੀਆਂ।

ਬੈਂਤ:-

ਬੰਦੇ! ਸੋਚ ਕਿਉਂ ਹੋਇਆ ਹੈ ਜਨਮ ਤੇਰਾ?
ਰਤਾ ਆਪਣਾ ਆਪ ਵਿਚਾਰ ਲੈ ਤੂੰ।
ਕੀ ਹੈ ਕੰਮ ਤੇਰਾ? ਤੇਰੇ ਫਰਜ਼ ਕੀ ਹਨ?
ਏਹਨਾਂ ਵੱਲ ਗੱਲਾਂ ਝਾਤੀ ਮਾਰ ਲੈ ਤੂੰ।
ਤੋਲ ਬੋਲਣਾ, ਸੋਚਕੇ ਕੰਮ ਕਰਨਾ,
ਏਹੋ ਸਿੱਖਿਆ ਰਿਦੇ ਵਿਚ ਧਾਰ ਲੈ ਤੂੰ।
ਅੱਖਾਂ ਮੀਟ ਤੁਰਨਾ ਹੈ ਕੰਮ ਮੂਰਖਾਂ ਦਾ,
ਕਦਮ ਕਦਮ ਤੇ ਅਕਲ ਤੋਂ ਕਾਰ ਲੈ ਤੂੰ।
ਤੇਰਾ ਜਨਮ ਵਡਮੁੱਲੜਾ ਲਾਲ ਹੈ ਵੇ,
ਏਸ ਲਾਲ ਦੀ ਹੁਣੇ ਹੀ ਸਾਰ ਲੈ ਤੂੰ।

ਮਤਾਂ ਟੁੱਟ ਜਾਵੇ, ਰੋਣਾ ਪਵੇ ਪਿੱਛੋਂ,
ਕਰਕੇ ਅਕਲ ਝਬ ਇਸਨੂੰ ਸੰਭਾਰ ਲੈ ਤੂੰ।
ਰਿਦੇ ਧਾਰ ਸੁਣ ਕਥਨ ਸਿਆਣਿਆਂ ਦੇ,
ਜਨਮ ਆਪਣਾ ਅਫਲ ਨ ਹਾਰ ਲੈ ਤੂੰ।
'ਚਰਨਜਿੰਘ' ਦੱਸੇ 'ਜੀਵਣ-ਜੁਗਤ' ਤੈਨੂੰ,
ਨੇਕੀ, ਅਕਲ ਸਿਓਂ ਜੀਵਣ ਗੁਜ਼ਾਰ ਲੈ ਤੂੰ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:–

"ਭਾਈ ਰੇ! ਗੁਰਮੁਖ ਬੂਝੈ ਕੋਇ!
ਬਿਨ ਬੂਝੈ ਕਰਮ ਕਮਾਵਣੇ ਜਨਮ ਪਦਾਰਥ ਖੋਇ"

## ੨–ਨਿੰਮ੍ਰਤਾ

ਬੰਦੇ! ਤੂੰ ਕੌਣ ਹੈਂ ਜੋ ਆਪਣੀ ਅਕਲ ਉਤੇ ਐਨਾ ਆਕੜਦਾ ਹੈਂ? ਆਪਣੀਆਂ ਲਿਆਕਤਾਂ ਉਤੇ ਕਿਉਂ ਐਨਾ ਹੰਕਾਰ ਕਰਦਾ ਹੈਂ?

ਜੇ ਤੂੰ ਸਿਆਣਾ ਬਣਨਾ ਚਾਹੁੰਦਾ ਹੈਂ ਤਾਂ ਸਾਰਿਆਂ ਤੋਂ ਪਹਿਲਾਂ ਏਹ ਜਾਣ ਕਿ ਮੈਂ ਮੂਰਖ ਹਾਂ। ਜੇਕਰ ਤੂੰ ਦੂਜਿਆਂ ਦੀਆਂ ਅੱਖਾਂ ਵਿਚ ਮੂਰਖ ਨਹੀਂ ਬਣਨਾ ਚਾਹੁੰਦਾ ਤਾਂ ਆਪਣੇ ਆਪ ਵਿੱਚ ਆਪਣੇ ਆਪ ਨੂੰ ਸਿਆਣਾ ਨਾਂ ਸਮਝ! ਜਿਸ ਤਰਾਂ ਸਾਦੀ ਪੁਸ਼ਾਕ ਸੁੰਦਰ ਇਸਤ੍ਰੀ ਦੇ ਰੂਪ ਨੂੰ ਨਿਖਾਰ ਦੇਂਦੀ ਹੈ ਓਸੇ ਤਰਾਂ ਚੰਗੇ ਕੰਮ ਸਿਆਣਪ ਦਾ ਸਭ ਤੋਂ ਵੱਡਾ ਸ਼ਿੰਗਾਰ ਹਨ।

ਨਿੰਮ੍ਰ ਆਦਮੀ ਦੀ ਗੱਲ ਬਾਤ ਸਚਿਆਈ ਨੂੰ ਉੱਜਲ ਕਰਦੀ ਹੈ। ਜੇਕਰ ਓਸਦੀ ਭੁੱਲ ਵੀ ਹੋਵੇ ਤਾਂ ਓਹ ਓਸ ਦੇ

ਹੰਕਾਰ ਤੋਂ ਰਹਿਤ ਲਫਜ਼ਾਂ ਦੇ ਅੰਦਰ ਲੁਕੀ ਰਹਿੰਦੀ ਹੈ। ਓਹ ਆਪਣੀ ਅਕਲ ਉਤੇ ਪੂਰਾ ਪੂਰਾ ਭਰੋਸਾ ਨਹਾਂ ਰੱਖਦਾ, ਓਹ ਮਿੱਤ੍ਰ ਦੀ ਸਲਾਹ ਉਤੇ ਵਿਚਾਰ ਕਰਦਾ ਅਤੇ ਓਸ ਤੋਂ ਲਾਭ ਲੈਂਦਾ ਹੈ । ਜਦੋਂ ਓਸ ਦੀ ਉਪਮਾ ਕੀਤੀ ਜਾਂਦੀ ਹੈਂ ਤਾਂ ਓਸ ਦੇ ਕੰਨ ਬੋਲੇ ਹੋ ਜਾਂਦੇ ਹਨ ਅਤੇ ਓਹ ਅਪਣੀ ਉਪਮਾ ਨੂੰ ਸੱਚੀ ਨਹੀਂ ਸਮਝਦਾ। ਓਹ ਅੰਤਲੇ ਦਮ ਤਕ ਆਪਣੇ ਗੁਣਾਂ ਤੋਂ ਘਟ ਜਾਣੂ ਰਹਿੰਦਾ ਹੈ। ਜਿਸ ਤਰਾਂ ਪੜਦੇ ਨਾਲ ਸੁੰਦਰਤਾ ਦੂਣੀ ਹੋ ਜਾਂਦੀ ਹੈ,ਓਸੇ ਤਰਾਂ ਨਿੰਮ੍ਰਤਾ ਨਾਲ ਆਦਮੀ ਦੇ ਗੁਣ ਵਧੀਕ ਚਮਕਣ ਲਗ ਪੈਂਦੇ ਹਨ।

ਏਸਦੇ ਉਲਟ ਹੰਕਾਰੀ ਤੇ ਖ਼ੁਦਪਸੰਦ ਆਦਮੀ ਨੂੰ ਦੇਖੋ-ਓਹ ਸੋਹਣੇ ਸੋਹਣੇ ਕਪੜੇ ਪਾਉਂਦਾ ਹੈ ਅਤੇ ਬਜ਼ਾਰ ਵਿਚ ਆਕੜਕੇ ਤੁਰਦਾ ਹੈ, ਐਧਰ ਔਧਰ ਦੇਖਦਾ ਜਾਂਦਾ ਹੈ ਅਤੇ ਆਪਣੇ ਆਪ ਵਲ ਭੀ ਤੱਕਦਾ ਹੈ। ਓਸਦੀ ਧੌਣ ਕੁੱਕੜ ਦੀ ਧੌਣ ਵਾਂਗ ਉਤਾਹਾਂ ਹੀ ਉੱਠੀ ਰਹਿੰਦੀ ਹੈ, ਓਹ ਗਰੀਬਾਂ ਨੂੰ ਘ੍ਰਿਣਾ-ਦ੍ਰਿਸ਼ਟੀ ਨਾਲ ਦੇਖਦਾ ਹੈ ਅਤੇ ਆਪਣੇ ਨਾਲੋਂ ਛੋਟੇ ਦਰਜੇ ਦੇ ਆਦਮੀਆਂ ਨੂੰ ਵੱਡੇ ਅਭਿਮਾਨ ਨਾਲ ਧੱਕਾ ਦੇਕੇ ਪਰੇ ਕਰ ਦੇਂਦਾ ਹੈ। ਪਰ ਓਸ ਨਾਲੋਂ ਵਧੀਕ ਉੱਚੇ ਦਰਜੇ ਵਾਲੇ ਲੋਕ ਉਸਦੇ ਹੰਕਾਰ ਅਤੇ ਮੂਰਖਤਾ ਉਤੇ ਹਸਦੇ ਹਨ। ਓਹ ਦੂਜਿਆਂ ਦੀਆਂ ਗੱਲਾਂ ਦੀ ਹੱਤਕ ਕਰਦਾ ਹੈ ਅਤੇ ਆਪਣੀ ਰਾਇ ਨੂੰ ਹੀ ਸਭ ਨਾਲੋਂ ਚੰਗੀ ਸਮਝਦਾ ਹੈ ਅਰ ਇਸ ਤਰਾਂ ਬੜਾ ਸਖਤ ਧੋਖਾ ਖਾਂਦਾ ਹੈ। ਓਹ ਆਪਣੇ ਦਿਲ ਵਿਚ ਆਪਣੇਆਪ

ਨੂੰ ਬਹੁਤ ਵੱਡਾ ਸਮਝਦਾ ਹੈ ਅਤੇ ਆਪਣੀ ਉਪਮਾ ਸੁਣਕੇ ਪ੍ਰਸੰਨ ਹੁੰਦਾ ਹੈ ਤੇ ਸਾਰਾ ਦਿਨ ਆਪਣਾ ਹੀ ਟੱਟੂ ਠੇਲ੍ਹਦਾ ਰਹਿੰਦਾ ਹੈ। ਓਹ ਕੁਸ਼ਾਮਤ ਨਾਲ ਫੁੱਲਕੇ ਕੁੱਪਾ ਹੋ ਜਾਂਦਾ ਹੈ, ਪਰ ਕੁਸ਼ਾਮਤੀ ਆਦਮੀ ਓਸਨੂੰ ਉੱਲੂ ਬਣਾਕੇ ਆਪਣਾ ਢਿੱਡ ਭਰਦਾ ਹੈ।

ਬੈਂਤ:–

ਗੁਣਾਂ ਵਿਚ "ਨਿਊਂ ਚੱਲਣਾ" ਹਈ ਵੱਡਾ,
ਆਕੜ ਆਕੜਕੇ ਕਰੀਂ ਹੰਕਾਰ ਨਾਹੀਂ।
ਤੈਥੋਂ ਚੰਗੇ ਨੇ ਲੱਖ ਹਜ਼ਾਰ ਬੈਠੇ,
"ਮੇਰੇ ਜਿਹਾ ਨਾਂ ਕੋ" ਗੱਪਾਂ ਮਾਰ ਨਾਹੀਂ।
ਮਿੱਠਾ ਬੋਲ, ਕਰ ਨਿੰਮ੍ਰਤਾ ਸਭਸ ਅੱਗੇ,
ਕਦੇ ਬਣੀ ਹੰਕਾਰ ਦਾ ਯਾਰ ਨਾਹੀਂ।
ਨੇਕੀ ਕਰੀਂ, ਐਪਰ ਕਰਕੇ ਭੁੱਲ ਜਾਵੀਂ,
ਚੁੱਕੀਂ ਸਿਰੇ ਤੇ ਹਉਮੈ ਦਾ ਭਾਰ ਨਾਹੀਂ।
ਹਉਮੈ ਰੋਗ ਦੀਰਘ ਇਸਨੂੰ ਪਰੇ ਸੁੱਟੀਂ,
ਐਪਰ ਨਿੰਮ੍ਰਤਾ ਨੂੰ ਕੱਢੀਂ ਬਾਹਰ ਨਾਹੀਂ।
ਕੁੱਕੜ ਵਾਂਗ ਉੱਚੀ ਰਖਦੇ ਧੌਣ ਮੂਰਖ,
ਪਾਪੀ ਸਭਸ ਨੂੰ ਕਰਦੇ ਪਿਆਰ ਨਾਹੀਂ।
ਐਪਰ ਗੁਣੀ ਸਿਆਣੇ ਸਦਾ ਨੀਊਂਦੇ ਨੇ,
ਜਣੇ ਖਣੇ ਦੀ ਲੈਂਦੇ ਧਿਰਕਾਰ ਨਾਹੀਂ।
"ਚਰਨ" ਵਾਂਗ ਨੀਵੇਂ, ਪੂਜਣ ਲੋਕ ਉਸ ਨੂੰ,
ਆਕੜ ਵਾਲੇ ਦਾ ਕਿਤੇ ਸਤਕਾਰ ਨਾਹੀਂ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:–

(੧) ਸੁਖੀ ਬਸੈ ਮਸਕੀਨੀਆ ਆਪ ਨਿਵਾਰ ਤਲੇ ।
ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ ।

(੨) ਕਰਿ ਕਿਰਪਾ ਜਿਸਕੇ ਹਿਰਦੈ ਗਰੀਬੀ ਬਸਾਵੈ ।
ਨਾਨਕ ਈਹਾ ਮੁਕਤਿ ਆਗੈ ਸੁਖ ਪਾਵੈ ।

(੩) ਆਪਸ ਕਉ ਜੋ ਜਾਣੈ ਨੀਚਾ । ਸੋਊ ਗਨੀਐ ਸਭ ਤੇ ਊਚਾ । ਜਾਕਾ ਮਨੁ ਹੋਇ ਸਗਲ ਕੀ ਰੀਨਾ ਹਰਿ ਹਰਿ ਨਾਮ ਤਿਨਿ ਘਟਿ ਘਟਿ ਚੀਨਾ ।

(੪) ਸਭ ਕੀ ਰੇਨ ਹੋਇ ਰਹੈ ਮਨੂਆ ।
ਸਗਲੇ ਦੀਸਹਿ ਮੀਤ ਪਿਆਰੇ ।

(੫) ਜੇ ਲੋੜਹਿ ਚੰਗਾ ਆਪਣਾ ਕਰ ਪੁੰਨਹੁ ਨੀਚ ਸਦਾਈਐ।

(੬) ਮਨ ਤੂੰ ਮਤ ਮਾਣ ਕਰਹਿ ਜੇ ਹਉ ਕਿਛ ਜਾਣਦਾ, ਗੁਰਮੁਖ ਨਿਮਾਣਾ ਹੋਇ ।

(੭) ਧਰ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ।

(੮) ਹੋਹੁ ਰੇਣ ਤੂੰ ਸਗਲ ਕੀ ਮੇਰੇ ਮਨ
ਤਉ ਆਨੰਦ ਮੰਗਲ ਸੁਖ ਪਾਈਐ ।

## ੩–ਮੇਹਨਤ

ਹੇ ਮਨੁੱਖ ! ਜੇਹੜਾ ਵੇਲਾ ਬੀਤ ਗਿਆ ਹੈ ਓਹ ਫੇਰ ਕਦੇ ਨਹੀਂ ਆਵੇਗਾ ਅਤੇ ਜੋ ਆਉਣ ਵਾਲਾ ਵੇਲਾ ਹੈ ਸ਼ੈਦ ਓਹ ਨਾਂ ਹੀ ਆਵੇ ("ਮਤ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ" ਗੁਰਵਾਕ) ਏਸ ਵਾਸਤੇ ਤੇਰੇ ਲਈ ਜ਼ਰੂਰੀ ਹੈ ਕਿ ਤੂੰ ਹੁਣ ਦੇ ਸਮੇਂ ਤੋਂ ਹੀ ਲਾਭ ਲਵੇਂ। ਬੀਤ ਚੁੱਕੇ ਦਾ ਗ਼ਮ ਨਾਂ ਕਰ ਅਤੇ ਆਉਣ ਵਾਲੇ ਨੂੰ ਯਾਦ ਕਰਕੇ ਫੁੱਲ

ਨਾਂ। ਏਹ ਘੜੀ ਤੇਰੀ ਹੈ, ਅਗਲੀ ਘੜੀ ਭਵਿੱਖਤ ਦੀ ਹੈ, ਤੈਨੂੰ ਕੀ ਪਤਾ ਹੈ ਕਿ ਓਹ ਤੇਰੇ ਵਾਸਤੇ ਕੀ ਲਿਆਵੇਗੀ ?

ਜੋ ਕੁਝ ਤੂੰ ਕਰਨਾ ਚਾਹੁੰਦਾ ਹੈਂ ਓਹ ਝਟ ਪਟ ਕਰ ਲੈ, ਜੇਹੜਾ ਕੰਮ ਸਵੇਰੇ ਹੋ ਸਕਦਾ ਹੈ ਓਸ ਨੂੰ ਸੰਧਜਾ ਤੇ ਨਾ ਸੁੱਟ। ਵੇਹਲੇ ਰਹਿਣ ਦੀ ਵਾਦੀ ਦੁੱਖੀ ਤੇ ਤੰਗੀ ਦੀ ਮਾਂ ਹੈ, ਪਰ ਈਮਾਨਦਾਰੀ ਦੀ ਮੇਹਨਤ ਨਾਲ ਖੁਸ਼ੀ ਪ੍ਰਾਪਤ ਹੁੰਦੀ ਹੈ।

ਮੇਹਨਤ ਤੋਂ ਕੰਗਾਲੀ ਦੂਰ ਨੱਸਦੀ ਹੈ। ਸਫਲਤਾ ਅਤੇ ਵਡਿਆਈ ਮੇਹਨਤੀ ਆਦਮੀ ਦੀਆਂ ਟਹਿਲਣਾਂ ਹਨ।

ਦੌਲਤ, ਦਰਜਾ, ਇੱਜ਼ਤ, ਤਾਕਤ, ਨੇਕਨਾਮੀ ਅਤੇ ਪਾਤਸ਼ਾਹ ਦੀ ਸੰਗਤ ਕਿਸਨੂੰ ਨਸੀਬ ਹੁੰਦੀ ਹੈ ? ਜੋ ਸੁਸਤੀ ਨੂੰ ਆਪਣੇ ਪਾਸ ਨਹੀਂ ਆਉਣ ਦੇਂਦਾ ਅਤੇ ਉਸਨੂੰ ਆਖਦਾ ਹੈ ਕਿ "ਤੂੰ ਮੇਰੀ ਵੈਰਨ ਹੈਂ"।

ਓਹ ਤੜਕੇ ਹੀ ਉਠ ਖਲੋਂਦਾ ਹੈ ਅਤੇ ਰਾਤ ਨੂੰ ਚਿਰਾਕਾ ਸੌਂਦਾ ਹੈ। ਓਹ ਦਿਲ ਵਿਚ ਕੋਈ ਗੱਲ ਸੋਚਦਾ ਹੈ ਅਤੇ ਫੇਰ ਝਟ ਉਸਤੇ ਅਮਲ ਕਰਨ ਲਗ ਪੈਂਦਾ ਹੈ ਅਤੇ ਇਸ ਪ੍ਰਕਾਰ ਆਪਣੀ ਅਕਲ ਤੇ ਸਰੀਰ ਦੀ ਤਾਕਤ ਨੂੰ ਥਿਰ ਰਖਦਾ ਹੈ।

ਸੁਸਤ ਆਦਮੀ ਆਪਣੇ ਵਾਸਤੇ ਆਪ ਹੀ ਭਾਰੂ ਹੈ। ਓਸਦਾ ਵਕਤ ਸੁਖਾਲਾ ਨਹੀਂ ਬੀਤਦਾ, ਓਹ ਵਿਹਲਾ ਐਧਰ ਔਧਰ ਬੌਂਤਰਾਂ ਵਾਂਗ ਪਿਆ ਭੌਂਦਾ ਹੈ, ਪਰ ਏਹ ਨਹੀਂ ਜਾਣਦਾ ਕਿ ਕੀ ਕਰਾਂ ? ਓਸਦੇ ਦਿਨ ਬੱਦਲ ਦੇ ਪਰਛਾਵੇਂ ਵਾਂਗ ਬੀਤ ਜਾਂਦੇ ਹਨ, ਓਹ ਆਪਣੇ ਪਿਛੇ ਕੋਈ ਯਾਦਗਾਰ ਛੱਡਕੇ ਨਹੀਂ ਮਰਦਾ।

ਕਸਰਤ ਨਾ ਕਰਨ ਕਰਕੇ ਓਹ ਬਾਹਲਾ ਰੋਗੀ ਰਹਿੰਦਾ ਹੈ। ਜੇ ਕੋਈ ਕੰਮ ਕਰਨਾ ਹੋਵੇ ਤਾਂ ਤਾਕਤ ਨਾਂ ਹੋਣ ਦੇ ਕਾਰਨ ਨਹੀਂ ਕਰ ਸਕਦਾ, ਓਸ ਦੀ ਅਕਲ ਉੱਤੇ ਪੜਦਾ ਪੈ ਜਾਂਦਾ ਹੇ ਅਤੇ ਓਸ ਦੇ ਖ਼ਿਆਲ ਖਿੱਲਰੇ ਰਹਿੰਦੇ ਹਨ। ਓਹ ਵਿੱਦਜਾ ਪ੍ਰਾਪਤ ਕਰਨ ਦੀ ਇੱਛਾ ਕਰਦਾ ਹੈ, ਪਰ ਹਿੰਮਤ ਨਹੀਂ ਹੁੰਦੀ। ਓਹ ਬਦਾਮ ਖਾਣ ਦਾ ਤਾਂ ਚਾਹ-ਵਾਨ ਹੈ,ਪਰ ਛਿੱਲੜ ਨੂੰ ਤੋੜਕੇ ਗਿਰੀਆਂ ਕੱਢਣ ਦੀ ਖੇਚਲ ਨਹੀਂ ਕਰਨੀ ਚਾਹੁੰਦਾ।

ਓਸਦ ਘਰ ਦਾ ਪ੍ਰਬੰਧ ਠੀਕ ਨਹੀਂ ਹੈ, ਓਸ ਦੇ ਨੌਕਰ ਉਡਾਊ ਅਤੇ ਬਦਮਾਸ਼ ਹਨ, ਓਹ ਤਬਾਹੀ ਦੀ ਖੱਡ ਵਲ ਪੈਰ ਮਾਰਦਾ ਚਲਿਆ ਜਾਂਦਾ ਹੈ, ਓਹ ਆਪਣੀਆਂ ਅੱਖਾਂ ਨਾਲ ਦੇਖਦਾ ਅਤੇ ਕੰਨਾਂ ਨਾਲ ਸੁਣਦਾ ਹੈ, ਦਿਲ ਵਿਚ ਕੁੜ੍ਹਦਾ ਹੈ ਅਤੇ ਏਸ ਦੁੱਖ ਤੋਂ ਬਚਣ ਦੀ ਅਭਿਲਾਖਾ ਕਰਦਾ ਹੈ, ਪਰ ਹਿੰਮਤ ਕਿਸਦੀ ਲਿਆਵੇ ? ਅੰਤ ਤਬਾਹੀ ਓਸ ਨੂੰ ਵਾ ਵਰੋਲੇ ਵਾਂਗ ਆ ਘੇਰਦੀ ਹੈ ਅਤੇ ਬਦਨਾਮੀ ਤੇ ਸ਼ਰਮਿੰਦਗੀ ਓਸ ਨੂੰ ਮੜ੍ਹੀਆਂ ਵਿਚ ਲੈ ਜਾਂਦੀ ਹੈ।

ਬੈਂਤ:–

ਮੇਹਨਤ ਨਾਲ ਕੰਗਾਲ ਧਨਵਾਨ ਬਣਦੇ,  
ਤੇ ਫ਼ਕੀਰ ਬਣ ਜਾਂਵਦੇ ਸ਼ਾਹ ਇਕ ਦਮ।  
ਮੇਹਨਤ ਨਾਲ ਤੰਦਰੁਸਤ ਹੈ ਜਿਸਮ ਰਹਿੰਦਾ,  
ਮੇਹਨਤ ਪੂਰਦੀ ਹੈ ਹਰ ਇਕ ਚਾਹ ਇਕ ਦਮ।  
ਮੇਹਨਤ ਨਾਲ ਅਨਾਜ ਦਾ ਇਕ ਦਾਣਾ,  
ਲੱਖ ਹਜ਼ਾਰ ਬਣਦਾ, ਵਾਹ ਵਾਹ ਇਕ ਦਮ।

ਐਪਰ ਸੁਸਤੀ ਦੇ ਨਾਲ ਕੰਗਾਲਤਾ ਤੇ,
ਦੁੱਖਾਂ ਵਾਲੜਾ ਪੈਂਦਾ ਆ ਫਾਹ ਇਕ ਦਮ।
ਮੇਹਨਤ ਕਰਨ ਵਾਲੇ ਰਿਸ਼ਟ ਪੁਸ਼ਟ ਹੁੰਦੇ,
ਐਪਰ ਸੁਸਤ ਹਨ ਰੋਗ ਦੀ ਖਾਨ ਬਣਦੇ।
ਦੌਲਤ ਪੂਜਦੀ "ਚਰਨ" ਹੈ ਮੇਹਨਤੀ ਦੇ,
ਸੁਸਤ, ਮੇਹਨਤੀ ਦੇ ਨੌਕਰ ਆਨ ਬਣਦੇ।
ਮੇਹਨਤ ਵਾਲੇ ਨੂੰ ਕੋਈ ਵਿਕਾਰ ਨਾਹੀਂ,
ਅਤੇ ਸੁਸਤ ਹਨ ਐਬਾਂ ਦੀ ਖਾਨ ਬਣਦੇ।
ਚਾਰੋਂ ਓਰ ਹੁੰਦੀ ਉਪਮਾ ਮੇਹਨਤੀ ਦੀ,
ਅਤੇ ਸੁਸਤ ਹਨ ਰੂਪ ਅਪਮਾਨ ਬਣਦੇ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:-

੧. ਘਾਲ ਖਾਇ ਕਿਛ ਹਥਹੁ ਦੇਇ।
ਨਾਨਕ ਰਾਹੁ ਪਛਾਣੈ ਸੇਇ॥

੨. ਉਦਮ ਕਰੇਦਿਆ ਜੀਉ ਤੂੰ ਕਮਾਵਦਿਆ ਸੁਖਭੁੰਚ।
ਧਿਆਇਦਿਆ ਤੂੰ ਪ੍ਰਭੂ ਮਿਲ ਨਾਨਕ ਉਤਰੀ ਚਿੰਤ।

ਲੌਕਕ ਪ੍ਰਮਾਣ:-

੧. ਕਰ ਮਜੂਰੀ ਤੇ ਖਾਹ ਚੂਰੀ॥
੨. ਕਰ ਕਾਰ ਨਕਾਰਾ ਨਾ ਥੀਵੇਂ॥

## ੪—ਰੀਸ

ਜੇਕਰ ਤੂੰ ਉੱਚਾ ਦਰਜਾ ਪ੍ਰਾਪਤ ਕਰਨ ਦਾ ਚਾਹਵਾਨ ਹੈਂ ਅਤੇ ਜੇਕਰ ਤੇਰੇ ਕੰਨ ਆਪਣੀ ਉਪਮਾ ਸੁਣਨ ਦੇ ਅਭਿਲਾਖੀ ਹਨ, ਤਾਂ ਤੂੰ ਆਪਣੇ ਆਪ ਨੂੰ ਓਸ ਮਿੱਟੀ ਤੋਂ ਉੱਚਾ ਕਰ ਜਿਸ ਦਾ ਕਿ ਤੂੰ ਬਣਿਆ ਹੋਇਆ ਹੈਂ ਅਤੇ

ਆਪਣੇ ਵਾਸਤੇ ਕੋਈ ਉੱਚਾ ਮਨਤੱਵ ਜਾਂ ਆਦਰਸ਼ ਨੀਯਤ ਕਰ ਲੈ। ਸ਼ਾਹ ਬਲੂਤ-ਜਿਸ ਦੀਆਂ ਟਾਹਣੀਆਂ ਅਕਾਸ਼ ਨਾਲ ਘੁਰ ਘੁਰ ਗਲਾਂ ਕਰਦੀਆਂ ਮਲੂਮ ਹੁੰਦੀਆਂ ਹਨ-ਇਕ ਨਿਕੇ ਜੇਹੇ ਬੀ ਤੋਂ ਉੱਗਦਾ ਹੈ ਜੋ ਧਰਤੀ ਦੇ ਅੰਦਰ ਗੱਡਿਆ ਜਾਂਦਾ ਹੈ।ਭਾਵੇਂ ਤੇਰਾ ਕੋਈ ਵੀ ਪੇਸ਼ਾ ਹੋਵੇ ਤੂੰ ਓਸਦੇ ਵਿਚ ਕਮਾਲ ਹਾਸਲ ਕਰਕੇ ਸਭ ਤੋਂ ਵਧ ਜਾਣ ਦਾ ਯਤਨ ਕਰ ਅਤੇ ਨਾ ਹੀ ਨੇਕੀ ਤੇ ਭਲਮਣਸਊ ਵਿਚ ਕਿਸੇ ਨੂੰ ਆਪਣੇ ਨਾਲੋਂ ਵਧਣ ਦੇਹ। ਪਰ ਨਾਲ ਹੀ ਤੇਰੇ ਵਾਸਤੇ ਵਾਜਬ ਨਹੀਂ ਕਿ ਤੂੰ ਦੂਜਿਆਂ ਦੀਆਂ ਚੰਗਿਆਈਆਂ ਉਤੇ ਸੜੇਂ, ਸਗੋਂ ਤੂੰ ਆਪਣੀਆਂ ਲਿਆਕਤਾਂ ਵਧਾਉਣ ਦਾ ਯਤਨ ਕਰ।

ਆਪਣੇ ਕੰਮ-ਸ਼ਰੀਕ ਨੂੰ ਅਯੋਗ ਤ੍ਰੀਕੇ ਅਤੇ ਮਾੜੀਆਂ ਗੱਲਾਂ ਨਾਲ ਬੇਹੌਸਲਾ ਨਾ ਕਰ, ਸਗੋਂ ਤੂੰ ਆਪਣੀ ਹਿੰਮਤ ਨਾਲ ਓਹਦੇ ਨਾਲੋਂ ਵਧ ਜਾਣ ਦਾ ਯਤਨ ਕਰ ਜਿਸ ਕਰਕੇ ਤੂੰ ਜੇ ਦੌਲਤ ਵਿਚ ਓਹਦੇ ਨਾਲੋਂ ਨਾ ਵੀ ਵਧ ਸਕੇਂ ਤਾਂ ਵੀ ਆਦਮੀਆਂ ਵਿਚ ਤੇਰੀ ਇੱਜ਼ਤ ਵਧ ਜਾਵੇ। ਨੇਕ ਤ੍ਰੀਕੇ ਨਾਲ ਰੀਸ ਕਰਨ ਪਰ ਵੀ ਹਿੰਮਤ ਵਧ ਜਾਂਦੀ ਹੈ,ਓਹ ਮਸ਼ਹੂਰੀ ਵਾਸਤੇ ਤੜਫਦਾ ਹੈ ਅਤੇ ਦੌੜ ਵਿਚ ਦੌੜਨ ਵਾਲੇ ਵਾਂਗ ਖਿੜਿਆ ਰਹਿੰਦਾ ਹੈ, ਓਹ ਰੋਕਾਂ ਦੇ ਹੁੰਦਿਆਂ ਵੀ ਤਾੜਦੇ ਬ੍ਰਿਛ ਵਾਂਗ ਵਧਦਾ ਹੈ, ਓਹ ਉਕਾਬ ਵਾਂਗ ਅਸਮਾਨ ਉਤੇ ਉਡਦਾ ਹੈ ਅਤੇ ਸੂਰਜ ਦੇ ਤੇਜ ਪ੍ਰਤਾਪ ਵਲ ਧਿਆਨ ਰੱਖਦਾ ਹੈ। ਵਡੇ ੨ ਆਦਮੀਆਂ ਦੇ ਨਮੂਨੇ ਰਾਤ ਨੂੰ ਸੁਪਨਾ ਬਣਕੇ ਓਸ ਦੇ ਸਾਮਣੇ ਆਉਂਦੇ ਹਨ ਅਤੇ ਦਿਨੇ ਉਠਕੇ ਓਹ

ਹਨਾਂ ਦੇ ਪੂਰਨਿਆਂ ਉਤੇ ਤੁਰ ਕੇ ਪ੍ਰਸੰਨ ਹੁੰਦਾ ਹੈ।

ਪਰ ਈਰਖੀ ਦਾ ਦਿਲ ਜ਼ਹਿਰ ਅਤੇ ਵੈਰ ਨਾਲ ਭਰਿਆ ਹੁੰਦਾ ਹੈ, ਉਸਦੀ ਜੀਭ ਜ਼ਹਿਰ ਤੋਂ ਬਿਨਾਂ ਕੁਝ ਨਹੀਂ ਕੱਢਦੀ, ਉਸਦੇ ਗੁਆਂਢੀ ਦੀ ਵਡਿਆਈ ਉਸਦੀ ਬੇਚੈਨੀ ਦਾ ਕਾਰਨ ਬਣਦੀ ਹੈ, ਓਹ ਆਪਣੀ ਕੋਠੜੀ ਦੇ ਅੰਦਰ ਪਿਆ ਸੜਦਾ ਹੈ, ਦੂਜਿਆਂ ਦੀ ਨੇਕੀ ਉਸਦੇ ਭਾਣੇ ਬਦੀ ਹੈ, ਘ੍ਰਿਣਾ ਤੇ ਵੈਰ ਓਸਦੇ ਦਿਲ ਨੂੰ ਆਪਣਾ ਘਰ ਬਣਾ ਲੈਂਦੇ ਹਨ ਅਤੇ ਓਸਨੂੰ ਕਿਸੇ ਪਾਸੇ ਵੀ ਚੈਨ ਨਹੀਂ ਲੈਣ ਦੇਂਦੇ। ਉਸਦਾ ਕਲੇਜਾ ਨੇਕੀ ਦੇ ਪਿਆਰ ਤੋਂ ਦੂਰ ਹੈ, ਇਸ ਵਾਸਤੇ ਓਹ ਆਪਣੇ ਗੁਆਂਢੀ ਨੂੰ ਵੀ ਆਪਣੇ ਵਰਗਾ ਹੀ ਸਮਝਦਾ ਹੈ। ਜੇਹੜੇ ਲੋਕ ਓਹਦੇ ਪਾਸੋਂ ਵਧ ਜਾਂਦੇ ਹਨ ਓਹ ਓਨ੍ਹਾਂ ਦੀ ਬਦਨਾਮੀ ਕਰਦਾ ਹੈ ਅਤੇ ਜੇਹੜਾ ਕੰਮ ਓਹ ਕਰਦੇ ਹਨ ਓਹਦੇ ਵਿਚੋਂ ਓਹ ਭੈੜਾ ਅਰਥ ਹੀ ਕੱਢਦਾ ਹੈ।

ਓਹ ਹਰ ਵੇਲੇ ਸ਼ਹਿ ਮਾਰਕੇ ਬੈਠਾ ਰਹਿੰਦਾ ਹੈ ਅਤੇ ਕੋਈ ਨਾਂ ਕੋਈ ਸ਼ਰਾਰਤ ਸੋਚਦਾ ਰਹਿੰਦਾ ਹੈ। ਪਰ ਲੋਕ ਓਹਦੇ ਪਾਸੋਂ ਘ੍ਰਿਣਾ ਕਰਦੇ ਹਨ ਅਤੇ ਮੱਕੜੀ ਵਾਂਗ ਓਹ ਆਪਣੇ ਜਾਲੇ ਦੇ ਅੰਦਰ ਆਪ ਹੀ ਫਸਕੇ ਮਰ ਜਾਂਦਾ ਹੈ।

ਬੈਂਤ:-

ਚੰਗੀ 'ਰੀਸ' ਹੈ ਕਰਨੀ ਸਿਆਣਿਆਂ ਦੀ,
ਐਪਰ ਈਰਖਾ ਤੋਂ ਬਚੀਂ ਪਿਆਰਿਆ ਓ!
'ਰੀਸ' ਕਰਨ ਵਾਲਾ ਆਖ਼ਰ ਬਣੇ ਉੱਚਾ,
'ਰੀਸ' ਕਈਆਂ ਦਾ ਕਾਜ ਸਵਾਰਿਆ ਓ।

ਔਗਣ ਛੱਡ ਤੇ ਗੁਣਾਂ ਦੀ ਰੀਸ ਕਰ ਤੂੰ,
ਤੇਰਾ ਜਨਮ ਨਾਂ ਜਾਏ ਏਹ ਹਾਰਿਆ ਓ।
ਨਾਲ ਈਰਖਾ ਬੇੜਾ ਹੈ ਗਰਕ ਹੁੰਦਾ,
ਐਪਰ ਰੀਸ ਨੇ ਕਈਆਂ ਨੂੰ ਤਾਰਿਆ ਓ।
ਤਪਤ ਹਿਰਦਾ ਅਸ਼ਾਂਤ, ਬੇਚੈਨ ਰਹਿੰਦਾ,
ਜਿਸਦੇ ਰਿਦੇ ਨੂੰ 'ਈਰਖਾ' ਸਾੜਿਆ ਓ।
ਰੀਸ ਕਰਨ ਵਾਲਾ ਉੱਚਾ ਚੜ੍ਹੀ ਜਾਂਦਾ,
ਰਹੇ ਈਰਖੀ ਈਰਖਾ ਮਾਰਿਆ ਓ।
ਬੁਰਾ ਲੋਕ ਆਖਣ ਸਾਰੇ ਈਰਖੀ ਨੂੰ,
ਦੋਹਾਂ ਲੋਕਾਂ ਵਿਚ ਜਾਏ ਦੁਰਕਾਰਿਆ ਓ।
ਜਾਚ ਰੀਸ ਦੀ ਸਿਖ ਲੈ "ਚਰਨ" ਪਾਸੋਂ,
ਕਰਕੇ ਰੀਸ ਜਿਸ ਕਈਆਂ ਨੂੰ ਤਾਰਿਆ ਓ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:-

੧. ਜਿਤੁ ਮਾਰਗ ਚਲੇ ਸੁਭਾਈਅੜਾ ਸੋ ਕਾਰ ਕਰਾਵਹੁ॥
੨. ਜੇ ਗੁਣ ਹੋਵਣ ਸਾਜਨਾ ਮਿਲ ਸਾਂਝ ਕਰੀਜੈ॥
ਸਾਂਝ ਕਰੀਜੈ ਗੁਣਾ ਕੇਰੀ ਛੋਡ ਅਵਗੁਣ ਚਲੀਐ॥

## ੫—ਦੂਰ ਦੀ ਸੋਝੀ

ਸਿਆਣਪ ਦੀਆਂ ਗੱਲਾਂ ਦਿਲ ਲਾਕੇ ਸੁਣ, ਏਸ ਦੀਆਂ ਸਿੱਖਜਾਂ ਵਲ ਧਿਆਨ ਕਰ ਅਤੇ ਏਸ ਦੀਆਂ ਨਸੀਹਤਾਂ ਦਿਲ ਦੇ ਅੰਦਰ ਰੱਖ, ਏਸ ਦੇ ਕਥਨ ਆਲਮਗੀਰ ਹਨ ਅਤੇ ਸਾਰੀਆਂ ਨੇਕੀਆਂ ਓਸਦੀਆਂ ਭਿਖਾਰਨਾਂ ਹਨ, ਓਹ ਆਦਮੀ ਦੇ ਜੀਵਨ ਦੀ ਆਗੂ ਅਤੇ ਮਾਲਕ ਹੈ।

ਆਪਣੀ ਜੀਭ ਨੂੰ ਸੰਭਾਲ ਅਤੇ ਆਪਣੇ ਬੁੱਲਾਂ ਨੂੰ ਸੀਊਂ, ਅਜਿਹਾ ਨਾਂ ਹੋਵੇ ਕਿ ਤੇਰੀ ਜ਼ਬਾਨ ਵਿਚੋਂ ਹੀ ਤੇਰੇ ਦਿਲੀ ਸੁਖ ਨੂੰ ਉਜਾੜਨ ਵਾਲੇ ਲਫ਼ਜ਼ ਨਿਕਲ ਪੈਣ। ਲੰਙੇ ਨੂੰ ਮਖੌਲ ਨਾ ਕਰ, ਅਜਿਹਾ ਨਾਂ ਹੋਵੇ ਕਿ ਤੂੰ ਆਪ ਹੀ ਲੰਙਾ ਹੋ ਜਾਵੇਂ। ਜੇਹੜਾ ਆਦਮੀ ਦੂਜਿਆਂ ਦੀਆਂ ਕਮਜ਼ੋਰੀਆਂ ਦਾ ਖੁਸ਼ੀਨਾਲ ਜ਼ਿਕਰ ਕਰਦਾਹੈ ਓਹ ਆਪਣੇ ਪਾਪਾਂ ਦਾ ਦੁਖਦਾਈ ਜ਼ਿਕਰ ਜ਼ਰੂਰ ਦੂਜਿਆਂ ਦੇ ਮੂੰਹੋਂ ਸੁਣੇਗਾ।

ਬਹੁਤ ਬੋਲਣ ਨਾਲ ਸ਼ਰਮਿੰਦਗੀ ਹੁੰਦੀ ਹੈ, ਇਸ ਵਾਸਤੇ ਚੁਪ ਕਰ ਰਹਿਣਾ ਚੰਗਾ ਹੈ। ਬਹੁਤਾ ਬੋਲਣ ਵਾਲਾ ਆਦਮੀ ਸਮਾਗਮ ਦੇ ਸੁਆਦ ਨੂੰ ਖੱਟਾ ਕਰ ਦੇਂਦਾ ਹੈ। ਕੰਨ ਓਸਦੀ ਬਕਵਾਸ ਤੋਂ ਤੰਗ ਆ ਜਾਂਦੇ ਹਨ, ਓਸ ਦੀਆਂ ਗਲਾਂ ਦਾ ਹੜ੍ਹ ਸਾਰੇ ਸੁਆਦ ਨੂੰ ਬੇਸੁਆਦ ਕਰ ਦੇਂਦਾ ਹੈ।

ਸ਼ੇਖੀ ਕਦੀ ਨਾਂ ਮਾਰ, ਨਹੀਂ ਤਾਂ ਲੋਕ ਤੇਰਾ ਅਪਮਾਨ ਕਰਨਗੇ, ਅਤੇ ਨਾਂ ਹੀ ਦੂਜਿਆਂ ਦੀ ਹੱਤਕ ਕਰ, ਕਿਉਂਕਿ ਏਹ ਡਰ ਤੋਂ ਖਾਲੀ ਨਹੀਂ ਹੈ।

ਚਿੜਚਿੜਾ ਸੁਭਾ ਮਿੱਤ੍ਰਤਾ ਦਾ ਵੈਰੀ ਹੈ ਅਤੇ ਜਿਸ ਆਦਮੀ ਨੂੰ ਆਪਣੀ ਜੀਭ ਉਤੇ ਕਾਬੂ ਨਹੀਂ ਹੈ, ਓਹ ਚਿੰਤਾ ਅਤੇ ਫਿਕਰਾਂ ਵਿਚ ਗ੍ਰਸਿਆ ਰਹਿੰਦਾ ਹੈ।

ਆਪਣੀ ਹੈਸੀਅਤ ਦੇ ਅਨੁਸਾਰ ਸਮਿਆਨ ਕੱਠਾ ਕਰ, ਆਪਣੀ ਚੱਦਰ ਨਾਲੋਂ ਵਧਕੇ ਪੈਰ ਨਾਂ ਮਾਰ, ਤਾਂ ਜੋ ਜੁਆਨੀ ਦੀ ਬੱਚਤ ਬੁਢੇਪੇ ਦੇ ਸੁੱਖਾਂ ਦਾ ਕਾਰਨ ਹੋਵੇ, ਲੋਭ ਪਾਪਾਂ ਦਾ ਮੂਲ ਹੈ, ਪਰ ਬੱਚਤ ਕਰਨੀ ਨੇਕੀਆਂ ਦੀ ਸਭ ਤੋਂ ਵੱਡੀ ਰਾਖੀ ਹੈ।

ਆਪਣੇ ਕੰਮ ਨਾਲ ਕੰਮ ਰੱਖ, ਦੇਸ ਅਤੇ ਕੌਮ ਦੇ ਝਗੜੇ ਆਗੂਆਂ ਨੂੰ ਸੌਂਪ ਦੇਹ, ਬਹੁਤੇ ਖਰਚ ਨਾਲ ਸੁਖ ਪ੍ਰਾਪਤ ਨਾਂ ਕਰ, ਤਾਂ ਜੋ ਓਹਨਾਂ ਦੇ ਪ੍ਰਬੰਧ ਨਾਲ ਐਨੀ ਤਕਲੀਫ ਨਾਂ ਵਧ ਜਾਵੇ ਜੋ ਤੈਨੂੰ ਓਹਨਾਂ ਦੇ ਆਨੰਦ ਦੀ ਖੁਸ਼ੀ ਤੋਂ ਵਾਂਜ ਦੇਵੇ।

ਮਾਨ ਪ੍ਰਾਪਤ ਕਰਕੇ ਅੰਨ੍ਹਾਂ ਨਾ ਬਣ ਅਤੇ ਧਨ ਪੱਲੇ ਹੋਣ ਵੇਲੇ ਸਰਫੇ ਨੂੰ ਸਦਾ ਸਾਮ੍ਹਣੇ ਰਖ। ਜੋ ਆਦਮੀ ਫਜ਼ੂਲੀਆਂ ਵਿਚ ਲਗਾ ਰਹਿੰਦਾ ਹੈ, ਓਹ ਇਕ ਦਿਨ ਆਪਣੀਆਂ ਲੋੜਾਂ ਦੇ ਘਾਟੇ ਪਰ ਵੀ ਜ਼ਰੂਰ ਹੋਵੇਗਾ।

ਦੂਜਿਆਂ ਦੇ ਤਜਰਬੇ ਤੋਂ ਸਿਆਣਪ ਸਿਖ, ਅਤੇ ਓਹਨਾਂ ਦੀਆਂ ਕਮਜ਼ੋਰੀਆਂ ਦੇਖਕੇ ਆਪਣੀਆਂ ਕਮਜ਼ੋਰੀਆਂ ਦਾ ਸੁਧਾਰ ਕਰ।

ਜਦ ਤਕ ਅਜ਼ਮਾ ਕੇ ਨਾਂ ਦੇਖ ਲਵੇਂ ਤਦ ਤਕ ਕਿਸੇ ਦਾ ਇਤਬਾਰ ਨਾਂ ਕਰ, ਪਰ ਅਕਾਰਨ ਕਿਸੇ ਉਤੇ ਬੇਇਤਬਾਰੀ ਵੀ ਨਾਂ ਕਰ, ਇਹ ਹੋਛਪੁਣਾ ਹੈ।

ਜਦੋਂ ਕੋਈ ਆਦਮੀ ਧਰਮਵਾਨ ਸਾਬਤ ਹੋ ਜਾਵੇ ਤਾਂ ਉਸਨੂੰ ਆਪਣੇ ਦਿਲ ਦੇ ਖਾਨੇ ਵਿਚ ਵਡਮੁੱਲੇ ਲਾਲ ਵਾਂਗ ਸਾਂਭਕੇ ਰੱਖ ਅਤੇ ਓਸਨੂੰ ਇਕ ਅਨਮੋਲ ਰਤਨ ਸਮਝ। ਧਨੀ ਆਦਮੀ ਦੀਆਂ ਮੇਹਰਬਾਨੀਆਂ ਤੋਂ ਦੂਰ ਭੱਜ, ਓਹ ਤੇਰੇ ਵਾਸਤੇ ਜਾਲ ਹਨ ਤੂੰ ਉਸਦੇ ਹਸਾਨ ਤੋਂ ਸੁਰਖਰੂ ਨਹੀਂ ਹੋ ਸਕੇਂਗਾ।

ਜੋ ਚੀਜ਼ ਕਲ ਕੰਮ ਆ ਸਕਦੀ ਹੈ ਓਸਨੂੰ ਅੱਜ ਨਾਂ ਵਰਤ, ਜਦ ਤਕ ਸੋਚ ਅਤੇ ਹੁਸ਼ਿਆਰੀ ਨਾਲ ਕੰਮ ਹੋ

ਸਕਦਾ ਹੈ ਤੂੰ ਜਾਣ ਬੁਝਕੇ ਸੰਕਟ ਵਿਚ ਨਾਂ ਪਉ।

ਇਹ ਕਦੇ ਨਾਂ ਸਮਝ ਕਿ ਦੂਰ ਦੀ ਸੋਝੀ ਨਾਲ ਪੂਰੀ ਸਫਲਤਾ ਹੋ ਸਕਦੀ ਹੈ, ਕਿਉਂਕਿ ਕੌਣ ਕਹਿ ਸਕਦਾ ਹੈ ਕਿ ਅਜ ਦੀ ਰਾਤ ਕਿਸ ਤਰਾਂ ਬੀਤੇਗੀ ?

ਮੂਰਖ ਆਦਮੀ ਸਦਾ ਬੇਨਸੀਬ ਨਹੀਂ ਰਹਿੰਦਾ ਅਤੇ ਨਾਂ ਹੀ ਅਕਲਮੰਦ ਸਦਾ ਕਾਮਯਾਬ ਹੁੰਦਾ ਹੈ, ਮੂਰਖ ਨੂੰ ਸਦਾ ਸੁਖ ਨਹੀਂ ਮਿਲਦਾ ਅਤੇ ਨਾਂ ਸਿਆਣਾ ਸਦਾ ਦੁਖੀ ਰਹਿੰਦਾ ਹੈ।

ਬੈਂਤ:–

ਸੋਝੀ ਦੂਰ ਦੀ ਸਦਾ ਜੋ ਰੱਖਦੇ ਨੇ,
ਲੋਕਾਂ ਵਿਚ ਨਾਹੀਂ ਸ਼ਰਮਸਾਰ ਹੁੰਦੇ।
ਸੋਚੇ ਬਿਨਾਂ ਨਾਂ ਛੋਲਦੇ ਕੰਮ ਭੈੜਾ,
ਕਰਨ ਤਈਂ ਨਾਂ ਕਦੀ ਤਿਆਰ ਹੂੰਦੇ।
ਸੋਚੋਂ ਸੱਖਣੇ ਤੇ ਸ਼ੇਖੀ ਬਾਜ਼ ਵਾਂਗਰ,
ਖਰਚ ਓਹਨਾਂ ਦੇ ਨਾਂ ਬੇ ਸ਼ੁਮਾਰ ਹੁੰਦੇ।
ਸੋਚ ਖਰਚਦੇ ਧਰਮ ਦੀ ਕਿਰਤ ਕਰਦੇ,
ਬੱਚਤ ਰੱਖਕੇ ਨੇ ਮਾਲਦਾਰ ਹੁੰਦੇ।
ਅੰਨ੍ਹੇਵਾਹ, ਖੀਸੇ ਖਾਲੀ ਖਰਚ ਕਰਕੇ,
ਅੰਤ ਸੁਥਰਿਆਂ ਦੇ ਨਹੀਂ ਯਾਰ ਹੁੰਦੇ।
ਨਸ਼ੇ,ਪਾਪ,ਬਦਫੈਲੀ ਤੇ ਨਿੰਦ ਉਸਤਤ,
ਪਾਸੋਂ ਦੂਰ ਹੀ ਕਰਕੇ ਵਿਚਾਰ ਹੁੰਦੇ।
ਹੁੰਦੇ ਸੁਰਖਰੂ ਵਿਚ ਪ੍ਰਲੋਕ ਜਾਕੇ,
ਨੇਕ ਨਾਮ ਜੋ ਵਿਚ ਸੰਸਾਰ ਹੁੰਦੇ।

"ਚਰਨ"ਸੋਚਕੇ ਰਖਦੇ,ਨਹੀਂ ਡਿਗਦੇ,
ਬਿਨਾਂ ਸੋਝੀਉਂ ਗਰਕ ਮੰਝਧਾਰ ਹੁੰਦੇ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:-

(੧) ਮੰਦਾ ਮੂਲਿ ਨ ਕੀਚਈ ਦੇ ਲੰਮੀਨਦਰਨਿਹਾਲੀਐ।

(੨) ਐਸਾ ਕੰਮ ਮੂਲੇ ਨ ਕੀਚੈ ਜਿਤ ਅੰਤ ਪਛੋਤਾਈਐ।

## ੬-ਦ੍ਰਿੜ੍ਹਤਾ

ਜੋ ਆਦਮੀ ਸੰਸਾਰ ਵਿਚ ਆਉਂਦਾ ਹੈ ਓਹ ਦੁਖ, ਤਕਲੀਫ, ਚਿੰਤਾ, ਫਿਕਰ, ਗਰੀਬੀ, ਕੰਗਾਲੀ ਅਤੇ ਡਰ ਤੇ ਖਤਰੇ ਨਾਲ ਜ਼ਰੂਰ ਟੱਕਰਦਾ ਹੈ, ਏਸ ਵਾਸਤੇ ਹੇ ਆਦਮੀ ! ਤੇਰੇ ਵਾਸਤੇ ਜ਼ਰੂਰੀ ਹੈ ਕਿ ਤੂੰ ਬਾਲਪੁਣੇ ਤੋਂ ਹੀ ਆਪਣੇ ਦਿਲ ਨੂੰ ਸਬਰ ਅਤੇ ਹੌਸਲੇ ਨਾਲ ਪੱਕਾ ਕਰ ਤਾਂਜੋ ਤੂੰ ਆਪਣੇ ਹਿੱਸੇ ਦੇ ਦੁੱਖਾਂ ਨੂੰ ਦ੍ਰਿੜ੍ਹਤਾ ਨਾਲ ਸਹਾਰ ਸਕੇਂ।

ਜਿਸ ਤਰਾਂ ਰੇਤ-ਥਲੇ ਵਿਚ ਊਠ ਭੁਖ, ਪਿਆਸ, ਗਰਮੀ ਤੇ ਥਕੇਵਾਂ ਝੱਲਦਾ ਹੈ, ਪਰ ਕਮਜ਼ੋਰ ਹੋਕੇ ਡਿੱਗ ਨਹੀਂ ਪੈਂਦਾ, ਏਸੇ ਤਰਾਂ ਦ੍ਰਿੜ੍ਹਤਾ ਸਾਰੇ ਖਤਰਿਆਂ ਅਤੇ ਮੁਸੀਬਤਾਂ ਵਿਚ ਆਦਮੀ ਨੂੰ ਸਹਾਰਾ ਦੇਂਦੀ ਹੈਂ, ਹੌਸਲੇ ਵਾਲਾ ਆਦਮੀ ਕਿਸਮਤ ਦੇ ਵੈਰ ਦੀ ਪ੍ਰਵਾਹ ਨਹੀਂ ਕਰਦਾ, ਦੁੱਖਾਂ ਤੇ ਸੰਕਟਾਂ ਨਾਲ ਓਸਦੀ ਹਿੰਮਤ ਵਿਚ ਕੋਈ ਫਰਕ ਨਹੀਂ ਆਉਂਦਾ। ਚੂੰਕਿ ਓਹ ਆਪਣਾ ਸੁਖ ਕਿਸਮਤ ਦੀ ਮੁਸਕਰਾਉਣ ਵਾਲੀ ਮੇਹਰਬਾਨੀ ਉਤੇ ਨਿਰਭਰ ਨਹੀਂ ਸਮਝਦਾ, ਏਸ ਵਾਸਤੇ ਕਿਸਮਤ ਦੀਆਂ ਅੱਖਾਂ ਬਦਲੀਆਂ ਵੇਖਕੇ ਉਸਦਾ ਹੌਸਲਾ ਨਹੀਂ ਟੁੱਟਦਾ। ਓਹ ਸਮੁੰਦਰ ਦੇ

ਕੰਢੇ ਦੇ ਪਹਾੜ ਵਾਂਗ ਜੰਮਿਆ ਰਹਿੰਦਾ ਹੈ, ਮੁਸੀਬਤ ਦੀਆਂ ਛੱਲਾਂ ਓਸਦੇ ਪੈਰ ਨਹੀਂ ਉਖੇੜ ਸਕਦੀਆਂ, ਓਹ ਪਹਾੜੀ ਕਿਲੇ ਦੇ ਬੁਰਜ ਵਾਂਗ ਸਿਰ ਉਤਾਹਾਂ ਨੂੰ ਚੁੱਕਦਾ ਹੈ ਅਤੇ ਕਿਸਮਤ ਦੇ ਤੀਰ ਓਸਦੇ ਪੈਰਾਂ ਦੇ ਹੇਠਲੀ ਮਿੱਟੀ ਨੂੰ ਚੁੰਮਦੇ ਹਨ। ਡਰ ਦੇ ਵੇਲੇ ਓਸਦੇ ਦਿਲ ਦੀ ਬਹਾਦਰੀ ਓਸਦੀ ਸਹਾਇਕ ਹੈ,ਅਤੇ ਮਨ ਦੀ ਪਕਿਆਈ ਓਸਦੀ ਮਦਦਗਾਰ। ਓਹ ਜੀਵਨ ਦੇ ਦੁੱਖਾਂ ਦਾ ਓਸ ਬਹਾਦਰ ਸਿਪਾਹੀ ਵਾਂਗ ਟਾਕਰਾ ਕਰਦਾ ਹੈ, ਜੋ ਜੰਗ ਕਰਨ ਲਈ ਜਾਂਦਾ ਹੈ ਅਤੇ ਬਹਾਦਰੀ ਵਾਲਾ ਨਾਮਣਾ ਪ੍ਰਾਪਤ ਕਰਕੇ ਖੁਸ਼ ਤੇ ਹਸਦਾ ਹੋਯਾ ਵਾਪਸ ਮੁੜਦਾ ਹੈ। ਦੁੱਖਾਂ ਦੇ ਵੇਲੇ ਦ੍ਰਿੜ੍ਹਤਾ ਓਹਨਾਂ ਦੇ ਭਾਰ ਨੂੰ ਹੌਲਾ ਕਰ ਦੇਂਦੀ ਹੈ ਅਤੇ ਓਸਦਾ ਜਮਕੇ ਖਲੋਣਾ ਦੁੱਖ ਨੂੰ ਭਜਾ ਦੇਂਦਾ ਹੈ।

ਪਰ ਕਮਜ਼ੋਰ ਦਿਲ ਆਦਮੀ ਦੀ ਢੱਠੀ ਹੋਈ ਹਿੰਮਤ ਓਸਨੂੰ ਧੋਖਾ ਦੇਂਦੀ ਹੈ ਅਤੇ ਓਹ ਸ਼ਰਮਿੰਦਾ ਹੋ ਜਾਂਦਾ ਹੈ। ਗਰੀਬੀ ਤੋਂ ਤੰਗ ਆਕੇ ਓਹ ਨੀਚ ਕੰਮ ਕਰਨ ਲਗ ਪੈਂਦਾ ਹੈ ਅਤੇ ਚੁੱਪ ਕਰਕੇ ਬਦਨਾਮੀ ਸਹਾਰ ਕੇ ਦੁੱਖਾਂ ਵਿੱਚ ਪੈਣ ਲਈ ਰਸਤਾ ਤਿਆਰ ਕਰ ਲੈਂਦਾ ਹੈ।

ਜਿਸਤਰਾਂ ਸਰਕੰਡਾ ਹੌਲੀ ਹਵਾ ਨਾਲ ਵੀ ਹਿੱਲਣ ਲਗ ਪੈਂਦਾ ਹੈ, ਓਸੇ ਤਰਾਂ ਕਮਜ਼ੋਰ ਦਿਲ ਆਦਮੀ ਦੁਖ ਦੇ ਪਰਛਾਵੇਂ ਤੋਂ ਹੀ ਘਬਰਾਉਣ ਲਗ ਜਾਂਦਾ ਹੈ,ਖਤਰੇ ਦੇ ਵੇਲੇ ਓਸਦੀ ਜਾਨ ਸੁੱਕ ਜਾਂਦੀ ਹੈ ਅਤੇ ਓਹ ਹਰਾਨ ਪਰੇਸ਼ਾਨ ਹੋ ਜਾਂਦਾ ਹੈ। ਦੁਖ ਦੇ ਦਿਨ ਓਸਦਾ ਦਿਲ ਬੈਠ ਜਾਂਦਾ ਹੈ ਅਤੇ ਨਿਰਾਸਤਾ ਓਸਦੇ ਆਤਮਾ ਨੂੰ ਪੈਰਾਂ ਵਿਚ ਮਿੱਧ ਸੁਟਦੀ ਹੈ।

ਬੈਂਤ:-'ਦ੍ਰਿੜ੍ਹਤਾ' ਹੀਣ ਮਾਨੁੱਖ ਹੈ ਵਾਂਗ ਮੁਰਦੇ,
ਰਤਾ ਦੁੱਖ ਤੋਂ ਝੱਟ ਘਬਰਾ ਜਾਂਦਾ।
ਜ਼ਰਾ ਜਿੰਨੇ ਕਲੇਸ਼ ਦਾ ਫਿਕਰ ਉਸਨੂੰ,
ਵਾਂਗ ਲੱਕੜੀ ਆਣ ਸੁਕਾ ਜਾਂਦਾ।
ਝੂਠਾ ਭੈ-ਖ਼ਜਾਲੀ ਮੁਰਦੇ ਏਸ ਤਾਈਂ,
ਦੀਰਘ ਰੋਗ ਹੈ ਆਣਕੇ ਲਾ ਜਾਂਦਾ।
ਐਸਾ ਡਰੂ, ਬੇ ਹੌਸਲਾ, ਮਰਦ ਮੂਰਖ,
ਅੱਫਲ ਆਪਣਾ ਜੀਵਨ ਗੁਆ ਜਾਂਦਾ।
ਐਪਰ ਹੌਸਲੇ ਵਾਲਾ ਦ੍ਰਿੜ੍ਹ ਆਤਮਾ ਨਾਂ,
ਰਤਾ ਦੁੱਖ ਅੱਗੇ ਸਿਰ ਨਿਵਾ ਜਾਂਦਾ।
ਦ੍ਰਿੜ੍ਹਤਾ ਹੌਸਲੇ ਨਾਲ ਓਹਆਸ ਰਖਦਾ,
ਇੱਕੁਰ ਸਾਰੇ ਹੀ ਦੁੱਖਾਂ ਨੂੰ ਖਾ ਜਾਂਦਾ।
ਕੋਈ ਕਠਿਨਤਾ ਟਿਕੇ ਨਾਂ ਓਸ ਅੱਗੇ,
ਰੋਕਾਂ ਸਾਰੀਆਂ ਤੋੜ ਤੁੜਾ ਜਾਂਦਾ।
'ਚਰਨ' ਰੱਖਦਾ ਹੈ ਦ੍ਰਿੜ੍ਹਤਾ ਨਾਲ ਸੂਰਾ,
ਬਨਾਂ ਪਰਬਤਾਂ ਨੂੰ ਵੀ ਕੰਬਾ ਜਾਂਦਾ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:-
ਚਿੰਤ ਅੰਦੇਸਾ ਗਣਤ ਤਜ ਜਿਨ ਹੁਕਮ ਪਛਾਤਾ।
ਨਹਿ ਬਿਨਸੈ ਨਹਿਛੋਡਿ ਜਾਇ ਨਾਨਕ ਰੰਗ ਰਾਤਾ।

———

## ੭—ਸੰਤੋਖ

ਹੇ ਬੰਦੇ! ਕਦੇ ਨਾਂ ਭੁੱਲ ਕਿ ਤੇਰਾ ਦਰਜਾ ਵਾਹਿਗੁਰੂ ਵੱਲੋਂ ਨੀਯਤ ਹੋਇਆ ਹੋਇਆ ਹੈ। ਓਹ ਤੇਰੇ ਦਿਲ ਦਾ

ਹਾਲ ਜਾਣਦਾ ਹੈ। ਤੇਰੀਆਂ ਕਾਮਨਾਵਾਂ ਦਾ ਨਿਕੰਮਪੁਣਾ ਉਸਨੂੰ ਚੰਗੀਤਰਾਂ ਮਲੂਮ ਹੈ। ਓਹ ਕਈ ਵਾਰੀ ਤਰਸ ਕਰਕੇ ਤੇਰੀਆਂ ਚਾਹਨਾਂ ਪੂਰੀਆਂ ਕਰ ਦੇਂਦਾ ਹੈ, ਪਰ ਨੇਕ ਖ਼ਾਹਸ਼ਾਂ ਅਤੇ ਭਲੇ ਯਤਨਾਂ ਦੀ ਸਫਲਤਾ ਵਾਸਤੇ ਉਸਦੀ ਕ੍ਰਿਪਾ ਨਾਲ ਚੰਗਾ ਪ੍ਰਬੰਧ ਹੋਇਆ ਹੋਇਆ ਹੈ।

ਬੇਚੈਨੀ ਜੋ ਤੈਨੂੰ ਮਲੂਮ ਹੁੰਦੀ ਹੈ ਅਤੇ ਦੁੱਖ ਜਿਨ੍ਹਾਂ ਦੀ ਤੂੰ ਰੋ ਰੋ ਕੇ ਸ਼ਿਕੈਤ ਕਰਦਾ ਹੈਂ,ਓਹਨਾਂ ਦੀ ਜੜ੍ਹ ਤੇਰੀ ਆਪਣੀ ਮੂਰਖਤਾ, ਹੰਕਾਰ ਤੇ ਭੈੜੀ ਸਮਝ ਹੈ, ਏਸ ਵਾਸਤੇ ਵਾਹਿਗੁਰੂ ਦੇ ਪ੍ਰਬੰਧ ਦੇ ਵਿਰੁੱਧ ਸ਼ਿਕੈਤ ਨਾਂ ਕਰ, ਸਗੋਂ ਆਪਣੇ ਦਿਲ ਨੂੰ ਸਾਫ ਕਰ ਅਤੇ ਏਹ ਨਾਂ ਕਹੁ ਕਿ 'ਜੇ ਮੇਰੇ ਪਾਸ ਦੌਲਤ, ਬਲ ਅਤੇ ਵੇਲ੍ਹਾ ਹੋਵੇ ਤਾਂ ਮੈਂ ਬੜਾ ਪ੍ਰਸੰਨ ਹੋਵਾਂਗਾ' ਏਸ ਗੱਲ ਨੂੰ ਯਾਦ ਰੱਖ ਕਿ ਜਿਨ੍ਹਾਂ ਦੇ ਪਾਸ ਏਹ ਚੀਜ਼ਾਂ ਮੌਜੂਦ ਹਨਓਹ ਕਿੰਨੇ ਦੁਖਾਂ ਵਿਚ ਹਨ।

ਗਰੀਬ ਆਦਮੀ ਨੂੰ ਕੁਝ ਪਤਾ ਨਹੀਂ ਕਿ ਧਨਵਾਨ ਕਿੰਨਾ ਦੁਖੀ ਅਤੇ ਸੁਖ ਤੋਂ ਹੀਣਾ ਰਹਿੰਦਾ ਹੈ। ਓਹ ਨਹੀਂ ਜਾਣਦਾ ਕਿ ਧਨਵਾਨ ਨੂੰ ਕਿੰਨੀਆਂ ਕੁ ਕਠਨਾਈਆਂ ਰਹਿੰਦੀਆਂ ਹਨ ਅਤੇ ਵੇਹਲੇ ਆਦਮੀ ਦਾ ਜੀਵਨ ਕਿੰਨਾਕੁ ਦੁਖਦਾਈ ਹੈ। ਏਸੇ ਕਾਰਨ ਕਰਕੇ ਓਹ ਆਪਣੀ ਹਾਲਤ ਉਤੇ ਪ੍ਰਸੰਨ ਨਹੀਂ ਹੈ, ਕਿਸੇ ਆਦਮੀਨੂੰ ਪ੍ਰਗਟ ਤੌਰ ਤੇ ਖੁਸ਼ ਦੇਖਕੇ ਆਪਣੇ ਦਿਲ ਵਿਚ ਈਰਖਾ ਨਾਂ ਕਰ, ਕਿਉਂਕਿ ਤੂੰ ਨਹੀਂ ਜਾਣਦਾ ਕਿ ਉਸਦੇ ਦਿਲ ਵਿਚ ਕਿੰਨੇ ਕੁ ਦੁਖ ਹਨ।

ਥੋੜ੍ਹੇ ਉਤੇ ਸੰਤੋਖ ਕਰਨਾ ਸਭ ਤੋਂ ਵਡੀ ਸਿਆਣਪ ਹੈ। ਜੋ ਆਦਮੀ ਧਨ ਵਧਾਉਂਦਾ ਹੈ ਓਹ ਮਾਨੋਂ ਆਪਣੇ

ਫਿਕਰਾਂ ਨੂੰ ਵਧਾਉਂਦਾ ਹੈ। ਪਰ ਸੰਤੋਖੀ ਦਾ ਦਿਲ ਗੁਪਤ ਖਜਾਨਾ ਹੈ ਜੋ ਤਕਲੀਫਾਂ ਦੀ ਪਹੁੰਚ ਤੋਂ ਪਰੇ ਹੈ। ਜੇ ਧਨ ਦੇ ਹੰਕਾਰ ਵਿਚ ਆਕੇ ਤੂੰ ਨਿਆਓਂ, ਭਲਮਣਸਊ ਨੇਕੀ ਅਤੇ ਨਿੰਮ੍ਰਤਾ ਵਲੋਂ ਮੂੰਹ ਨਾ ਮੋੜ ਬੈਠੇਂ ਤਾਂ ਦੌਲਤ ਵੀ ਤੈਨੂੰ ਦੁਖੀ ਨਹੀਂ ਕਰ ਸਕਦੀ।

ਪਰ ਏਹ ਤੂੰ ਕਿੱਥੇ ਸਿੱਖੇਂਗਾ ਕਿ ਨਿਰੀ ਖੁਸ਼ੀ ਹੀ ਨਾਸਮਾਨ ਆਦਮੀ ਦੀ ਖੁਰਾਕ ਨਹੀਂ ਹੈ। ਨੇਕੀ ਓਹ ਦੌੜ ਹੈ ਜੋ ਪਰਮੇਸ਼ਰ ਨੇ ਆਦਮੀ ਵਾਸਤੇ ਮੁਕੱਰਰ ਕਰ ਦਿੱਤੀ ਅਤੇ ਖੁਸ਼ੀ ਏਸਦਾ ਅੰਤਲਾ ਪੜਾਉ ਹੈ, ਜਿੱਥੇ ਓਦੋਂ ਤਕ ਕੋਈ ਨਹੀਂ ਪਹੁੰਚ ਸਕਦਾ ਜਦ ਤਕ ਕਿ ਓਹ ਬਾਜੀ ਨਾ ਜਿੱਤ ਜਾਵੇ, ਫੇਰ ਓਸਨੂੰ ਸਦਾ ਇੱਕ ਰਸ ਰਹਿਣ ਵਾਲੇ ਮਹਿਲਾਂ ਵਿਚ ਤਾਜ ਮਿਲਦਾ ਹੈ। ਬੈਂਤ:—

ਦਰਜਾ ਉੱਚਾ ਸੰਤੋਖ ਦਾ ਸਾਰਿਆਂ ਤੋਂ,
ਸ਼ਹਿਨਸ਼ਾਹ ਆਕੇ ਚਰਨੀਂ ਸੀਸ ਧਰਦੇ।
ਬਿਨੈ ਕਰੋ ਕਰ ਜੋੜ ਕਰਤਾਰ ਅੱਗੇ:—
"ਮੇਰੇ ਰਿਦੇ ਸੰਤੋਖ ਹੇ ਈਸ! ਭਰ ਦੇ."
ਬਿਨ ਸੰਤੋਖ ਨਾਂ ਰੱਜਦਾ ਕੋਈ ਬੰਦਾ,
ਵੱਡਾ ਰੱਬ ਉਸਨੂੰ ਬਿਸਵੇ ਬੀਸ ਕਰ ਦੇ
ਚਾਲੀ ਗੰਜ ਵਾਲਾ ਕਾਰੂੰ ਰੱਜਿਆ ਨਾਂ,
ਓਹਨਾਂ ਹਾਲ ਕੀ ਜੋ ਉਸਦੀ ਰੀਸ ਕਰਦੇ?
ਸਬਰ ਹੀਣੇ ਪਤਸ਼ਾਹ ਤੋਂ ਬਹੁਤ ਚੰਗਾ,
ਸਬਰ ਵਾਲੜਾ ਇੱਕ ਕੰਗਾਲ ਬੰਦਾ।
ਸਬਰ ਨਾਲ ਦੋ ਰੋਟੀਆਂ ਖਾਇ ਕਰਕੇ,

ਲੈਂਦਾ ਭੁੱਖ ਦੇ ਦੁੱਖ ਨੂੰ ਟਾਲ ਬੰਦਾ।
ਸਬਰ ਹੀਣ ਲੋਭੀ ਹਿਰਸਾਂ ਵਿੱਚ ਮਰਦਾ,
ਹੁੰਦਾ ਦੁਖੀ ਐਸਾ ਵਾਲ ਵਾਲ ਬੰਦਾ।
'ਚਰਨ' ਵਾਂਗ ਕਰ ਸਬਰ, ਫਿਰ ਲੋਕ ਨੀਵਣ
ਹੋ ਬੇਸਬਰ ਨਾਂ ਬਣੀ ਚੰਡਾਲ ਬੰਦਾ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ–

(੧) ਬਿਨਾ ਸੰਤੋਖ ਨਹੀ ਕਊ ਰਾਜੇ।

(੨) ਰੁਖੀ ਸੁਖੀ ਖਾਇਕੇ ਠੰਢਾ ਪਾਣੀ ਪੀਉ।
ਫਰੀਦਾ ਦੇਖ ਪਰਾਈ ਚੋਪੜੀ ਨਾ ਤਰਸਾਇ ਜੀਉ।

(੩) ਸੰਤੋਖ ਆਇਆ ਮਨ ਪੂਰਾ ਪਾਇ।
ਫਿਰ ਫਿਰ ਮਾਂਗਣ ਕਾਹੇ ਜਾਇ।

----

## ੯–ਪਰਹੇਜ਼ਗਾਰੀ

ਏਸ ਜੀਵਨ ਵਿਚ ਸਭ ਤੋਂ ਚੰਗੀ ਖੁਸ਼ੀ ਜੋ ਤੈਨੂੰ ਮਿਲ ਸਕਦੀ ਹੈ ਓਹ ਵਾਹਿਗੁਰੂ ਦੀ ਬਖਸ਼ੀ ਹੋਈ ਅਰੋਗਤਾ ਅਤੇ ਸਰੀਰਕ ਬਲ ਨਾਲ ਹੀ ਪ੍ਰਾਪਤ ਹੋ ਸਕਦੀ ਹੈ। ਜੇ ਤੈਨੂੰ ਏਹ ਨਿਆਮਤਾਂ ਮਿਲੀਆਂ ਹੋਈਆਂ ਹਨ ਅਤੇ ਤੂੰ ਬੁੱਢੇ ਵਾਰੇ ਵਿੱਚ ਵੀ ਏਹਨਾਂ ਦਾ ਅਨੰਦ ਲੁਟਣਾ ਚਾਹੁੰਦਾ ਹੈਂ ਤਾਂ ਕਾਮ-ਪੂਜਾ ਅਤੇ ਬਦਮਾਸ਼ੀ ਤੋਂ ਦੂਰ ਰਹੁ ਅਤੇ ਏਸਦੇ ਮਜ਼ਿਆਂ ਤੇ ਸੁਆਦਾਂ ਨੂੰ ਦੂਰ ਤੋਂ ਹੀ ਸਲਾਮ ਕਰ।

ਜਦੋਂ ਏਸਦੇ ਹਾਵ ਭਾਵ ਪ੍ਰਗਟ ਹੁੰਦੇ ਹਨ ਅਤੇ ਜਦੋਂ ਓਹ ਆਪਣੀ ਮੁਸਕ੍ਰਾਹਟ ਵਾਲੀ ਨਜ਼ਰ ਤੇਰੇ ਉਤੇ ਪਾਉਂਦੀ ਹੈ ਅਤੇ ਤੈਨੂੰ ਦੁਨੀਆਂ ਦੇ ਮਜ਼ੇ ਲੁੱਟਣ ਵੱਲ ਪ੍ਰੇਰਦੀ ਹੈ, ਓਹ

ਵੇਲਾ ਤੇਰੇ ਵਾਸਤੇ ਵੱਡੇ ਖਤਰੇ ਦਾ ਹੁੰਦਾ ਹੈ। ਓਸ ਵੇਲੇ ਤੂੰ ਤਦੇ ਹੀ ਬਚ ਸਕਦਾ ਹੈਂ ਜੇ ਅਕਲ ਦ੍ਰਿੜ੍ਹਤਾ ਨਾਲ ਤੇਰੀ ਆਗੂ ਬਣੇ। ਜੇ ਤੂੰ ਓਸ ਵੇਲੇ ਬਦਮਾਸ਼ੀ ਦੇ ਝੂਠੇ ਸੁਆਦਾਂ ਦੇ ਵੱਸ ਹੋ ਜਾਵੇਂ ਤਾਂ ਤੂੰ ਸਖਤ ਧੋਖਾ ਖਾਵੇਂਗਾ ਅਤੇ ਵੱਡਾ ਅਸਹਿ ਨੁਕਸਾਨ ਉਠਾਵੇਂਗਾ। ਬਦਮਾਸ਼ੀ ਤੇ ਕਾਮ-ਚੇਸ਼ਟਾ ਦੀ ਠਗਾਊ ਖੁਸ਼ੀ ਦੇ ਰੰਗ ਦੁੱਖਾਂ ਵਿੱਚ ਬਦਲ ਜਾਂਦੇ ਹਨ ਅਤੇ ਜੇਕਰ ਤੂੰ ਓਸਦੇ ਸੁਆਦਾਂ ਦੇ ਮਜ਼ਿਆਂ ਦਾ ਅਨੰਦ ਬਹੁਤ ਚਿਰ ਤਕ ਲੁਟਦਾ ਰਹੇਂ ਤਾਂ ਓਨ੍ਹਾਂ ਦਾ ਅੰਤ ਭਿਅੰਕਰ ਦੁੱਖ ਤੇ ਮੌਤ ਹੋਵੇਗਾ। ਤੂੰ ਬਦਮਾਸ਼ੀ ਦੇ ਪ੍ਰੇਮੀਆਂ ਵਲ ਧਿਆਨ ਕਰ! ਏਸਦੇ ਮਜ਼ਿਆਂ ਦਾ ਜਿਨ੍ਹਾਂ ਨੇ ਧੋਖਾ ਖਾਧਾ ਹੈ ਓਹਨਾਂ ਦੀ ਹਾਲਤ ਵੇਖ ਅਤੇ ਜੋ ਏਸਦੇ ਧੋਖੇ ਵਾਲੇ ਜਾਲ ਵਿਚ ਫਸ ਚੁੱਕੇ ਹਨ ਓਹਨਾਂ ਦੀ ਮੰਦ ਦਸ਼ਾ ਤੋਂ ਸਿੱਖਿਆ ਪ੍ਰਾਪਤ ਕਰ; ਕੀ ਓਹ ਗਰੀਬ, ਕੰਗਾਲ, ਕਮਜ਼ੋਰ, ਨਿਰਬਲ, ਰੋਗੀ ਤੇ ਹਿੰਮਤ ਤੋਂ ਖਾਲੀ ਨਹੀਂ ਹੋ ਗਏ ? ਓਹ ਥੋੜੇ ਦਿਨਾਂ ਦੇ ਮਜ਼ੇ ਲੁੱਟਕੇ ਹੁਣ ਸਾਰੀ ਉਮਰ ਦੇ ਦੁਖਾਂ ਵਿਚ ਜਕੜੇ ਹੋਏ ਹਨ, ਓਹਨਾਂ ਦੇ ਅੰਦਰ ਹਿੰਮਤ ਤੇ ਹੌਸਲੇ ਦਾ ਨਾਉਂ ਵੀ ਨਹੀਂ ਰਿਹਾ, ਓਹਨਾਂ ਦੀਆਂ ਖਾਹਸ਼ਾਂ ਵੀ ਮਰ ਚੁਕੀਆਂ ਹਨ, ਦੁਨੀਆਂ ਦੇ ਮਜ਼ਿਆਂ ਤੋਂ ਓਹਨਾਂ ਨੂੰ ਘ੍ਰਿਣਾ ਹੋ ਗਈ ਹੈ, ਬਦਮਾਸ਼ੀ ਦੇ ਬੇਤਨਖਾਹ ਨੌਕਰ ਬਣਕੇ ਅੰਤ ਓਹ ਏਸੇ ਦਾ ਸ਼ਿਕਾਰ ਬਣ ਗਏ ਹਨ। ਜੇਹੜੇ ਲੋਕ ਵਾਹਿਗੁਰੂ ਦੀਆਂ ਦਾਤਾਂ ਨੂੰ ਬੁਰੇ ਪਾਸੇ ਵਰਤਦੇ ਹਨ ਓਹਨਾਂ ਦਾ ਕੁਦਰਤੀ ਅੰਤ ਏਹੋ ਹੁੰਦਾ ਹੈ।

ਪਰ ਔਹ ਕੇਹੜੀ ਤੀਵੀਂ ਹੈ ਜੋ ਵੱਡੀ ਆਨ ਬਾਨ ਨਾਲ

ਔਸ ਮੈਦਾਨ ਵਿੱਚੋਂ ਠੁਮਕ ਠੁਮਕ ਜਾ ਰਹੀ ਹੈ? ਓਸ ਦੇ ਮੂੰਹ ਦੀ ਲਾਲੀ ਉਤੇ ਗੁਲਾਬ ਕੁਰਬਾਨ ਹੁੰਦਾ ਹੈ, ਓਸਦੇ ਬੁੱਲ੍ਹਾਂ ਦੇ ਵਿਚਕਾਰੋਂ ਸਵੇਰਸਾਰ ਦੀ ਸੁਹਾਉਣੀ ਬਹਾਰ ਨਿਕਲਦੀ ਹੈ, ਓਸ ਦੀਆਂ ਅੱਖਾਂ ਵਿਚ ਪਵਿਤ੍ਰ ਤੇ ਸ਼ਰਮੀਲੀ ਖੁਸ਼ੀ ਦੀ ਝਲਕ ਹੈ, ਓਹ ਆਪਣੇ ਦਿਲ ਦੀ ਭਰਵੀਂ ਪ੍ਰਸੰਨਤਾ ਅਤੇ ਖੁਸ਼ੀ ਦੀ ਲਹਿਰ ਵਿਚ ਗੀਤ ਗਾਉਂਦੀ ਜਾਂਦੀ ਹੈ।

ਏਸਦਾ ਨਾਉਂ "ਅਰੋਗਤਾ" ਹੈ। ਓਹ 'ਕਸਰਤ' ਦੀ ਧੀ ਹੈ ਅਤੇ 'ਪਰਹੇਜ਼ਗਾਰੀ' ਦੇ ਢਿਡੋਂ ਜੰਮੀ ਹੈ, ਏਨ੍ਹਾਂ ਦੇ ਪੁਤ੍ਰ ਵੱਡੇ ਬਹਾਦਰ, ਤਕੜੇ, ਹੌਸਲੇ ਵਾਲੇ, ਸੁੰਦਰ ਅਤੇ ਹਸਮੁਖੇ ਹਨ। ਆਪਣੀ ਭੈਣ ਦੇ ਗੁਣ ਓਹਨਾਂ ਦੇ ਅੰਦਰ ਵੀ ਲਭਦੇ ਹਨ, ਬਲ ਓਹਨਾਂ ਦੀਆਂ ਰਗਾਂ ਨੂੰ ਉਭਾਰਦਾ ਹੈ, ਤਾਕਤ ਓਹਨਾਂ ਦੀਆਂ ਹੱਡੀਆਂ ਦੇ ਅੰਦਰ ਰਹਿੰਦੀ ਹੈ ਅਤੇ ਮੇਹਨਤ ਓਹਨਾਂ ਦਾ ਨਿੱਤ ਦਾ ਦਿਲ ਪਰਚਾਵਾ ਹੈ, ਓਨ੍ਹਾਂ ਦੇ ਪਿਓ ਦੀ ਕ੍ਰਿਪਾ ਨਾਲ ਓਹਨਾਂ ਦੀਆਂ ਖਾਹਸ਼ਾਂ ਜੋਸ਼ ਵਿੱਚ ਆਉਂਦੀਆਂ ਹਨ ਅਤੇ ਮਾਂ ਦੀ ਖੁਰਾਕ ਨਾਲ ਓਹਨਾਂ ਦੇ ਸਰੀਰ ਮੋਟੇ ਤਾਜ਼ੇ ਹੋ ਜਾਂਦੇ ਹਨ। ਇੰਦ੍ਰਿਆਂ ਦੀਆਂ ਖਾਹਸ਼ਾਂ ਨਾਲ ਲੜਨਾ ਓਹਨਾਂ ਦਾ ਕੰਮ ਹੈ ਅਤੇ ਭੈੜੀਆਂ ਵਾਦੀਆਂ ਨੂੰ ਨੇੜੇ ਨਾਂ ਆਉਣ ਦੇਣਾ ਓਹਨਾਂ ਦਾ ਮਾਨ ਅਤੇ ਫਖਰ ਹੈ।

ਏਹਨਾਂ ਦੀਆਂ ਦਿਲ ਪਰਚਾਵੇ ਵਾਲੀਆਂ ਖੇਡਾਂ ਵੱਡੀਆਂ ਚੰਗੀਆਂ ਹਨ, ਤਦੇ ਓਹ ਅਜੇ ਤਕ ਜੀਉਂਦੇ ਹਨ, ਏਹਨਾਂ ਦੀ ਖੁਸ਼ੀ ਦਾ ਘੇਰਾ ਛੋਟਾ ਹੈ, ਪਰ ਹਰਤਰਾਂ ਦੀ ਚਿੰਤਾ ਤੇ ਘਬਰਾਹਟ ਤੋਂ ਰਹਿਤ ਹੈ। ਏਹਨਾਂ ਦਾ ਲਹੂ ਪਵਿੱਤ੍ਰ ਹੈ, ਏਨ੍ਹਾਂ ਦੇ ਦਿਲ

ਨਿਰਮਲ ਹਨ, ਏਸ ਵਾਸਤੇ ਵੈਦ ਹਕੀਮ ਓਨ੍ਹਾਂ ਦੇ ਘਰ ਦਾ ਰਾਹ ਨਹੀਂ ਜਾਣਦੇ। ਪਰ ਸਲਾਮਤੀ ਆਦਮੀ ਦੇ ਬੱਚਿਆਂ ਦੇ ਘਰ ਵਿੱਚ ਸਦਾ ਨਹੀਂ ਰਹਿੰਦੀ। ਆਦਮੀ ਦਾ ਬੇਟਾ ਹਰ ਪਾਸਿਓਂ ਵੈਰੀਆਂ ਨਾਲ ਘਿਰਿਆ ਰਹਿੰਦਾ ਹੈ, ਜੇ ਬਾਹਰ ਜਾਂਦਾ ਹੈ ਤਾਂ ਭੈੜੇ ਪਾਸੇ ਵਲ ਪ੍ਰੇਰਨ ਵਾਲੀਆਂ ਕਈ ਬਲਾਵਾਂ ਮਗਰ ਪੈ ਜਾਂਦੀਆਂ ਹਨ ਅਤੇ ਆਪਣੇ ਘਰ ਦੇ ਅੰਦਰ ਵੀ ਪੰਜ ਦਗੇ ਬਾਜ਼ ਵੈਰੀ ਏਸ ਦਾਉ ਵਿੱਚ ਰਹਿੰਦੇ ਹਨ ਕਿ ਕਦੋਂ ਵੇਲਾ ਲੱਭੇ ਤੇ ਏਸਨੂੰ ਫੜਾਈਏ। ਏਹਨਾਂ ਦੀ ਅਰੋਗਤਾ, ਤਾਕਤ, ਸੁੰਦ੍ਰਤਾ ਅਤੇ ਦ੍ਰਿੜ੍ਹਤਾ ਵੱਲ ਦੇਖਕੇ ਬਦਮਾਸ਼ੀ ਦੇ ਕਲੇਜੇ ਵਿੱਚ ਖਾਰ ਪੈਦਾ ਹੋ ਗਈ ਹੈ, ਓਹ ਆਪਣੀ ਏਕਾਂਤ ਦੀ ਨੁੱਕਰ ਵਿੱਚ ਖਲੋਕੇ ਓਹਨਾਂ ਦਾ ਧਿਆਨ ਆਪਣੇ ਵੱਲ ਪ੍ਰੇਰਦੀ ਹੈ ਅਤੇ ਓਨ੍ਹਾਂ ਦੇ ਰਸਤੇ ਵਿੱਚ ਆਪਣੇ ਧੋਖੇ ਦਾ ਜਾਲ ਵਿਛਾਉਂਦੀ ਹੈ।

ਬਦਮਾਸ਼ੀ ਦੇ ਅੰਗ ਨਰਮ, ਨਾਜ਼ਕ ਤੇ ਸੋਹਲ ਹਨ, ਏਸਦੀ ਪੁਸ਼ਾਕ ਦਿਲ ਖਿੱਚਵੀਂ ਅਤੇ ਸੁੰਦ੍ਰਤਾ ਨੂੰ ਵਧੇਰੇ ਮਨ ਹਰਨੀ ਬਣਾਉਣ ਵਾਲੀ ਹੈ, ਓਸਦੀਆਂ ਅੱਖਾਂ ਮਸਤ ਤੇ ਖਿੱਚਣ ਸ਼ਕਤੀ ਵਾਲੀਆਂ ਹਨ, ਓਸਦੀ ਛਾਤੀ ਉਤੇ ਅਜਮੈਸ਼ ਦਾ ਨਿਵਾਸ ਹੈ, ਓਹ ਆਪਣੇ ਹੱਥ ਦੀ ਸੋਹਲ ਉਂਗਲੀ ਨਾਲ ਏਹਨਾਂ ਨੂੰ ਆਪਣੀ ਵਲ ਸੱਦਦੀ ਹੈ ਅਤੇ ਆਪਣੀਆਂ ਮਸਤ ਅੱਖੀਆਂ ਦੇ ਤੀਰ ਓਹਨਾਂ ਵਲ ਮਾਰਕੇ ਓਹਨਾਂ ਨੂੰ ਘਾਇਲ ਕਰਨਾਂ ਚਾਹੁੰਦੀ ਹੈ ਅਰ ਆਪਣੀਆਂ ਮਿਠੀਆਂ ਪਿਆਰੀਆਂ ਗਲਾਂ ਨਾਲ ਓਹਨਾਂ ਦੇ ਦਿਲਾਂ ਨੂੰ ਮੋਂਹਦੀ ਹੈ।

ਹੇ ਮੂਰਖ! ਏਸ "ਏਹ ਵਿਸ ਭਰੀਆਂ ਗੰਦਲਾਂ ਧਰੀਆਂ

ਖੰਡ ਲਿਵਾੜ" ਵਾਲੀ ਪਰੀ ਰੂਪ ਡਇਣ ਦੇ ਨੇੜੇ ਨਾਂ ਢੁੱਕੀਂ, ਤੇ ਏਸ ਦੀਆਂ ਪਿਆਰੀਆਂ ਗੱਲਾਂ ਸੁਣਨ ਵਾਸਤੇ ਆਪਣੇ ਕੰਨ ਅੱਗੇ ਨਾ ਕਰੀਂ, ਜੇ ਤੂੰ ਏਸ ਦੀ ਪ੍ਰੇਮ-ਭਰੀ ਨਜ਼ਰ ਦੇ ਤੀਰ ਨਾਲ ਫੱਟੜ ਹੋ ਗਿਆ ਜਾਂ ਏਸਦੀ ਮਿੱਠੀ ਅਵਾਜ਼ ਨੂੰ ਧਿਆਨ ਨਾਲ ਸੁਣੇਂਗਾ ਜਾਂ ਜੇ ਕਰ ਤੂੰ ਏਸਦੀਆਂ ਨਾਜ਼ਕ ਬਾਹਾਂ ਆਪਣੇ ਗਲ ਵਿਚ ਪੈਣ ਦਿਤੀਆਂ ਤਾਂ ਤੂੰ ਸਦਾ ਵਾਸਤੇ ਏਸਦਾ ਕੈਦੀ ਬਣ ਜਾਵੇਂਗਾ। ਬਦਨਾਮੀ, ਦੁਰ ਦੁਰ, ਰੋਗ, ਕੰਗਾਲੀ, ਚਿੰਤਾ ਅਤੇ ਪਛਤਾਵਾ ਤੇਰੇ ਪੱਲੇ ਪਵੇਗਾ। ਭੋਗ ਬਿਲਾਸ, ਕਾਮ-ਚੇਸ਼ਟਾ ਅਤੇ ਬਦਮਾਸ਼ੀ ਨਾਲ ਤਾਕਤ ਤੇਰੀਆਂ ਹੱਡੀਆਂ ਵਿਚੋਂ ਦੂਰ ਹੋ ਜਾਵੇਗੀ, ਅਤੇ ਅਰੋਗਤਾ ਤੇਰੇ ਸਰੀਰ ਵਿਚੋਂ ਨਿਕਲਕੇ ਤੁਰ ਜਾਵੇਗੀ, ਤੇਰੀ ਉਮਰ ਘਟ ਜਾਵੇਗੀ ਅਤੇ ਓਹ ਥੋੜੀ ਉਮਰ ਵੀ ਦੁਰ ਦੁਰ ਤੇ ਫਿਟ ਫਿਟ ਵਿਚ ਹੀ ਬੀਤੇਗੀ, ਤੈਨੂੰ ਚਿੰਤਾ ਤੇ ਗ਼ਮ ਘੁਣ ਖਾਧੀ ਲਕੜੀ ਵਾਂਗ ਪੋਲਾ ਕਰ ਦੇਣਗੇ ਅਤੇ ਕੋਈ ਆਦਮੀ ਤੈਨੂੰ "ਬਦਮਾਸ਼, ਰੰਡੀ ਬਾਜ਼ ਤੇ ਕਾਮੀ" ਆਖਕੇ ਤੇਰੇ ਉਤੇ ਤਰਸ ਨਹੀਂ ਖਾਵੇਗਾ।

ਬੈਂਤ:—

ਬਚੋ ਨਸ਼ੇ ਤੋਂ, ਕਾਮ ਦੇ ਵੇਗ ਪਾਸੋਂ,
ਬਚੋ ਵਿਸ਼ੇ ਦੇ ਜ਼ਹਿਰੀ ਅਨੰਦ ਪਾਸੋਂ।
ਅੰਤ ਰੋਗ, ਤੇ ਦੁੱਖ, ਕੰਗਾਲਤਾ ਵੀ,
ਹੈ ਅਵੱਸ਼ ਮਿਲਦੀ ਕਾਮਾਨੰਦ ਪਾਸੋਂ।
ਸੁਆਦ ਨਿਮਖ ਤੇ ਕੋਟ ਹੀ ਦਿਵਸ ਦੁਖੜੇ,
ਲੈਣਾ ਕੀ ਇਸ ਗੰਦੜੀ ਗੰਦ ਪਾਸੋਂ।

ਇਸਦਾ ਰੂਪ ਸੁੰਦਰ ਹੈ ਪਰ ਜ਼ਹਿਰ ਭਰਿਆ,
ਭੱਜੋ ਦੂਰ ਇਸ ਠੱਗਣੇ ਚੰਦ ਪਾਸੋਂ।
ਇਸਦੇ ਮਜ਼ੇ ਤੋਂ ਜੋਹੜੇ ਪਰਹੇਜ਼ ਕਰਦੇ,
ਲੋਕਾਂ ਵਿੱਚ ਮਾਨੀ ਨੇਕ ਨਾਮ ਹੁੰਦੇ।
ਧਨ, ਅਰੋਗਤਾ, ਤੇਜ, ਬਲ, ਰੂਪ ਸਾਰੇ,
ਆਣ ਓਹਨਾਂ ਦੇ ਦਾਸ ਗੁਲਾਮ ਹੁੰਦੇ।
ਐਪਰ ਫਸਣ ਜੋ ਹੈਨ 'ਬਦਮਾਸ਼' ਬਣਦੇ,
ਦੁਨੀਆਂ ਵਿੱਚ ਸ਼ੈਤਾਨ, ਬਦਨਾਮ ਹੁੰਦੇ।
'ਚਰਨ' ਰੱਖ ਸੰਭਾਲਕੇ ਏਸ ਰਾਹੋਂ,
ਏਸ ਰਾਹ ਹਨ ਜ਼ਹਿਰ ਦੇ ਦਾਮ ਹੁੰਦੇ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ—

ਹਉਮੈ ਰੋਗ ਮਾਨੁਖ ਕਉ ਦੀਨਾ। ਕਾਮ ਰੋਗ ਮੈਗਲ ਬਸ ਕੀਨਾ॥ ਦ੍ਰਿਸਟ ਰੋਗ ਪਚ ਮੁਏ ਪਤੰਗਾ॥ ਨਾਦ ਰੋਗ ਖਪ ਗਏ ਕੁਰੰਗਾ॥ ਜਿਹਵਾ ਰੋਗ ਮੀਨ ਗ੍ਰਸ ਆਨੋ। ਬਾਸਨ ਰੋਗ ਭਵਰ ਬਿਨਸਾਨੋ। ਹੇਤ ਰੋਗ ਕਾ ਸਗਲ ਸੰਸਾਰਾ॥ ਤ੍ਰਿਬਧ ਰੋਗ ਮਹਿ ਬਧੇ ਬਿਕਾਰਾ। ਜੋ ਜੋ ਦੀਸੈ ਸੋ ਸੋ ਰੋਗੀ। ਰੋਗ ਰਹਿਤ ਮੇਰਾ ਸਤਿਗੁਰ ਜੋਗੀ। ਤੂਟੇ ਬੰਧਨ ਸਾਧ ਸੰਗ ਪਾਇਆ। ਕਹੁ ਨਾਨਕ ਗੁਰ ਰੋਗ ਮਿਟਾਇਆ॥

# ਮਨ ਦੀਆਂ ਹਾਲਤਾ

## ੯–ਆਸ ਤੇ ਨਿਰਾਸਤਾ

ਫੁਲਵਾੜੀ ਦੇ ਸੋਹਣੇ ਸੋਹਣੇ ਫੁੱਲਾਂ ਨਾਲੋਂ ਵਧੀਕ ਖ਼ੂਬਸੂਰਤ ਆਸ ਦੇ ਇਕਰਾਰ ਹਨ ਅਤੇ ਏਹ ਕਰਾਰ ਦਿਲ ਨੂੰ ਵਡੇ ਸੋਹਣੇ ਮਲੂਮ ਹੁੰਦੇ ਹਨ, ਪਰ ਡਰ ਦੀਆਂ ਧਮਕੀਆਂ ਦਿਲ ਨੂੰ ਪਾਣੀ ਪਾਣੀ ਕਰ ਕਰ ਦੇਂਦੀਆਂ ਹਨ। ਫੇਰ ਵੀ ਤੂੰ ਉਮੈਦ ਦੇ ਮਗਰ ਨਾਂ ਤਿਲਕ ਅਤੇ ਡਰ ਤੋਂ ਭੈ ਖਾਕੇ ਨੇਕੀ ਕਰਨ ਤੋਂ ਨਾਂ ਹਟ, ਏਸ ਤਰਾਂ ਤੂੰ ਹਰ ਤਰਾਂ ਦੀਆਂ ਗੱਲਾਂ ਦਾ ਦ੍ਰਿੜ੍ਹਤਾ ਨਾਲ ਟਾਕਰਾ ਕਰ ਸਕੇਂਗਾ।

ਨੇਕ ਆਦਮੀ ਵਾਸਤੇ ਮੌਤ ਦਾ ਡਰ ਵੀ ਕੋਈ ਡਰਾਉਣਾ ਨਹੀਂ ਹੁੰਦਾ "ਸੰਤ ਮੂਏ ਕਿਆ ਰੋਈਏ ਜੋ ਅਪਨੇ ਗ੍ਰਿਹਿ ਜਾਇ। ਰੋਵਹੁ ਸਾਕਤ ਬਾਪੁਰੇ ਜੋ ਹਾਟੇ ਹਾਟ ਬਿਕਾਇ" ਜਿਨ੍ਹਾਂ ਦਾ ਲੇਖਾ ਠੀਕ ਹੈ ਓਹਨਾਂ ਨੂੰ ਹਸ਼ਾਬੀ ਦਾ ਕੀ ਡਰ? ਜਿਸਨੇ ਕੋਈ ਪਾਪ ਹੀ ਨਹੀਂ ਕੀਤਾ ਓਸਨੂੰ ਮੌਤ ਦਾ ਕੀ ਖੌਫ?

ਤੂੰ ਜੇਹੜਾ ਕੰਮ ਕਰੇਂ ਓਸ ਵਿਚ ਤਕੜੀ ਉਮੈਦ ਤੇਰੇ ਯਤਨਾਂ ਨੂੰ ਹੌਸਲਾ ਦੇਣ ਵਾਸਤੇ ਚਾਹੀਦੀ ਹੈ, ਜੇ ਤੂੰ ਮੁੱਢ ਤੋਂ ਹੀ ਸਫਲਤਾ ਤੋਂ ਬੇਉਮੈਦ ਹੈਂ ਤਾਂ ਤੂੰ ਕਦੀ ਕਾਮਯਾਬ ਨਹੀਂ ਹੋ ਸਕਦਾ। ਨਿਕੰਮੇ ਡਰ ਨਾਲ ਆਪਣੇ ਦਿਲ ਨੂੰ ਪਰੇਸ਼ਾਨ ਨਾਂ ਹੋਣ ਦੇਹ ਅਤੇ ਨਾਂ ਹੀ ਖਿਆਲੀ ਖੌਫਾਂ ਨਾਲ ਆਪਣੀ ਹਿੰਮਤ ਨੂੰ ਢਾਹ।

ਡਰ ਤੋਂ ਬਦਨਸੀਬੀ ਉਗਮਦੀ ਹੈ, ਪਰ ਜੇਹੜਾ ਆਦਮੀ ਉਮੈਦ ਰਖਦਾ ਹੈ ਓਹ ਮਾਨੋਂ ਆਪਣੀ ਸਹੈਤਾ ਆਪ ਕਰਦਾ ਹੈ। ਸ਼ੁਤਰ-ਮੁਰਗ ਜਿਸ ਵੇਲੇ ਵੈਰੀ ਨੂੰ ਆਉਂਦਿਆਂ ਦੇਖਦਾ ਹੈ ਤਾਂ ਆਪਣਾ ਸਿਰ ਲੁਕਾ ਲੈਂਦਾ ਹੈ, ਪਰ ਸਰੀਰ ਦੀ ਪਰਵਾਹ ਨਹੀਂ ਕਰਦਾ। ਏਸੇ ਤਰਾਂ ਡਰਾਕਲ ਆਦਮੀ ਦੇ ਖਿਆਲੀ ਡਰ ਓਸਨੂੰ ਭਾਂਤ ਭਾਂਤ ਦੇ ਫਿਕਰਾਂ ਵਿਚ ਪਾ ਦੇਂਦੇ ਹਨ। ਜੇ ਤੂੰ ਕਿਸੇ ਕੰਮ ਨੂੰ ਅਸੰਭਵ ਸਮਝਦਾ ਹੈਂ ਤਾਂ ਤੇਰੀ ਅਧਮੋਈ ਹਿੰਮਤ ਓਸਨੂੰ ਸੱਚ ਮੁੱਚ ਅਸੰਭਵ ਹੀ ਬਣਾ ਦੇਂਦੀ ਹੈ, ਪਰ ਦ੍ਰਿੜ੍ਹਤਾ ਨਾਲ ਸਰੀਆਂ ਕਠਨਾਈਆਂ ਉੱਤੇ ਜਿੱਤ ਪ੍ਰਾਪਤ ਕਰ ਸਕਦੀ ਹੈ।

ਖਿਆਲੀ ਉਮੈਦ ਮੂਰਖ ਆਦਮੀ ਦੇ ਦਿਲ ਨੂੰ ਪ੍ਰਸੰਨ ਕਰਦੀ ਹੈ, ਪਰ ਸਿਆਣਾ ਏਸਦੇ ਜਾਲ ਵਿਚ ਨਹੀਂ ਫਸਦਾ।

ਕਿਸੇ ਖਾਹਸ਼ ਨੂੰ ਆਪਣੇ ਦਿਲ ਵਿਚ ਥਾਂ ਦੇਣ ਤੋਂ ਪਹਿਲਾਂ ਸੋਚ ਅਤੇ ਹੋਂਦ ਅਣਹੋਂਦ ਦੀਆਂ ਹੱਦਾਂ ਤੋਂ ਪਰੇ ਆਪਣੀਆਂ ਉਮੈਦਾਂ ਨੂੰ ਨਾਂ ਜਾਣ ਦੇਹ। ਏਸ ਤਰਾਂ ਤੇਰੇ ਯਤਨ ਸਫਲ ਹੋ ਜਾਣਗੇ ਤੇ ਤੇਰੇ ਦਿਲ ਨੂੰ ਕਦੀ ਨਿਰਾਸਤਾ ਦਾ ਮੂੰਹ ਨਹੀਂ ਦੇਖਣਾ ਪਵੇਗਾ। ਬੈਂਤ:-

ਨਾ ਉਮੈਦੀ ਹੈ ਬਹੁਤ ਹੀ ਮੰਦ ਔਗਣ,
ਕਾਇਰਪਣਾ ਹੈ ਆਸੋਂ ਨਿਰਾਸ ਹੋਣਾ।
ਜਦ ਤਕ ਸਾਸ ਹਨ ਤਦੋਂ ਤਕ ਆਸ ਰੱਖੋ,
ਆਸ ਛੱਡਣੀ ਹੈ ਮਾਨੋ ਨਾਸ ਹੋਣਾ।

ਆਸ ਨਾਲ ਹੈ ਹੌਸਲਾ ਜਾਗ ਪੈਂਦਾ,
ਚਾਹੀਏ ਰਿਦੇ ਦੇ ਵਿੱਚ ਧਰਵਾਸ ਹੋਣਾ।
ਕੋਈ ਕੰਮ ਨਾਮੁਮਕਿਨ ਨਾਂ ਵਿੱਚ ਜਗ ਦੇ,
ਢਾ ਕੇ ਹੌਸਲਾ ਨਾਂ ਦੁਖ ਦੇ ਦਾਸ ਹੋਣਾ।
ਨੇਕ ਆਸ ਨੂੰ ਪੂਰਦਾ ਰੱਬ ਹਰ ਦਮ,
ਉਸਦਾ ਸ਼ੁਕਰ ਚਾਹੀਏ ਸੁਆਸ ਸੁਆਸ ਹੋਣਾ।
ਨਾਲ ਆਸ ਦੇ ਹੈਵੇ ਸੰਸਾਰ ਕਾਇਮ,
ਮਰਨਾ ਆਪ ਹੈ ਮਾਨੋ ਨਿਰਾਸ ਹੋਣਾ।
ਭੈੜੀ ਆਸ ਨੂੰ ਛੱਡਕੇ ਨੇਕ ਬਣ ਜਾ,
ਨਰਕ ਅਗਨ ਹੈ ਪਾਪ ਦਾ ਪਾਸ ਹੋਣਾ।
"ਚਰਨ" ਰੱਖ ਤੂੰ ਨੇਕੀ ਤੇ ਆਸ ਰਸਤੇ,
ਜੇਕਰ ਚਾਹੇਂ ਸਚਖੰਡ ਦਾ ਵਾਸ ਹੋਣਾ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:–

(੧) ਮੇਰੇ ਮਨ ਆਸਾ ਕਰਿ ਹਰਿ ਪ੍ਰੀਤਮ ਸਾਚੇ ਕੀ ਜੋ ਤੇਰਾ ਘਾਲਿਆ ਸਭ ਥਾਇ ਪਾਈ॥

(੨) ਏਕ ਊਪਰ ਜਿਸੁ ਜਨ ਕੀ ਆਸਾ॥
ਤਿਸ ਕੀ ਕਟੀਐ ਜਮ ਕੀ ਫਾਸਾ॥

(੩) ਮੇਰੇ ਮਨ ਆਸ ਕਰ ਹਰਿ ਪ੍ਰੀਤਮ ਅਪਨੇ ਕੀ ਜੋ ਤੁਝ ਤਾਰੈ ਤੇਰਾ ਕੁਟੰਬ ਸਭ ਤਰਾਈ॥

----

## ੧੦–ਖੁਸ਼ੀ ਅਤੇ ਚਿੰਤਾ

ਖੁਸ਼ੀ ਦੇ ਜੋਸ਼ ਨਾਲ ਆਪਣੇ ਦਿਲ ਨੂੰ ਅਸਮਾਨ ਉਤੇ ਨਾਂ ਚੜ੍ਹਾ ਅਤੇ ਨਾ ਹੀ ਚਿੰਤਾ ਦੇ ਭਾਰ ਹੇਠਾਂ ਆਪਣੇ ਦਿਲ

ਨੂੰ ਦੱਬ। ਨਾਂ ਤਾਂ ਦੁਨੀਆਂ ਦੀ ਖੁਸ਼ੀ ਤੈਨੂੰ ਐਨਾ ਉਛਾਲੇ ਅਤੇ ਨਾਂ ਹੀ ਸੰਸਾਰ ਦੀ ਚਿੰਤਾ ਤੈਨੂੰ ਐਨਾਂ ਨੀਵਾਂ ਕਰੇ ਕਿ ਓਹ ਹਦੋਂ ਵਧ ਜਾਵੇ।

ਦੇਖੋ ! ਖੁਸ਼ੀ ਦਾ ਘਰ ਔਹ ਸਾਮ੍ਹਣੇ ਨਜ਼ਰ ਆਉਂਦਾ ਹੈ। ਓਸਦੇ ਬਾਹਰ ਰੰਗ ਕੀਤਾ ਹੋਯਾ ਹੈ ਜਿਸ ਨਾਲ ਓਹ ਬਹੁਤ ਸੋਹਣਾ ਮਲੂਮ ਹੁੰਦਾ ਹੈ, ਏਸਦੇ ਅੰਦਰੋਂ ਖੁਸ਼ੀ ਦਾ ਰੌਲਾ ਅਤੇ ਪ੍ਰਸੰਨਤਾ ਦੇ ਜੈਕਾਰਿਆਂ ਦੀ ਅਵਾਜ਼ ਆ ਰਹੀ ਹੈ, ਜਿਸ ਨਾਲ ਓਹ ਝੱਟ ਪਛਾਣਿਆਂ ਜਾਂਦਾ ਹੈ। ਏਸਦੀ ਮਾਲਕ ਬੂਹੇ ਅਗੇ ਖਲੋਤੀ ਲੰਘਦੇ ਜਾਂਦਿਆਂ ਨੂੰ ਅਪਣੀ ਵਲ ਸੱਦਦੀ ਹੈ, ਓਹ ਗਾਉਂਦੀ ਹੈ ਅਤੇ ਉੱਚੀ ਉੱਚੀ ਰੌਲਾ ਪਾਉਂਦੀ ਹੈ ਅਤੇ ਪਾਗਲਾਂ ਵਾਂਗ ਦਬਾ ਦਬ ਹਸਦੀ ਜਾਂਦੀ ਹੈ। ਓਹ ਲੋਕਾਂ ਨੂੰ ਅੰਦਰ ਸਦਦੀ ਹੈ ਅਤੇ ਓਹਨਾਂ ਨੂੰ ਜ਼ਿੰਦਗੀ ਦੀਆਂ ਖੁਸ਼ੀਆਂ ਦਾ ਅਨੰਦ ਲੁੱਟਣ ਵਾਸਤੇ ਪ੍ਰੇਰਦੀ ਹੈ,ਓਹ ਕਹਿੰਦੀ ਹੈ ਕਿ ਏਹ ਸਮਿਆਨ ਤੁਹਾਨੂੰ ਦੁਨੀਆਂ ਵਿੱਚ ਹੋਰ ਕਿਸੇ ਥਾਂ ਨਹੀਂ ਮਿਲਨਗੇ। ਪਰ ਤੂੰ ਏਸਦੇ ਘਰ ਦੇ ਪਾਸ ਕਦੇ ਨਾਂ ਜਾਵੀਂ ਅਤੇ ਨਾਂ ਹੀ ਓਹਨਾਂ ਲੋਕਾਂ ਨਾਲ ਮਿਤ੍ਰਤਾ ਪਾਵੀਂ ਜੋ ਏਸ ਘਰ ਵਿਚ ਆਉਂਦੇ ਜਾਂਦੇ ਹਨ। ਓਹ ਲੋਕ ਆਪਣੇ ਆਪ ਨੂੰ ਖੁਸ਼ੀ ਦੇ ਪੁਤ੍ਰ ਸਦਵਾਉਂਦੇ ਹਨ, ਓਹ ਖੂਬ ਹਸਦੇ ਅਤੇ ਪ੍ਰਸੰਨ ਨਜ਼ਰ ਆਉਂਦੇ ਹਨ, ਪਰ ਏਹਨਾਂ ਦੇ ਸਾਰੇ ਕੰਮਾਂ ਤੋਂ ਸ਼ੁਦਾ ਅਤੇ ਮੂਰਖਤਾ ਦਿਸਦੀ ਹੈ। ਓਹਨਾਂ ਦੇ ਹੱਥ ਸ਼ਰਾਰਤਾਂ ਨਾਲ ਭਰੇ ਹੋਏ ਹਨ, ਓਹਨਾਂ ਦੇ ਪੈਰ ਬੁਰਿਆਈ ਵਲ ਜਾਂਦੇ ਹਨ, ਓਹਨਾਂ ਦੇ ਆਲੇ ਦੁਆਲੇ ਖਤਰੇ ਹਨ ਅਤੇ ਤਬਾਹੀ ਦਾ ਵੱਡਾ ਅਜਗਰ ਓਹਨਾਂ ਵੱਲ

ਮੂੰਹ ਖੋਲ੍ਹੀ ਹਰ ਵੇਲੇ ਓਹਨਾਂ ਨੂੰ ਹੜੱਪ ਕਰਨ ਵਾਸਤੇ ਤਿਆਰ ਰਹਿੰਦਾ ਹੈ।

ਹੁਣ ਰਤਾ ਦੂਜੇ ਪਾਸੇ ਵੀ ਤੱਕੋ, ਇੱਕ ਹੋਰ ਘਰ ਬ੍ਰਿਛਾਂ ਦੇ ਅੰਦਰ ਆਦਮੀ ਦੀਆਂ ਅੱਖਾਂ ਤੋਂ ਓਹਲੇ ਹੈ, ਇਹ ਚਿੰਤਾ ਦੇ ਰਹਿਣ ਦਾ ਅਸਥਾਨ ਹੈ। ਇਸਦੇ ਕਲੇਜੇ ਵਿਚੋਂ ਹਾਹੁਕੇ ਨਿਕਲ ਰਹੇ ਹਨ ਅਤੇ ਜੀਭ ਵਿਚੋਂ ਜਾਨ ਤੋੜਵੀਂ ਅਵਾਜ਼ ਨਿਕਲ ਰਹੀ ਹੈ, ਓਹ ਆਦਮੀ ਦੇ ਜੀਵਨ ਦੇ ਦੁਖਾਂ ਤੇ ਰੋਂਦਾ ਹੈ ਅਤੇ ਹਰ ਵੇਲੇ ਓਹਨਾਂ ਦਾ ਹੀ ਵਰਣਨ ਕਰਦਾ ਰਹਿੰਦਾ ਹੈ। ਓਹ ਜ਼ਿੰਦਗੀ ਦੇ ਆਮ ਹਾਲਾਂ ਉਤੇ ਨਜ਼ਰ ਮਾਰਦਾ ਅਤੇ ਜ਼ਾਰ ਜ਼ਾਰ ਰੋਂਦਾ ਹੈ। ਆਦਮੀਆਂ ਦੀਆਂ ਕਮਜ਼ੋਰੀਆਂ ਤੇ ਬਦਮਾਸ਼ੀਆਂ ਦੇ ਦਰਦ ਨਾਲ ਓਸਦੀਆਂ ਗੱਲ੍ਹਾਂ ਭਰੀਆਂ ਹੋਈਆਂ ਹੁੰਦੀਆਂ ਹਨ। ਓਸ ਨੂੰ ਸਾਰੇ ਸੰਸਾਰ ਵਿੱਚ ਦੁਖ ਹੀ ਦੁਖ ਨਜ਼ਰ ਆਉਂਦਾ ਹੈ ਅਤੇ ਹਰੇਕ ਚੀਜ਼ ਵਿਚ ਓਹਨੂੰ ਆਪਣੇ ਦਿਲ ਦਾ ਹਾਲ ਅਰਥਾਤ ਚਿੰਤਾ ਤੇ ਉਦਾਸੀ ਹੀ ਦਿਸਦੀ ਹੈ। ਰੋਣਾ ਤੇ ਪਿੱਟਣਾ ਦਿਨੇ ਰਾਤ ਏਸਦੇ ਅਸਥਾਨ ਦੇ ਉਦਾਲੇ ਭੌਂਦੇ ਰਹਿੰਦੇ ਹਨ, ਇਸਦੇ ਘਰ ਦੇ ਪਾਸ ਜਾਕੇ ਦੇਖੋ ਕਿ ਇਸ ਦਾ ਸਾਹ ਵਿਹੁਲਾ ਹੈ, ਏਸ ਦੇ ਸਾਹ ਨਾਲ ਓਹ ਫਲ ਅਤੇ ਓਹ ਫੁੱਲ ਜੋ ਜੀਵਨ ਦੇ ਬਾਗ ਦੀ ਸਜਾਵਟ ਹਨ ਸੁੱਕ ਜਾਂਦੇ ਹਨ। ਖੁਸ਼ੀ ਦੇ ਮਹਿਲ ਪਾਸੋਂ ਬਚਕੇ ਲੰਘਦਿਆਂ ਹੋਇਆਂ ਏਸ ਚਿੰਤਾ ਦੇ ਅਸਥਾਨ ਵੱਲ ਕਦੀ ਨਾਂ ਜਾਣਾ, ਸਗੋਂ ਓਸ ਵਿਚਕਾਰਲੇ ਰਸਤੇ ਉਤੇ ਤੁਰਨਾ ਜੋ ਤੁਹਾਨੂੰ ਸ਼ਾਂਤੀ ਦੇ ਘਰ ਤਕ ਲੈ ਜਾਵੇਗਾ।

ਦੇ ਪੱਕੇ ਯਾਰ ਹਨ ।

ਤੂੰ ਆਪਣੀ ਲਚਾਰੀ ਉਤੇ ਧਿਆਨ ਕਰ ਅਤੇ ਦੂਜਿਆਂ ਦੀਆਂ ਗਲਤੀਆਂ ਤੇ ਕਮਜ਼ੋਰੀਆਂ ਨੂੰ ਖਿਮਾ ਕਰ, ਯਾਦ ਰੱਖ ਕਿ ਓਹ ਵੀ ਤੇਰੇ ਜੇਹੇ ਆਦਮੀ ਹੀ ਹਨ ।

ਕ੍ਰੋਧ ਨੂੰ ਆਪਣੇ ਕਲੇਜੇ ਦੇ ਅੰਦਰ ਕਦੇ ਨਾ ਪਾਲ, ਕਿਉਂਕਿ ਇਹ ਓਹ ਤਲਵਾਰ ਹੈ ਜਿਸ ਨਾਲ ਆਪਣਾ ਦਿਲ ਅਤੇ ਮਿੱਤ੍ਰ ਦਾ ਸਿਰ ਕੱਟਿਆ ਜਾਂਦਾ ਹੈ। ਜੇ ਤੂੰ ਨਿੱਕੀਆਂ ਨਿੱਕੀਆਂ ਗੱਲਾਂ ਨੂੰ ਸਬਰ ਨਾਲ ਝੱਲ ਲਿਆ ਕਰੇਂ ਤਾਂ ਏਹਦੇ ਵਿਚ ਤੇਰੀ ਸਿਆਣਪ ਸਮਝੀ ਜਾਵੇਗੀ। ਜੇ ਤੂੰ ਅਜੇਹੀਆਂ ਗੱਲਾਂ ਨੂੰ ਭੁਲਾ ਦਿਆ ਕਰੇਂ ਤਾਂ ਤੇਰਾ ਦਿਲ ਤੈਨੂੰ ਮੰਦਾ ਚੰਗਾ ਨਹੀਂ ਕਹੇਗਾ । ਕੀ ਤੈਨੂੰ ਪਤਾ ਨਹੀਂ ਕਿ ਕ੍ਰੋਧੀ ਆਦਮੀ ਦੀ ਮੱਤ ਮਾਰੀ ਜਾਂਦੀ ਹੈ ? ਜਿਸ ਵੇਲੇ ਤੂੰ ਗੁੱਸੇ ਵਿਚ ਨਾ ਹੋਵੇਂ ਅਤੇ ਤੇਰੀ ਸੂਰਤ ਟਿਕਾਣੇ ਹੋਵੇ ਤਾਂ ਤੂੰ ਦੂਜਿਆਂ ਦੇ ਗੁੱਸੇ ਤੋਂ ਸਿੱਖਯਾ ਲੈ। ਕ੍ਰੋਧ ਦੀ ਹਾਲਤ ਵਿਚ ਕਦੇ ਕੋਈ ਕੰਮ ਨਾ ਕਰ, ਕਿਉਂਕਿ ਕ੍ਰੋਧ ਦੀ ਦਸ਼ਾ ਵਿਚ ਕੋਈ ਕੰਮ ਕਰਨਾ ਮਾਨੋਂ ਲਹਿਰਾਂ ਲੈ ਰਹੇ ਸਮੁੰਦਰ ਵਿਚ ਆਪਣੀ ਬੇੜੀ ਨੂੰ ਠੇਲ੍ਹਕੇ ਆਪਣੀ ਜਾਨ ਨੂੰ ਜਾਣ ਬੁੱਝਕ ਖਤਰੇ ਵਿਚ ਪਾਉਣਾ ਹੈ।

ਜੇ ਤੇਰੇ ਵਿਚ ਗੁੱਸੇ ਨੂੰ ਪੀ ਜਾਣ ਦੀ ਤਾਕਤ ਨਹੀਂ ਤਾਂ ਤੂੰ ਏਸ ਗੱਲ ਦਾ ਖਾਸ ਪ੍ਰਬੰਧ ਕਰ ਕਿ ਗੁੱਸਾ ਚੜ੍ਹਾਉਣ ਵਾਲੀਆਂ ਗੱਲਾਂ ਤੇਰੇ ਪਾਸੋਂ ਦੂਰ ਹੀ ਰਹਿਣ। ਮੂਰਖਤਾ ਦੀਆਂ ਗੱਲਾਂ ਨਾਲ ਮੂਰਖ ਆਦਮੀ ਛਿੱਥਾ ਹੋ ਜਾਂਦਾ ਹੈ, ਪਰ ਸਿਆਣਾ ਆਦਮੀ ਓਹਨਾਂ ਨੂੰ ਹੱਸਕੇ ਟਾਲ

ਦੇਂਦਾ ਹੈ। ਆਪਣੇ ਦਿਲ ਵਿਚ ਬਦਲਾ ਲੈਣ ਦਾ ਖਿਆਲ ਬਿਲਕੁਲ ਨਾਂ ਰੱਖ, ਕਿਉਂਕਿ ਇਸ ਖਿਆਲ ਨਾਲ ਤੇਰੇ ਦਿਲ ਨੂੰ ਦੁਖ ਪਹੁੰਚੇਗਾ ਅਤੇ ਇਹ ਖਿਆਲ ਦਿਲ ਦੀਆਂ ਚੰਗੀਆਂ ਗੱਲਾਂ ਤੇ ਪਵਿਤ੍ਰ ਖਾਹਸ਼ਾਂ ਨੂੰ ਉਜਾੜ ਦੇਵੇਗਾ।

ਜੇ ਤੈਨੂੰ ਕਿਸੇ ਨੇ ਦੁੱਖ ਪਹੁੰਚਾਇਆ ਹੈ ਤਾਂ ਉਸਨੂੰ ਮਾਫ ਕਰ ਦੇਹ ਅਤੇ ਬਦਲਾ ਲੈਣ ਦੇ ਖਿਆਲ ਨੂੰ ਨੇੜੇ ਨਾ ਢੁੱਕਣ ਦੇਹ। ਜੋ ਆਦਮੀ ਬਦਲਾ ਲੈਣ ਦੇ ਦਾਓ ਵਿਚ ਰਹਿੰਦਾ ਹੈ ਓਹ ਮਾਨੋਂ ਆਪਣੇ ਵਿਰੁੱਧ ਦਾਉ ਲਾਉਂਦਾ ਹੈ ਅਤੇ ਆਪਣੇ ਹੱਥੀਂ ਆਪਣੇ ਪੈਰਾਂ ਤੇ ਕੁਹਾੜਾ ਮਾਰਦਾ ਹੈ।

ਨਰਮ ਉੱਤ੍ਰ ਕੁਸੈਲ ਆਦਮੀ ਨੂੰ ਐਉਂ ਠੰਢਾ ਕਰ ਦੇਂਦਾ ਹੈ ਜਿਸਤਰਾਂ ਪਾਣੀ ਅੱਗ ਨੂੰ ਬੁਝਾ ਦੇਂਦਾ ਹੈ, ਏਸਤੋਂ ਛੁੱਟ ਗਰਮ ਉੱਤ੍ਰ ਨਾਲ ਕਈ ਵਾਰੀ ਵੈਰੀ ਵੀ ਮਿੱਤ੍ਰ ਬਣ ਜਾਂਦੇ ਹਨ।

ਏਸ ਗੱਲ ਦਾ ਸਦਾ ਧਿਆਨ ਰੱਖ ਕਿ ਕੇਹੜੀ ਗੱਲ ਸੱਚ ਮੁੱਚ ਗੁੱਸਾ ਤੇ ਕ੍ਰੋਧ ਕਰਨ ਦੇ ਯੋਗ ਹੈ, ਫੇਰ ਤੈਨੂੰ ਆਪੇ ਪਤਾ ਲਗ ਜਾਵੇਗਾ ਕਿ ਨਿੱਕੀਆਂ ੨ ਤੁੱਛ ਗੱਲਾਂ ਉਤੇ ਕੋਈ ਸਿਆਣਾ ਆਦਮੀ ਗੁੱਸਾ ਨਹੀਂ ਕਰੇਗਾ।

ਗੁੱਸੇ ਦਾ ਮੁਢ ਮੂਰਖਤਾ ਜਾਂ ਕਮਜ਼ੋਰੀ ਤੋਂ ਹੁੰਦਾ ਹੈ। ਪਰ ਸੱਚ ਜਾਣ ਤੇ ਯਾਦ ਰਖ ਕਿ ਇਸਦਾ ਅੰਤ ਪਛਤਾਵਾ ਤੇ ਅਫਸੋਸ ਹੀ ਹੁੰਦਾ ਹੈ। ਮੂਰਖਤਾ ਦੇ ਮਗਰ ਮਗਰ ਬਦਨਾਮੀ ਆਉਂਦੀ ਹੈ ਅਤੇ ਗੁੱਸੇ ਦੇ ਮਗਰ ਮਗਰ ਪਛਤਾਵਾ ਤੇ ਅਫਸੋਸ ਹੁੰਦੇ ਹਨ।

ਬੈਂਤ:-

ਕ੍ਰੋਧ ਅਗਨ ਨੂੰ ਰਿਦੇ ਦੇ ਵਿੱਚ ਰਖਕੇ,
ਕ੍ਰੋਧੀ ਆਪਣੇ ਆਪ ਨੂੰ ਗਾਲਦਾ ਏ।
ਕ੍ਰੋਧ ਦੂਤ ਵੈਰੀ ਹੈ ਮਨੁਖ ਦਾ ਪਰ
ਕ੍ਰੋਧੀ ਓਸਨੂੰ ਰਿਦੇ ਵਿਚ ਪਾਲਦਾ ਏ।
ਕ੍ਰੋਧੀ "ਚਿੜ-ਚਿੜਾ" ਆਖਦੇ ਲੋਕ 'ਸੜੀਅਲ',
ਅੰਦਰ ਓਸਦੇ ਜ਼ਹਿਰ ਅਸਰਾਲ ਦਾ ਏ।
ਆਪ ਦੁਖੀ ਹੁੰਦਾ, ਹੋਰਾਂ ਦੁਖੀ ਕਰਦਾ,
ਗੱਲ ਗੱਲ ਤੇ ਜ਼ਹਿਰ ਉਛਾਲਦਾ ਏ।
ਐਪਰ ਸ਼ਾਂਤ ਚਿਤ ਮਰਦ ਹੈ ਮਰਦ ਪੂਰਾ,
ਕ੍ਰੋਧੀ ਕੱਢ ਜਦ ਅੱਖਾਂ ਵਖਾਲਦਾ ਏ।
ਵਾਕ ਠੰਢੜੇ ਮਿੱਠੜੇ ਬੋਲ ਕਰਕ,
ਉਸਦੇ ਤਪਤ ਹਿਰਦੇ ਤਾਈਂ ਢਾਲਦਾ ਏ।
ਸ਼ਾਂਤੀ ਨਾਲ ਕ੍ਰੋਧ'ਗਨ ਨੂੰ ਸ਼ਾਂਤ ਕਰਕੇ,
ਦੋਹਾਂ ਧਿਰਾਂ ਦੇ ਦੁੱਖ ਨੂੰ ਟਾਲਦਾ ਏ।
"ਚਰਨ" ਪਕੜਕੇ ਸਿੱਖ ਲੈ ਵੱਲ ਉਸਤੋਂ,
ਜਿਸਨੇ ਮੁੱਲ ਪਾਇਆ ਸ਼ਾਂਤੀ ਲਾਲਦਾ ਏ।

ਪ੍ਰਮਾਣ:-

ਹੋਇ ਕ੍ਰੋਧ ਬਸ਼ ਕਰਤ ਕੁਕਰਮ।
ਬੁਧਿ ਸਭ ਨਾਸਹਿ ਤਜ਼ਾਗਹ ਧਰਮ।
ਜਬ ਨਰ ਕੇ ਉਰ ਕ੍ਰੋਧ ਉਪਾਇ।
ਕੋ ਅਸ ਪਾਪ ਜੋ ਕਰ ਨ ਸਕਾਇ ?
ਮਾਤ ਪਿਤਾ ਗੁਰ ਦੇਵ ਮਹਾਨੇ।

ਕਰਤ ਅਵੱਗਜ਼ਾ ਕਛੂ ਨ ਜਾਨੇ।
ਜੋ ਹੈ ਅਬਧ ਬਧਹਿ ਤਿਨ ਤਾਈ।
ਨਿਸਠੁਰ ਬਾਕ ਕਹੈ ਸਮੁਦਾਈ।
ਉਪਜੇ ਕ੍ਰੋਧ ਅਪਰ ਕਜ਼ਾ ਕਹਿਨੋ।
ਪ੍ਰਾਨ ਬਿਨਾਸਹਿ ਜਾਇ ਨ ਮਹਿਨੋ।
ਆਨ ਸਮਾਨ ਨ ਪ੍ਰਾਨ ਹਾਨਿਕੇ।
ਸੋ ਭੀ ਕਰੇ ਅਜਾਨ ਜਾਨਕੇ।
ਜੇ ਕ੍ਰੋਧਿਤ ਹੋਇ ਬਸ ਨ ਚਲੈ।
ਉਰ ਮਹਿ ਤਪਤਹਿ ਕਾਮ ਨ ਮਿਲੈ।
ਤਿਹ ਦੁਖ ਤੇ ਨਹਿ ਕਰਹਿ ਅਹਾਰਾ।
ਨਿਸ ਮਹਿ ਨੀਂਦ ਨ ਪਾਇ ਦੁਖਾਰਾ।
ਦਿਵਸ ਜਾਮਨੀ ਇਮੰ ਤਪਤਾਵੈ।
ਅਨਿਕ ਭਾਂਤ ਸੰਕਲਪ ਉਠਾਵੈ।
ਗਿਨਤੀ ਗਿਨਹਿ ਨ ਓੜਕ ਆਵੈ।
ਏਵ ਕਸ਼ਟ ਮਹਿੰ ਬੈਸ ਬਿਤਾਵੈ।
ਮਤਸਰ ਮਹਿਤ ਅਸੂਯਾ ਧਾਰੈ।
ਇਤਯਾਦਕ ਉਪਜਾਯ ਵਿਕਾਰੈ।
ਯਾਂ ਤੇ ਕ੍ਰੋਧ ਮੂਲ ਮਨ ਜਾਨ।
ਅਪਰ ਵਿਕਾਰ ਕਾਂਡ ਫਲਮਾਨ।
ਜਬਹਿ ਮੂਲ ਕੋ ਦੇਹਿ ਉਖੇਰ।
ਸਾਖਾ ਪਤ੍ਰ ਨ ਫਲ ਹੈ ਫੇਰ।
ਇਮ ਅਵਗੁਣ ਉਰ ਤੇ ਪਰ ਹਰੈ।
ਸਦਗੁਨ ਆਨ ਪ੍ਰਵੇਸ਼ਨ ਕਰੈ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:—

(੧) ਕਾਮ ਕ੍ਰੋਧ ਕਾਇਆ ਕਉ ਗਾਲੈ। ਜਿਉ ਕੰਚਨ ਸੋਹਾਗਾ ਢਾਲੈ।

(੨) ਓਨਾ ਪਾਸ ਦੁਆਸ ਨ ਭਿਟੀਐ ਜਿਨ ਅੰਤਰ ਕ੍ਰੋਧ ਚੰਡਾਲ।

(੩) ਰੋਸ ਨ ਕਾਹੂ ਸੰਗ ਕਰਹੁ ਆਪਨ ਆਪ ਬੀਚਾਰ।

(੪) ਹੇ ਕਲਿਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ। ਬਿਖਯੰਤ ਜੀਵੰ ਵਸਗੰ ਕਰੋਤਿ ਨਿਰਤ੍ਯੰ ਕਰੋਤਿ ਜਥਾ ਮਰਕਟਹ ॥ ————

## ੧੨—ਹਮਦਰਦੀ

ਜਿਸ ਤਰਾਂ ਬਸੰਤ ਰੁਤ ਧਰਤੀ ਉਤੇ ਫੁੱਲ ਤੇ ਕਲੀਆਂ ਖਿਲਾਰ ਦੇਂਦੀ ਹੈ ਅਤੇ ਜਿਸਤਰਾਂ ਗਰਮੀ ਦੀ ਕ੍ਰਿਪਾ ਨਾਲ ਫਸਲ ਪੱਕਕੇ ਤਿਆਰ ਹੋ ਜਾਂਦੀ ਹੈ ਓਸੇ ਤਰਾਂ ਹਮਦਰਦੀ ਦੇ ਵਾਕ ਦੁਖੀ ਲੋਕਾਂ ਦੇ ਕਲੇਜਿਆਂ ਨੂੰ ਸੀਤਲ ਕਰ ਦੇਂਦੇ ਹਨ।

ਜੋ ਆਦਮੀ ਦੂਜਿਆਂ ਉਤੇ ਤਰਸ ਖਾਂਦਾ ਹੈ ਓਹ ਮਾਨੋ ਆਪਣੇ ਆਪ ਨੂੰ ਹੋਰਨਾਂ ਦੇ ਤਰਸ ਦਾ ਭਾਗੀ ਬਣਾਉਂਦਾ ਹੈ, ਪਰ ਜਿਸਦੇ ਦਿਲ ਵਿਚ ਦਰਦ ਨਹੀਂ ਓਹ ਕਿਸ ਤਰਾਂ ਦੂਜਿਆਂ ਦੀ ਹਮਦਰਦੀ ਨਹੀਂ ਲੈ ਸਕਦਾ। ਜਿਸਤਰਾਂ ਬੱਕਰੇ ਦੀ ਦਰਦ ਭਰੀ ਅਵਾਜ਼ ਨਾਲ ਕਸਾਈ ਦੇ ਦਿਲ ਵਿਚ ਕੋਈ ਤਰਸ ਨਹੀਂ ਉਪਜਦਾ ਉਸੇ ਤਰਾਂ ਬੇਦਰਦ ਦੇ ਦਿਲ ਵਿਚ ਦੂਜਿਆਂ ਦੇ ਦੁਖ ਤੇ ਬਿਪਤਾ ਦੇਖਕੇ ਕੋਈ ਹਮਦਰਦੀ ਉਤਪਨ ਨਹੀਂ ਹੁੰਦੀ। ਦਰਦਮੰਦ ਆਦਮੀ ਦੇ ਅਥਰੂ ਤ੍ਰੇਲ ਦੇ ਓਹਨਾਂ ਟੇਪਿਆਂ ਨਾਲੋਂ ਵਧੀਕ ਮਿੱਠੇ ਹੁੰਦੇ ਹਨ ਜੋ ਬਸੰਤ ਰੁਤ ਵਿਚ ਗੁਲਾਬ ਦੇ ਫੁਲਾਂ ਉਤੋਂ ਕਿਰਦੇ ਹਨ।

ਗਰੀਬਾਂ ਦਾ ਰੋਣਾ ਸੁਣਕੇ ਆਪਣੇ ਕੰਨ ਬੰਦ ਨਾਂ ਕਰ, ਬੇਗੁਨਾਹਾਂ ਦੇ ਦੁਖ ਦੇਖਕੇ ਆਪਣੇ ਦਿਲ ਨੂੰ ਸਖਤ ਨਾਂ ਬਣਾ।

ਜਦੋਂ ਕੋਈ ਮਾਂ ਪਿਓ ਮਹਿੱਟਰ ਅਨਾਥ ਤੇਰੇ ਪਾਸੋਂ ਸਹਾਇਤਾ ਦਾ ਯਾਚਕ ਹੋਵੇ, ਜਾਂ ਕੋਈ ਦੁਖਾਂ ਪੀੜਤ ਵਿਧਵਾ ਇਸਤ੍ਰੀ ਫਰਨ ਫਰਨ ਅਥਰੂ ਵਗਾਕੇ ਸਹਾਇਤਾ ਦਾ ਸੁਆਲ ਪਾਵੇ ਤਾਂ ਤੂੰ ਓਸਦੀ ਦੁਖੀ ਦਸ਼ਾ ਉੱਤੇ ਤਰਸ ਖਾਹ ਅਤੇ ਸਹਾਇਕ ਹੀਣਿਆਂ ਦੀ ਸਹਾਇਤਾ ਕਰ!

ਜੇ ਤੂੰ ਕਿਸੇ ਬੇਘਰ ਦੁਖੀਏ ਨੂੰ ਠੰਢ ਵਿੱਚ ਸੁਕਦਾ ਦੇਖੇਂ ਤਾਂ ਤਰਸ ਕਰਕੇ ਓਸ ਨੂੰ ਅਜਾਈਂ ਮੌਤੋਂ ਬਚਾ, ਤਾਂ ਜੋ ਤੇਰਾ ਆਤਮਾ ਪ੍ਰਸੰਨਤਾ ਪ੍ਰਾਪਤ ਕਰੇ।

ਜੇ ਇਕ ਪਾਸੇ ਇਕ ਗਰੀਬ ਆਦਮੀ ਭੁੱਖ ਦੇ ਹੱਥੋਂ ਮੌਤ ਦੀ ਸੇਜਾ ਤੇ ਪਿਆ ਦਮ ਤੋੜ ਰਿਹਾ ਹੋਵੇ, ਅਤੇ ਦੂਜੇ ਪਾਸੇ ਕੋਈ ਬਦਨਸੀਬ ਜੇਹਲਖਾਨੇ ਵਿੱਚ ਘੁਲ ਘੁਲ ਤੇ ਚੁੜ ਚੁੜਕੇ ਮਰ ਰਿਹਾ ਹੋਵੇ, ਅਰ ਤੀਜੇ ਪਾਸੇ ਇਕ ਸਫੈਦ ਲੰਮੀ ਦਾੜ੍ਹੀ ਵਾਲਾ ਕਮਜ਼ੋਰ ਬ੍ਰਿਧ ਆਦਮੀ ਤੇਰੇ ਅੱਗੇ ਤਰਸ ਲਈ ਬੇਨਤੀ ਕਰੇ, ਤਾਂ ਹੇ ਬੰਦੇ! ਤੇਰਾ ਦਿਲ ਕਿਸ ਤਰ੍ਹਾਂ ਇਹਨਾਂ ਦੇ ਦੁੱਖਾਂ ਤੇ ਕਸ਼ਟਾਂ ਤੋਂ ਮੂੰਹ ਮੋੜਕੇ ਆਪਣੇ ਮਜ਼ੇ ਤੇ ਆਨੰਦ ਲੁਟਣ ਵਿਚ ਲਗ ਸਕਦਾ ਹੈ?

ਬੈਂਤ:-

ਪੱਥਰ ਰਿਦਾ ਹੈ ਕਹੋ ਨਾ ਰਿਦਾ ਉਸ ਨੂੰ,
ਜੇਹੜੇ ਰਿਦੇ ਅੰਦਰ ਉਪਜੇ ਦਰਦ ਨਾਹੀਂ।
ਉਸ ਨੂੰ ਕਹੋ ਨਾ ਆਦਮੀ ਰਾਖਸ਼ਸ ਹੈ,

ਦੁਖੀ ਦੇਖ ਭਰਦਾ ਹਾਹੁਕੇ ਸਰਦ ਨਾਹੀਂ ।
ਰੋਗੀ, ਦੁਖੀ, ਅਨਾਥ ਤੇ ਦੇਖ ਵਿਧਵਾ,
ਜਿਸਦੇ ਰਿਦੇ ਵਿਚ ਵੱਜਦੀ ਕਰਦ ਨਾਹੀਂ ।
ਕੀ ਓਹ ਆਦਮੀ ਹੈ? ਲਾਨਤ ਪਾਓ ਉਸਨੂੰ,
ਓਹ ਨਾਮਰਦ ਹੈ ਮੂਲ ਓਹ ਮਰਦ ਨਾਹੀਂ ।
ਸੱਚਾ ਆਦਮੀ 'ਦੁਖੀ' ਨੂੰ ਵੇਖਦਾ ਏ,
ਉਸਦੀ ਅੱਖੀਓਂ ਚੱਲਦਾ ਨੀਰ ਇਕ ਦਮ ।
ਬੰਦੇ ਓਸਨੂੰ ਸਮਝਕੇ ਵੀਰ ਦੁਖੀਆ,
ਹਿਰਦਾ ਓਸਦਾ ਜਾਂਦਾ ਹੈ ਚੀਰ ਇਕ ਦਮ ।
ਯਥਾ ਸ਼ਕਤ ਕਰਦਾ ਮੱਦਦ, ਦੁਖ ਹਰਦਾ,
ਸੱਚੀ ਖੁਸ਼ੀ ਭਰਦਾ ਹਿਰਦੇ ਬੀਰ ਇਕ ਦਮ ।
"ਚਰਨ" ਚੁੰਮ ਹਮਦਰਦ ਦੇ ਭਗਤ ਹੈ ਓਹ,
ਹਿਰਦੇ ਦੁਖੀ ਨੂੰ ਦੇਂਦਾ ਹੈ ਧੀਰ ਇਕ ਦਮ ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:–

(੧) ਦਇਆ ਕਰਹੁ ਸਭ ਊਪਰੇ ।

(੨) ਅਉਗਣ ਸਭ ਮਿਟਾਇਕੈ ਪਰ ਉਪਕਾਰ ਕਰੇਇ ।

---

## ੧੩–ਪ੍ਰੇਮ ਅਤੇ ਚਾਹ

ਹੇ ਮੂਰਖ ! ਸੰਭਲਕੇ ਚਲ ਅਤੇ ਦੁਰਾਚਾਰਨ ਇਸਤ੍ਰੀ ਦੀਆਂ ਪ੍ਰੇਰਨਾਂ ਵਿਚ ਨਾਂ ਫਸ ਤਾਂ ਜੋ ਓਹ ਬੁਰਿਆਰ ਤੈਨੂੰ ਆਪਣੀਆਂ ਮਨਮੋਹਣੀਆਂ ਅਦਾਵਾਂ ਨਾਲ ਛਲਕੇ ਆਪਣੇ ਠਗਾਊ 'ਅਨੰਦ ਮਹਿਲ' ਵਿਚ ਨਾਂ ਲੈ ਜਾਵੇ ।

ਕਾਮਨਾਵਾਂ ਦਾ ਜੋਸ਼ ਆਪਣੇ ਹੀ ਅਨੰਦ ਨੂੰ ਉਜਾੜ

ਦੇਂਦਾ ਹੈ, ਏਸਦੇ ਜੋਸ਼ ਵਿਚ ਅੰਨ੍ਹਾਂ ਹੋਕੇ ਤੂੰ ਦੁੱਖਾਂ ਦੇ ਨਰਕ ਵਿਚ ਜਾ ਡਿੱਗੇਂਗਾ, ਏਸ ਵਾਸਤੇ ਤੂੰ ਏਸਦੇ ਦਿਲ ਖਿੱਚਵੇਂ ਨਖ਼ਰਿਆਂ ਉੱਤੇ ਕਦੇ ਮੋਹਿਤ ਨਾਂ ਹੋ ਅਤੇ ਨਾਂ ਕਦੀ ਆਪਣੇ ਦਿਲ ਨੂੰ ਏਸਦੇ ਸੋਹਣੇ ਜਾਲ ਵਿਚ ਫਸਣ ਦੇਹ।

ਦੁਰਾਚਾਰ ਦੇ 'ਆਨੰਦ ਮਹਿਲ' ਵਿਚ ਤੇਰੀ ਅਰੋਗਤਾ ਦਾ ਸੋਮਾ-ਜਿਸ ਵਿਚੋਂ ਜੀਵਨ ਦੀ ਨਦੀ ਵਗਦੀ ਹੈ-ਸੁੱਕ ਜਾਵੇਗਾ ਅਤੇ ਖੁਸ਼ੀ ਦਾ ਚਸ਼ਮਾ ਬੰਦ ਹੋ ਜਾਵੇਗਾ। ਜੁਆਨੀ ਵਿਚ ਭੀ ਬੁਢੇਪਾ ਆ ਘੇਰੇਗਾ ਅਤੇ ਤੇਰੀ ਉਮਰ ਦੀ ਸਵੇਰ ਦੇ ਸਮੇ ਹੀ ਤੇਰੇ ਜੀਵਨ ਦਾ ਸੂਰਜ ਛਪਨ ਹੋ ਜਾਵੇਗਾ।

ਜੇ ਕਿਸੇ ਤ੍ਰੀਵੀਂ ਦੀ ਸੁੰਦਰਤਾ ਦੇ ਨਾਲ ਧਰਮ ਅਤੇ ਸ਼ਰਮ ਵੀ ਰਲੀ ਹੋਈ ਹੋਵੇ ਤਾਂ ਉਸਦਾ ਜੋਬਨ ਅਕਾਸ਼ ਦੇ ਤਾਰਿਆਂ ਨਾਲੋਂ ਵੀ ਵਧੀਕ ਚਮਕਦਾਰ ਤੇ ਸਾਫ ਹੁੰਦਾ ਹੈ, ਉਸਦੀ ਤਾਕਤ ਦੇ ਅਸਰ ਨੂੰ ਰੋਕਣਾ ਕਠਿਨ ਹੈ, ਉਸਦਾ ਦਿਲ ਪਹਾੜ ਵਿਚੋਂ ਨਿਕਲ ਰਹੇ ਸੋਮੇ ਦੇ ਸਾਫ ਪਾਣੀ ਨਾਲੋਂ ਵੀ ਵਧੀਕ ਨਿਰਮਲ ਹੁੰਦਾ ਹੈ, ਉਸਦਾ ਮੁਸਕਰਾਉਣਾ ਬਾਗ ਦੇ ਸਾਰੇ ਫੁੱਲਾਂ ਨਾਲੋਂ ਵਧੀਕ ਮਿੱਠਾ ਤੇ ਸੋਹਣਾ ਹੁੰਦਾ ਹੈ, ਉਸਦੀ ਅੱਖ ਦੀ ਪਵਿਤ੍ਰਤਾ ਕਬੂਤਰ ਦੀ ਅੱਖ ਵਰਗੀ ਹੁੰਦੀ ਹੈ, ਉਸਦਾ ਦਿਲ ਸੱਚ ਅਤੇ ਭੋਲੇਪਨ ਦਾ ਘਰ ਹੁੰਦਾ ਹੈ, ਉਸਦੇ ਬੁੱਲ੍ਹ ਸ਼ਹਿਦ ਨਾਲੋਂ ਵੀ ਮਿੱਠੇ ਹੁੰਦੇ ਹਨ ਅਤੇ ਉਸਦੇ ਮੂੰਹ ਵਿੱਚੋਂ ਵਧੀਆ ਅਤਰਾਂ ਨਾਲੋਂ ਵੀ ਵੱਧ ਸੁਗੰਧੀ ਨਿਕਲਦੀ ਹੈ।

ਆਪਣੇ ਦਿਲ ਨੂੰ ਪ੍ਰੇਮ ਦੇ ਵੈਰਾਗ ਤੋਂ ਸੱਖਣਾ ਨਾਂ ਕਰ, ਪ੍ਰੇਮ ਦੀ ਚੰਗਿਆੜੀ ਦੀ ਪਵਿਤ੍ਰਤਾ ਤੇਰੇ ਦਿਲ ਨੂੰ

ਉੱਚਾ ਬਣਾ ਵੇਗੀ ਅਤੇ ਏਸਨੂੰ ਨਰਮ ਬਣਾਕੇ ਪਵਿਤ੍ਰ ਤੇ ਉੱਚੇ ਖਿਆਲਾਂ ਦਾ ਨਿਕਾਸੂ ਬਣਾ ਦੇਵੇਗੀ।

ਬੈਂਤ:–'ਕਾਮ ਵਾਸ਼ਨਾਂ', 'ਪ੍ਰੇਮ' ਹਨ ਅੱਡਦੋਵੇਂ,
ਮੂਰਖ ਏਹਨਾਂ ਦਾ ਜਾਣਦੇ ਫਰਕ ਨਾਹੀਂ।
ਘਾਓ 'ਪ੍ਰੇਮ' ਦਾ ਰਿਦੇ ਦੇ ਵਿੱਚ ਹੁੰਦਾ,
'ਕਾਮ ਵਾਸ਼ਨਾਂ' ਦੀ ਹਿਰਦੇ ਕਰਕ ਨਾਹੀਂ।
'ਪ੍ਰੇਮ' ਹੀਣ ਇਸ'ਵਾਸ਼ਨਾਂ' ਮਗਰ ਲਗਕੇ,
ਬੰਦੇ, ਬਚੀਂ!ਜੀਵਨ ਕਰੀਂ ਗਰਕ ਨਾਹੀਂ।
ਪ੍ਰੇਮੀ ਰਿਦਾ ਨਿਰਮਲ,ਸੀਤਲ,ਸਾਫ ਹੁੰਦਾ,
ਅੰਦਰ ਓਸਦੇ ਕਾਮ ਦਾ ਠਰਕ ਨਾਹੀਂ।
ਸੱਚਾ 'ਪ੍ਰੇਮ' ਹੈ ਪਿਆਲੜਾ ਅੰਮਰਿਤ ਦਾ,
'ਕਾਮ ਵਾਸ਼ਨਾਂ'ਪਰ ਗੰਦਲ ਜ਼ਹਿਰ ਦੀ ਏ।
'ਪ੍ਰੇਮ ਵੱਸਦਾ' ਹੈ ਨਿਰਮਲ ਦਿਲਾਂ ਅੰਦਰ,
ਗੰਦ ਰਿਦੇ ਵਿਚ 'ਵਾਸ਼ਨਾਂ'ਠਹਿਰ ਦੀ ਏ।
'ਕਾਮ ਵਾਸ਼ਨਾਂ' ਸਾੜ੍ਹੇ ਅਨੇਕ ਬੰਦੇ,
ਅੰਦਰ ਏਸਦੇ ਅੱਗ ਬਹੁ ਕਹਿਰ ਦੀ ਏ।
'ਚਰਨ' ਪ੍ਰੇਮ ਦੇ ਪਕੜ, ਏਹ ਦੇਵਤਾ ਹੈ,
ਪ੍ਰਭੂ ਪ੍ਰਾਪਤੀ ਵੀ 'ਪ੍ਰੇਮ' ਲਹਿਰ ਦੀ ਏ।

**ਸ੍ਰੀ ਗੁਰੂ ਗ੍ਰੰਥ ਪ੍ਰਮਾਣ:–**

(੧) ਜਿਹ ਤਨ ਬਿਰਹੁ ਨ ਊਪਜੈ ਸੋ ਤਨ ਜਾਣ ਮਸਾਣ।
(੨) ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ।
ਨਾਨਕਆਸ਼ਕ ਕਾਂਢੀਐ ਸਦ ਹੀ ਰਹੈ ਸਮਾਇ।
(੩) ਜਪ ਤਪ ਸੰਜਮ ਹਰਖ ਸੁਖ ਮਾਨ ਮਹਿਤ ਅਰੁ ਗਰਬ।

ਮੂਸਨ ਨਿਮਖਕ ਪ੍ਰੇਮ ਪਰ ਵਾਰ ਵਾਰ ਦਿਉਂ ਸਰਬ ।

(੪) ਮਗਨ ਭਇਓ ਪ੍ਰਿਅ ਪ੍ਰੇਮਸਿਉ ਸੁਧ ਨ ਸਿਮਰਤ ਅੰਗ।
ਪ੍ਰਗਟ ਭਇਓ ਸਭ ਲੋਅ ਮਹਿ ਨਾਨਕ ਅਧਮ ਪਤੰਗ।

(੫) ਜਉ ਤੁਮ ਗਿਰਿਵਰ ਤਉ ਹਮ ਮੋਰਾ।
ਜਉ ਤੁਮ ਚੰਦ ਹਮ ਭਏ ਹੈ ਚਕੋਰਾ।
ਜਉ ਤੁਮ ਦੀਵਰਾ ਤਉ ਹਮ ਬਾਤੀ।
ਜਉ ਤੁਮ ਤੀਰਥ ਤਉ ਹਮ ਜਾਤੀ।
ਸਾਚੀ ਪ੍ਰੀਤ ਹਮ ਤੁਮ ਸੰਗ ਜੋਰੀ।
ਤੁਮ ਸਿਉ ਜੋਰ ਅਵਰ ਸੰਗ ਤੋਰੀ।

## ਕੁਦਰਤੀ ਸੰਬੰਧ

### ੧੪—ਤੀਵੀਂ

ਹੇ ਪ੍ਰੇਮ ਦੀ ਸੁੰਦ੍ਰ ਸਪੁਤ੍ਰੀ ! ਸਿਆਣਪ ਦੀਆਂ ਗੱਲਾਂ ਕੰਨ ਲਾਕੇ ਸੁਣ ਅਤੇ ਸੋਚੀਆਂ ਗੱਲਾਂ ਨੂੰ ਆਪਣੇ ਦਿਲ ਦੇ ਅੰਦਰ ਥਾਂ ਦੇਹ, ਏਸ ਨਾਲ ਤੇਰੇ ਦਿਲ ਦੇ ਗੁਣ ਵਧਕੇ ਤੇਰੀ ਸੁੰਦਰਤਾ ਨੂੰ ਵਧਾਉਣਗੇ ਅਤ ਤੇਰੀ ਸੁੰਦ੍ਰਤਾ ਜੋ ਗੁਲਾਬ ਦੀ ਨਿਆਈਂ ਹੈ ਜਦੋਂ ਏਸਦਾ ਰੰਗ ਉਡ ਜਾਵੇਗਾ ਤਾਂ ਏਸਦੀ ਕੋਮਲਤਾ ਤੇ ਸੁਹੱਪਣ ਓਦੋਂ ਵੀ ਬ੍ਰਾਬਰ ਕਾਇਮ ਰਹਿਣਗੇ ।

ਜੁਆਨੀ ! ਹਾਂ, ਹਾਂ ਜੁਆਨੀ ਦੀਵਾਨੀ ਦੇ ਸਮੇ ਜਦੋਂ ਤੇਰੀ ਸੁੰਦਰ ਸੂਰਤ ਮਰਦਾਂ ਦੀਆਂ ਅੱਖਾਂ ਦਾ ਨਿਸ਼ਾਨਾ ਬਣੇਗੀ ਅਤੇ ਕੁਦਰਤ ਤੇਰੇ ਦਿਲ ਵਿਚ ਓਹਨਾਂ ਦੇ ਅਰਥ

ਪ੍ਰਗਟ ਕਰੇਗੀ ਓਸ ਵੇਲੇ ਓਹਨਾਂ ਦੀਆਂ ਮਨਮੋਹਣੀਆਂ ਗੱਲਾਂ ਨੂੰ ਹੁਸ਼ਿਆਰੀ ਨਾਲ ਸੁਣੀਂ ਅਤੇ ਆਪਣੇ ਦਿਲ ਨੂੰ ਸੰਭਾਲੀਂ, ਓਹਨਾਂ ਦੀਆਂ ਮਿੱਠੀਆਂ ਗੱਲਾਂ ਉਤੇ ਭੁੱਲ ਨਾਂ ਜਾਈਂ।

ਯਾਦ ਰੱਖ! ਤੂੰ ਆਦਮੀ ਦੀ ਸਾਥਣ, ਹਮਦਰਦ ਤੇ ਦੁਖਾਂ ਦਰਦਾਂ ਦੀ ਸਾਂਝੀਵਾਲ ਬਣਾਈ ਗਈ ਹੈਂ। ਤੂੰ ਉਸਦੀਆਂ ਖਾਹਸ਼ਾਂ ਨੂੰ ਪੂਰੀਆਂ ਕਰਨ ਵਾਲੀ ਟਹਿਲਣ ਨਹੀਂ ਹੈਂ, ਤੇਰੇ ਜੀਵਨ ਦਾ ਮਨਤੱਵ ਓਸਦੀਆਂ ਕਾਮ ਵਾਸ਼ਨਾਂ ਨੂੰ ਹੀ ਪੂਰਾ ਕਰਨਾ ਨਹੀਂ, ਸਗੋਂ ਜ਼ਿੰਦਗੀ ਦੀਆਂ ਕਠਿਨਾਈਆਂ ਵਿਚ ਓਸਦਾ ਹੱਥ ਵਟਾਉਣਾ ਹੈ। ਆਪਣੇ ਪ੍ਰੇਮ ਅਤੇ ਪਿਆਰ ਨਾਲ ਉਸਦੇ ਦਿਲ ਨੂੰ ਖੁਸ਼ ਰੱਖਣਾ ਅਤੇ ਆਪਣੀ ਆਗਿਆਕਾਰੀ ਅਰ ਲਾਡ ਨਾਲ ਓਸਨੂੰ ਪ੍ਰਸੰਨ ਰੱਖਣਾ ਤੇਰੇ ਏਸ ਦੁਨੀਆਂ ਵਿਚ ਆਉਣ ਦਾ ਮੁਖ ਪ੍ਰਯੋਜਨ ਹੈ। ਓਹ ਕੇਹੜੀ ਤੀਵੀਂ ਹੈ ਜੋ ਮਰਦ ਦੇ ਦਿਲ ਨੂੰ ਮੋਹ ਲੈਂਦੀ ਹੈ ਅਤੇ ਉਸਨੂੰ ਪ੍ਰੇਮ ਦੇ ਵੱਸ ਵਿਚ ਕਰਕੇ ਉਸਦੇ ਦਿਲ ਉਤੇ ਹਕੂਮਤ ਕਰਦੀ ਹੈ?

ਵੇਖੋ! ਔਹ ਸਾਮ੍ਹਣੇ ਵੱਡੇ ਮਾਣ ਨਾਲ ਤੁਰੀ ਜਾਂਦੀ ਹੈ, ਓਸਦਾ ਦਿਲ ਹਰ ਤਰਾਂ ਦੇ ਪਾਪਾਂ ਤੋਂ ਰਹਿਤ ਹੈ, ਲੱਜਾ ਨੇ ਓਸਦੀਆਂ ਅੱਖੀਆਂ ਨੂੰ ਆਪਣਾ ਘਰ ਬਣਾਯਾ ਹੋਯਾ ਹੈ ਅਤੇ ਸ਼ਰਮ ਨੇ ਉਸ ਦੀਆਂ ਗੱਲ੍ਹਾਂ ਨੂੰ ਲਾਲ ਕੀਤਾ ਹੋਯਾ ਹੈ, ਓਸਦਾ ਹੱਥ ਕੰਮ ਵਿਚ ਰੁੱਝਾ ਹੋਯਾ ਹੈ, ਓਸਦੇ ਕਦਮ ਅਵਾਰਾ ਫਿਰਨ ਲਈ ਨਹੀਂ ਓਠਦੇ। ਏਸਦੀ ਸ਼ਕਲ ਸੂਰਤ ਤੋਂ ਸਫਾਈ ਵੱਸਦੀ ਹੈ, ਏਸ ਦੀ

ਖ਼ੁਰਾਕ ਪਰਹੇਜ਼-ਗਾਰੀ ਦੇ ਹੱਥ ਨਾਲ ਤਿਆਰ ਹੁੰਦੀ ਹੈ, ਨਿੰਮ੍ਰਤਾ ਅਤੇ ਮਿਠਾ-ਬੋਲਣਾ ਇਸਦੇ ਸਿਰਤਾਜ ਹਨ।

ਏਸ ਦੀ ਅਵਾਜ਼ ਬੁਲਬੁਲ ਵਾਂਗ ਪਿਆਰੀ ਹੈ ਅਤੇ ਏਸਦੇ ਬੁੱਲਾਂ ਵਿਚੋਂ ਮਿਠਤ ਨਿਕਲਦੀ ਹੈ। ਏਸ ਦੀਆਂ ਗੱਲਾਂ ਤੋਂ ਸਿਆਨਪ ਪਰਗਟ ਹੁੰਦੀ ਹੈ। ਪ੍ਰਸ਼ਨ ਦੇ ਉੱਤਰ ਵਿਚ ਕੋਮਲਤਾ ਤੇ ਸੱਚ ਟਪਕਦਾ ਹੈ, ਓਹ ਬੜੀ ਆਗਯਾਕਾਰ ਹੈ, ਜਿਸ ਦੇ ਬਦਲੇ ਓਸ ਨੂੰ ਦਿਲੀ ਪ੍ਰਸੰਤਾ ਤੇ ਆਨੰਦ ਮਿਲਦਾ ਹੈ, ਓਹ ਸੋਚ ਸਮਝਕੇ ਤੁਰਦੀ ਹੈ। ਪਤਿੱਬ੍ਰਤਾ ਧਰਮ ਓਸ ਦਾ ਟਹਿਲੀਆ ਹੈ, ਓਸਦੀ ਅੱਖ ਵਿੱਚੋਂ ਪਿਆਰ ਅਤੇ ਨਿੰਮ੍ਰਤਾ ਬਰਸਦੀ ਹੈ,ਓਸ ਦਾ ਮਸਤਕ ਸਿਆਣਪ ਦਾ ਘਰ ਹੈ।

ਓਸਦੇ ਸਾਮ੍ਹਣੇ ਬਦਮਾਸ਼ ਦੀ ਜ਼ਬਾਨ ਬੰਦ ਹੋ ਜਾਂਦੀ ਹੈ, ਓਸ ਦੀ ਨੇਕੀ, ਧਰਮ ਅਤੇ ਪਵਿੱਤ੍ਰਤਾ ਦਾ ਤੇਜ਼ ਓਸ ਨੂੰ ਮੰਦਾ ਚੰਗਾ ਬਕਣ ਤੋਂ ਰੋਕ ਦੇਂਦਾ ਹੈ।

ਓਸਦਾ ਦਿਲ ਨੇਕੀ ਦਾ ਭੰਡਾਰ ਹੈ, ਏਸ ਵਾਸਤੇ ਓਹ ਦੂਜਿਆਂ ਨੂੰ ਵੀ ਆਪਣੇ ਵਰਗਾ ਨੇਕ ਹੀ ਸਮਝਦੀ ਹੈ। ਓਹ ਆਦਮੀ ਕੇਹਾ ਭਾਗਾਂ ਵਾਲਾ ਹੋਵੇਗਾ ਜਿਸ ਦੀ ਸੁਪਤਨੀ ਅਜੇਹੀ ਨੇਕ ਹੋਵੇਗੀ, ਅਤੇ ਓਹ ਪੁਤ੍ਰ ਕਿਹਾ ਹੀ ਸੁਭਾਗ ਹੋਵੇਗਾ ਜੋ ਓਸ ਨੂੰ 'ਮਾਂ' ਆਖ ਸਕੇਗਾ।

ਓਹ ਘਰ ਵਿੱਚ ਰਹਿੰਦੀ ਅਤੇ ਘਰ ਦਾ ਸਾਰਾ ਪ੍ਰਬੰਧ ਆਪ ਕਰਦੀ ਹੈ, ਓਸ ਦੀ ਹਕੂਮਤ ਸਿਆਣਪ ਦੀ ਹਕੂਮਤ ਹੈ ਅਤੇ ਓਸਦੇ ਹੁਕਮਾਂ ਨੂੰ ਸਾਰੇ ਜਣੇ ਬਿਨਾਂ ਹੀਲ ਹੁੱਜਤ ਦੇ ਸਿਰ ਮੱਥੇ ਤੇ ਪ੍ਰਵਾਨ ਕਰਦੇ ਹਨ।

ਓਹ ਤੜਕੇ ਹੀ ਉਠ ਖਲੋਂਦੀ ਹੈ ਅਤੇ ਅੱਜ ਦੇ ਦਿਨ ਦੇ ਸਾਰੇ ਕੰਮ ਸੋਚਕੇ ਓਹਨਾਂ ਦੇ ਪੂਰਾ ਕਰਨ ਦਾ ਪ੍ਰਬੰਧ ਅਰੰਭ ਦੇਂਦੀ ਹੈ।

ਓਹ ਆਪਣੇ ਟੱਬਰ ਦੀ ਰਾਖੀ ਵਿੱਚ ਹੀ ਪ੍ਰਸੰਨ ਰਹਿੰਦੀ ਹੈ ਅਤੇ ਓਸਦੀ ਭਲਿਆਈ ਤੇ ਉੱਨਤੀ ਦੀਆਂ ਵਿਓਂਤਾਂ ਸੋਚਦੀ ਰਹਿੰਦੀ ਹੈ, ਓਸਦੇ ਘਰ ਸਫਾਈ ਤੇ ਸਜਾਵਟ ਦਿਸਦੀ ਹੈ, ਓਹ ਬੱਚਤ ਅਤੇ ਦੂਰ ਦੀ ਸੋਝੀ ਤੋਂ ਕੰਮ ਲੈਂਦੀ ਹੈ। ਓਸਦੇ ਘਰ ਦਾ ਪ੍ਰਬੰਧ ਓਸਦੇ ਪਤੀ ਦੇ ਮਾਨ ਦਾ ਕਾਰਨ ਹੈ। ਲੋਕ ਓਸਦੇ ਪਤੀ ਦੀ ਉਪਮਾ ਕਰਦੇ ਹਨ ਅਤੇ ਓਹ ਚੁਪ ਕਰਕੇ ਪ੍ਰਸੰਨ ਹੋਕੇ ਸੁਣਦਾ ਰਹਿੰਦਾ ਹੈ।

ਓਹ ਆਪਣੇ ਬੱਚਿਆਂ ਨੂੰ ਸਿਆਣਪ ਦੀਆਂ ਗੱਲਾਂ ਸਿਖਾਉਂਦੀ ਹੈ, ਓਹ ਆਪਣੇ ਨੇਕ ਨਮੂਨੇ ਨਾਲ ਓਹਨਾਂ ਦੇ ਚਾਲ ਚਲਨ ਚੰਗੇ ਤੇ ਨੇਕ ਬਣਾਉਂਦੀ ਹੈ, ਓਸਦੀ ਜ਼ਬਾਨ ਦਾ ਇਕ ਇਕ ਲਫਜ਼ ਓਹਨਾਂ ਦੀ ਜੁਆਨੀ ਦਾ ਕਾਨੂਨ ਅਤੇ ਆਗੂ ਹੁੰਦਾ ਹੈ, ਓਹ ਆਪਣੀ ਸਤਵੰਤੀ ਤੇ ਅਕਲ ਦੀ ਕੋਟ ਮਾਂ ਦੀ ਸੈਨਤ ਵੇਖਦਿਆਂ ਹੀ ਓਸਦੀ ਆਗਿਆ ਪਾਲਨ ਕਰਦੇ ਹਨ।

ਓਹ ਬੋਲਦੀ ਹੈ ਅਤੇ ਓਸਦੇ ਨੌਕਰ ਓਸਦੇ ਹੁਕਮ ਉਤੇ ਅਮਲ ਕਰਨ ਨੂੰ ਭੱਜ ਉਠਦੇ ਹਨ। ਓਹ ਕੇਵਲ ਇਕ ਸੈਨਤ ਕਰਦੀ ਹੈ ਅਤੇ ਕੰਮ ਹੋ ਜਾਂਦਾ ਹੈ, ਕਿਉਂਕਿ ਓਸਦੀ ਮੁਹੱਬਤ ਦਾ ਕਾਨੂਨ ਸਾਰਿਆਂ ਦੇ ਦਿਲਾਂ ਉਤੇ ਅਸਰ ਪਾਈ ਰਖਦਾ ਹੈ। ਓਸਦੀ ਮੇਹਰਬਾਨੀ ਕਾਮਿਆਂ ਦੀਆਂ ਲੋੜਾਂ ਨੂੰ ਵਧੀਕ ਤਾਕਤ ਦੇਂਦੀ ਹੈ। ਬਖਤਾਵਰੀ ਵੇਲੇ ਓਹ

ਹੰਕਾਰਨ ਨਹੀਂ ਬਣਦੀ ਅਤੇ ਬਿਪਤਾ ਵੇਲੇ ਓਹ ਸਬਰ ਨਾਲ ਕਿਸਮਤ ਦੇ ਫੱਟਾਂ ਉਤੇ ਮੱਲ੍ਹਮ ਪੱਟੀ ਕਰਦੀ ਹੈ। ਓਸਦੇ ਪਤੀ ਦੇ ਦੁਖ ਓਸਦੀ ਸਲਾਹ ਨਾਲ ਹੌਲੇ ਹੋ ਜਾਂਦੇ ਹਨ ਅਤੇ ਏਸਦੇ ਲਾਡ ਨਾਲ ਦੁੱਖਾਂ ਦੀ ਪੀੜ ਜਾਂਦੀ ਰਹਿੰਦੀ ਹੈ। ਪਤੀ ਆਪਣਾ ਦਿਲ ਆਪਣੀ ਪਿਆਰੀ ਪਤਨੀ ਦੇ ਦਿਲ ਵਿਚ ਉਲਟਾ ਦੇਂਦਾ ਹੈ ਅਤੇ ਓਹਦੇ ਅੰਦਰੋਂ ਸ਼ਾਂਤੀ ਤੇ ਸੁਖ ਪ੍ਰਾਪਤ ਕਰਦਾ ਹੈ।

ਸੁਭਾਗ ਹੈ ਓਹ ਆਦਮੀ ਜਿਸ ਦੀ ਅਜੇਹੀ ਅਰਧੰਗੀ ਹੋਵੇ, ਅਤੇ ਭਾਗਾਂ ਵਾਲੀ ਹੈ ਓਹ ਉਲਾਦ ਜੋ ਓਸਦੀ ਕੁੱਖੋਂ ਪੈਦਾ ਹੋਵੇ !

ਬੈਂਤ–

ਤੀਵੀਂ, ਨਾਹਿੰ ਨੀਵੀਂ, ਪੂਜਨ ਜੋਗ ਤੀਵੀਂ,
ਜੇਹੜੀ ਇਸਤ੍ਰੀ ਗੁਣਾਂ ਭੰਡਾਰ ਹੋਵੇ।
ਧਰਮ, ਕਰਮ ਵਾਲੀ, ਲਾਜ, ਸ਼ਰਮ ਵਾਲੀ,
ਹਿਰਦੇ ਮਰਮ, ਸਤਵੰਤੜੀ ਨਾਰ ਹੋਵੇ।
ਭਰਤਾ ਆਪਣਾ ਸਮਝਦੀ ਰੂਪ "ਕਰਤਾ",
ਗ਼ਮਖ਼੍ਵਾਰ ਉਸਦੀ ਜਾਂ ਨਿਸਾਰ ਹੋਵੇ।
ਸ਼ੁਭ ਉਪਦੇਸ਼ ਦੇਵੇ, ਬੱਚੀ ਬੱਚਿਆਂ ਨੂੰ,
ਓਨ੍ਹਾਂ ਤਈਂ ਦਸਦੀ ਨੇਕੀ ਕਾਰ ਹੋਵੇ।
ਮਿੱਠਾ ਬੋਲ, ਸ਼ਾਂਤੀ, ਸਹਿਨਸੀਲਤਾ ਵੀ,
ਹਿਰਦੇ ਵਿੱਚ ਉਸਦੇ ਪ੍ਰੇਮ, ਪਿਆਰ ਹੋਵੇ।
ਦਾਨੀ, ਮਾਨੀ ਤੇ ਅਕਲ ਦਾ ਕੋਟ ਦੇਵੀ,
"ਦੁਖੀ" ਦੇਖਕੇ ਕਰਦੀ ਉਪਕਾਰ ਹੋਵੇ।

ਐਪਰ ਲੱਖ-ਲਾਨਤ, ਨਰਕਾਂ ਜੋਗ ਹੈ ਓਹ,
ਗੰਦੀ ਨਾਰ ਭੈੜੀ ਜੋ ਬਦਕਾਰ ਹੋਵੇ।
"ਚਰਨ" ਚੁੰਮਦੇ ਦੇਵੀਆਂ ਦੇਵ ਆਕੇ,
ਨੇਕ, ਪੜ੍ਹੀ, ਸਤਵੰਤੀ ਜੋ ਨਾਰ ਹੋਵੇ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ-

(੧) ਹੁਕਮ ਮੰਨ ਹੋਵੈ ਪ੍ਰਵਾਣੁ ਤਾ ਖਸਮੈ ਕਾ ਮਹਿਲੁ ਪਾਇਸੀ ॥ ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ।

(੨) ਸੀਲ ਸੰਜਮ ਪ੍ਰਿਅ ਆਗਿਆ ਮਾਨੈ। ਤਿਸੁ ਨਾਰੀ ਕਉ ਦੁਖੁ ਨ ਜਮਾਨੈ।

(੩) ਸਾ ਗੁਣਵੰਤੀ ਸਾ ਵਡਭਾਗਣਿ। ਪੁਤ੍ਰਵੰਤਿ ਸੀਲਵੰਤਿ ਸੁਹਾਗਣਿ। ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ।ਆਚਾਰਵੰਤਿ ਸਾਈ ਪਰਧਾਨੇ। ਸਭ ਸਿੰਗਾਰ ਬਣੇ ਤਿਸੁ ਗਿਆਨੇ।ਸਾ ਕੁਲਵੰਤੀ ਸਾ ਸਭਰਾਈ ਜੋ ਪਿਰਕੈ ਰੰਗ ਸਵਾਰੀ ਜੀਉ। ਮਹਿਮਾ ਤਿਸਕੀ ਕਹਿਣ ਨ ਜਾਇ। ਜੋ ਪਿਰ ਮੇਲ ਲਈ ਅੰਗ ਲਾਇ। ਥਿਰ ਸੁਹਾਗ ਵਰ ਅਗਮ ਅਗੋਚਰ ਜਨ ਨਾਨਕ ਪ੍ਰੇਮ ਸਧਾਰੀ ਜੀਉ।

----

## ੧੫-ਪਤੀ

ਇੱਕੋ ਤੀਵੀਂ ਨੂੰ ਆਪਣੀ ਵਹੁਟੀ ਬਣਾ ਅਤੇ ਵਾਹਿਗੁਰੂ ਦੇ ਹੁਕਮ ਦੀ ਪਾਲਣਾ ਕਰ! ਵਿਆਹ ਕਰ ਅਤੇ ਬ੍ਰਾਦਰੀ ਦਾ ਮਾਨਜੋਗ ਰਤਨ ਬਣ ਜਾਹ! ਪਰ ਏਸ

ਮਾਮਲੇ ਵਿਚ ਕਾਹਲੀ ਨਾ ਕਰ, ਸੋਚ ਸਮਝਕੇ ਪੈਰ ਚੁਕ, ਕਿਉਂਕਿ ਤੇਰੇ ਜੀਵਨ ਦੀ ਖ਼ੁਸ਼ੀ ਅਤੇ ਸੁਖ ਇਸਤ੍ਰੀ ਦੀ ਚੰਗੀ ਚੋਣ ਉਤੇ ਹੀ ਨਿਰਭਰ ਹੈ।

ਜੇ ਉਸਦਾ ਬਹੁਤ ਸਾਰਾ ਸਮਾ ਪੁਸ਼ਾਕਾਂ ਸੁਆਰਨ ਅਤੇ ਸ਼ਿੰਗਾਰ ਕਰਨ ਵਿਚ ਹੀ ਬੀਤ ਜਾਂਦਾ ਹੈ, ਜਾਂ ਜੇ ਉਸਨੂੰ ਆਪਣੀ ਸੁੰਦ੍ਰਤਾ ਦਾ ਹੰਕਾਰ ਹੈ ਅਤੇ ਵਾਹ ਵਾਹ ਪ੍ਰਾਪਤ ਕਰਨ ਦੀ ਚਾਹਵਾਨ ਹੈ, ਜੇ ਓਹ ਬਹੁਤ ਬੋਲਦੀ ਅਤੇ ਹਿਣਹਿਣ ਕਰਕੇ ਹਸਦੀ ਹੈ, ਜੇ ਉਸਦੇ ਪੈਰ ਪੇਕਿਆਂ ਦੇ ਘਰ ਨਹੀਂ ਟਿਕਦਾ ਅਤੇ ਹਰੇਕ ਆਦਮੀ ਦੇ ਚੇਹਰੇ ਵਲ ਘੂਰ ਘੂਰ ਕੇ ਤੱਕਦੀ ਹੈ, ਭਾਵੇਂ ਓਹ ਸੁੰਦ੍ਰਤਾ ਤੇ ਸੁਹੱਪਣ ਵਿਚ ਸੂਰਜ ਤੇ ਚੰਦ੍ਰਮਾਂ ਨਾਲੋਂ ਵੀ ਵਧਕੇ ਹੋਵੇ, ਪਰ ਤੂੰ ਉਸਦੀ ਸੁੰਦ੍ਰਤਾ ਅਤੇ ਮਨਮੋਹਣੇ ਹਾਵ ਭਾਵਾਂ ਦਾ ਰਤਾ ਵੀ ਖਿਆਲ ਨਾਂ ਕਰ। ਆਪਣੇ ਪੈਰਾਂ ਨੂੰ ਉਸਦੇ ਰਸਤਿਆਂ ਤੋਂ ਦੂਰ ਰਖ ਅਤੇ ਆਪਣੇ ਦਿਲ ਵਿਚ ਉਸਦਾ ਪਿਆਰ ਬਿਲਕੁਲ ਨਾਂ ਧਸਣ ਦੇਹ।

ਜਿੱਥੋਂ ਤਕ ਹੋ ਸਕੇ ਸੁਘੜ, ਨੇਕਚਲਨ, ਪੜ੍ਹੀ ਲਿਖੀ ਅਤੇ ਸੁੰਦਰ ਲੜਕੀ ਨਾਲ ਵਿਆਹ ਕਰ, ਕਿਉਂਕਿ ਅਜੇਹੀ ਤੀਵੀਂ ਤੇਰੀ ਅਰਧੰਗੀ ਬਣਨ ਦੇ ਯੋਗ ਹੈ, ਓਹ ਤੇਰੀ ਸੱਚੀ ਸਾਥਣ ਅਤੇ ਤੇਰੀ ਮੁਹੱਬਤ ਦੇ ਹਰ ਤਰਾਂ ਲਾਇਕ ਹੋਵੇਗੀ। ਤੂੰ ਉਸਨੂੰ ਰੱਬੀ ਨਿਆਮਤ ਸਮਝ, ਤੂੰ ਉਸਦੇ ਨਾਲ ਕ੍ਰਿਪਾਲਤਾ ਅਤੇ ਪ੍ਰੇਮ ਦਾ ਵਰਤਾਓ ਕਰ ਤਾਂ ਜੋ ਤੇਰਾ ਪਿਆਰ ਉਸਦੇ ਦਿਲ ਨੂੰ ਮੋਹ ਲਵੇ।

ਓਹ ਤੇਰੇ ਘਰ ਦੀ ਮਲਕਾਂ ਹੈ, ਤੂੰ ਉਸਦੀ ਇੱਜ਼ਤ

ਕਰ ਤਾਂ ਜੋ ਤੇਰੇ ਨੌਕਰ ਵੀ ਓਸਦੇ ਹੁਕਮ ਮੰਨਣ, ਓਸ ਦੀਆਂ ਖਾਹਸ਼ਾਂ ਦਾ ਅਕਾਰਨ ਹੀ ਵਿਰੋਧ ਨਾਂ ਕਰ, ਓਹ ਤੇਰੇ ਦੁਖਾਂ ਦੀ ਹਿੱਸੇਦਾਰ ਅਤੇ ਤੇਰੇ ਭੇਤਾਂ ਦੀ ਮਹਿਰਮ ਹੈ, ਓਸਨੂੰ ਆਪਣੀਆਂ ਖੁਸ਼ੀਆਂ ਵਿਚੋਂ ਵੀ ਹਿੱਸਾ ਦੇਹ।

ਜੇ ਤੂੰ ਓਹਦੇ ਵਿਚ ਕੋਈ ਨੁਕਸ ਵੇਖਦਾ ਹੈਂ ਤਾਂ ਨਰਮੀ ਅਤੇ ਪਿਆਰ ਨਾਲ ਸਮਝਾ, ਧੱਕੇ ਅਤੇ ਸਖਤੀ ਨਾਲ ਉਸਨੂੰ ਆਪਣਾ ਕਿਹਾ ਮਨਵਾਉਣ ਵਾਸਤੇ ਤੰਗ ਨਾਂ ਕਰ, ਤੂੰ ਆਪਣੇ ਦਿਲ ਦੀਆਂ ਗੱਲਾਂ ਓਸਦੇ ਪਾਸੋਂ ਲੁਕਾ ਕੇ ਨਾਂ ਰੱਖ, ਓਹ ਤੇਰੀ ਸੱਚੀ ਵਜ਼ੀਰ ਅਤੇ ਆਗਯਾਕਾਰ ਸਲਾਹਕਾਰ ਹੈ, ਓਹਦੇ ਪਾਸੋਂ ਤੈਨੂੰ ਕੋਈ ਧੋਖਾ ਨਹੀਂ, ਤੂੰ ਓਹਦੇ ਨਾਲ ਪ੍ਰੇਮ ਤੋੜ ਕੇ ਜ਼ੁਲਮ ਨਾਂ ਕਰ ਅਤੇ ਦੂਜਿਆਂ ਦੀਆਂ ਨੂੰਹਾਂ ਧੀਆਂ ਵਲ ਨਾਂ ਤੱਕ, ਕਿਉਂਕਿ ਓਹ ਤੇਰੇ ਬੱਚਿਆਂ ਦੀ ਮਾਂ ਹੈ।

ਜੇ ਕਦੀ ਓਹ ਰੋਗਣ ਹੋਵੇ ਜਾਂ ਓਸਨੂੰ ਹੋਰ ਕਿਸੇ ਤਰਾਂ ਦਾ ਦੁਖ ਹੋਵੇ ਤਾਂ ਤੂੰ ਪਿਆਰ ਨਾਲ ਓਸਦੀ ਪੀੜ ਨੂੰ ਦੂਰ ਕਰ। ਤੇਰੀ ਪ੍ਰੇਮ ਅਤੇ ਹਮਦਰਦੀ ਵਾਲੀ ਨਜ਼ਰ ਨਾਲ ਓਸਦੇ ਦੁਖ ਨੂੰ ਜੋ ਅਰਾਮ ਹੋਵੇਗਾ, ਓਸਦਾ ਅਸਰ ਦਸਾਂ ਹਕੀਮਾਂ ਦੇ ਵਧੀਆ ਤੋਂ ਵਧੀਆ ਨੁਸਖਿਆਂ ਨਾਲੋਂ ਵੀ ਵਧਕੇ ਹੋਵੇਗਾ।

ਏਹ ਵੀ ਯਾਦ ਰਖ ਕਿ ਤੇਰੀ ਇਸਤ੍ਰੀ ਕੋਮਲ ਦਿਲ ਵਾਲੀ ਹੈ, ਓਸਦਾ ਸਰੀਰ ਨਾਜ਼ਕ ਹੈ ਅਤੇ ਓਸਦੇ ਦਿਲ ਉਤੇ ਹਰੇਕ ਮੰਦੀ ਚੰਗੀ ਗੱਲ ਦਾ ਛੇਤੀ ਅਸਰ ਹੋ ਜਾਂਦਾ ਹੈ। ਓਸਦੀ ਕਮਜ਼ੋਰੀ ਨੂੰ ਸਹਾਰ, ਯਾਦ ਰਖ ਕਿ ਤੇਰੇ ਅੰਦਰ ਵੀ ਕਈ ਕਮਜ਼ੋਰੀਆਂ ਹਨ।

ਬੈਂਤ:-

ਪਤੀ, ਜਤੀ ਹੈ, ਸੱਚੜਾ ਪਤੀ ਹੈ ਜੋ,
ਵਹੁਟੀ ਆਪਣੀ ਨੂੰ ਅੱਧਾ ਅੰਗ ਜਾਣੇ।
ਪਤਨੀ ਬਿਨਾ ਸਭ ਨੂੰ ਮਾਉਂ ਭੈਣ ਜਾਣੇ,
ਘੋਰ ਪਾਪ, "ਪਰ ਇਸਤ੍ਰੀ ਸੰਗ" ਜਾਣੇ।
'ਕਾਮ ਵਾਸ਼ਨਾ' ਨੂੰ ਪੈਰਾਂ ਹੇਠ ਮਿੱਧੇ,
"ਕਾਮ ਦੇਵ" ਜਿੱਤਣ ਕਰਕੇ ਜੰਗ ਜਾਣੇ।
ਪਾਲੇ ਫਰਜ਼ ਅਪਨੇ ਪੂਰੇ ਮਰਦ ਵਾਂਗੂ,
ਜੀਵਣ ਨੇਕ ਬਣਾਵਣ ਦੇ ਢੰਗ ਜਾਣੇ।
ਓਹ ਕੀ ਮਰਦ ਜੋ ਕਾਮ ਦੇ ਨਿਰੇ ਗੋੱਲੇ,
ਕੁੱਤੇ ਵਾਂਗ ਹਰਦਮ ਹਲਕ ਹਲਕ ਕਰਦੇ।
ਤਾੜ, ਘੂਰ, ਗੈਰਾਂ ਬਹੂ ਬੇਟੀਆਂ ਨੂੰ,
ਦੁਖੀ ਆਂਢ ਗੁਆਂਢ ਦੀ ਖ਼ਲਕ ਕਰਦੇ।
ਵਿਸ਼ੇ ਲਈ ਹਨ ਤਿਆਰ ਹਰ ਵਕਤ ਐਪਰ,
ਧਰਮ ਕਾਜ ਨੂੰ ਅੱਜ ਤੇ ਭਲਕ ਕਰਦੇ।
'ਚਰਨ' ਪਾਪ ਦੇ ਲੱਗਦੇ, ਫਰਜ਼ ਘੁੱਥੇ,
ਜ਼ਹਿਰ ਪੀਵਣੇ ਨੂੰ ਚੌੜਾ ਹਲਕ ਕਰਦੇ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:-

(੧) ਘਰ ਕੀ ਨਾਰ ਤਿਆਗੈ ਅੰਧਾ।
ਪਰ ਨਾਰੀ ਸਿਉ ਘਾਲੈ ਧੰਧਾ॥
(੨) ਪਰ ਧਨ ਪਰ ਦਾਰਾ ਪਰ ਹਰੀ।
ਤਾਕੈ ਨਿਕਟ ਵਸੈ ਨਰ ਹਰੀ॥
(੩) ਪਰ ਤ੍ਰਿਅ ਰਾਵਣ ਜਾਹਿ ਸੇਈ ਤਾ ਲਾਜੀਅਹਿ।

ਪ੍ਰਮਾਣ ਭਈ ਗੁਰਦਾਸ ਜੀ:-

(੪) ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ॥
ਦੇਖ ਪਰਾਈਆਂ ਚੰਗੀਆਂ ਮਾਵਾਂ ਧੀਆਂ ਭੈਣਾਂ ਜਾਣੈ॥

(੫) ਤਕਹਿ ਨਾਰ ਪਰਾਈਆਂ ਲੁਕ ਅੰਦਰ ਠਾਣੀ।
ਅਜਰਾਈਲ ਫਰੇਸਤਾ ਤਿਲ ਪੀੜੇ ਘਾਣੀ॥

----

## ੧੬-ਪਿਤਾ

ਤੂੰ ਜੋ ਪਿਓ ਹਾਂ, ਆਪਣੀ ਅਮਾਨਤ ਦੀ ਵਡ-ਮੁੱਲਤਾ ਉਤੇ ਧਿਆਨ ਕਰ। ਜਿਸ ਬੱਚੇ ਦੇ ਜੰਮਣ ਦਾ ਤੂੰ ਕਾਰਨ ਬਣਿਆ ਹੈਂ ਓਸਦੀ ਪਾਲਣਾ ਕਰਨੀ ਤੇਰਾ ਮੁਖ ਫਰਜ਼ ਹੈ।

ਬੱਚੇ ਨੂੰ ਆਪਣੇ ਵਾਸਤੇ ਨਿਆਮਤ ਜਾਂ ਦੁੱਖ ਬਣਾਉਣਾ ਤੇਰੇ ਆਪਣੇ ਹੱਥ ਵਿਚ ਹੈ। ਜੇ ਤੂੰ ਚਾਹੇਂ ਤਾਂ ਤੇਰਾ ਬੱਚਾ ਨਿਕੰਮਾ ਤੇ ਨਲੈਕ ਹੋਵੇਗਾ ਅਤੇ ਜੇ ਤੂੰ ਚਾਹੇਂ ਤਾਂ ਓਹ ਭਲਾ ਤੇ ਚੰਗਾ ਆਦਮੀ ਬਣ ਸਕਦਾ ਹੈ। ਇਸ ਵਾਸਤੇ ਮੱਢ ਤੋਂ ਹੀ ਓਸ ਦੇ ਸੁਧਾਰ ਦਾ ਧਿਆਨ ਰੱਖ ਅਤੇ ਓਸਦੇ ਦਿਲ ਉਤੇ ਸਚਿਆਈ ਦੀਆਂ ਗੱਲਾਂ ਉੱਕਰ ਦੇਹ, ਓਸਦੇ ਦਿਲ ਦੇ ਮੋੜਾਂ ਦਾ ਖਿਆਲ ਰੱਖ, ਜੁਆਨੀ ਵਿਚ ਓਸਦਾ ਆਗੂ ਬਣ, ਅਜਿਹਾ ਨਾਂ ਹੋਵੇ ਕਿ ਭੈੜੀਆਂ ਵਾਦੀਆਂ ਓਸਦਾ ਨਾਸ ਕਰ ਦੇਣ।

ਜੇ ਤੂੰ ਓਸਦੀ ਰਾਖੀ ਕਰੇਂ ਤਾਂ ਓਹ ਸਫੈਦੇ ਦੇ ਬ੍ਰਿਛ ਵਾਂਗ ਵਧੇਗਾ ਅਤੇ ਹੋਰਨਾਂ ਬ੍ਰਿਛਾਂ ਨਾਲੋਂ ਓਸਦਾ ਸਿਰ ਉੱਚਾ ਨਜ਼ਰ ਆਵੇਗਾ।

ਚੰਦਰੀ ਉਲਾਦ ਪਿਤਾ ਵਾਸਤੇ ਬਦਨਾਮੀ ਹੈ, ਪਰ ਸਦਾਚਾਰੀ ਪੁਤ੍ਰ ਪਿਓ ਦੀ ਇੱਜ਼ਤ ਤੇ ਨੇਕਨਾਮੀ ਦਾ ਕਾਰਨ ਹੁੰਦਾ ਹੈ।

ਇਹ ਧਰਤੀ ਤੇਰੀ ਆਪਣੀ ਹੈ, ਏਸਨੂੰ ਤਿਆਰ ਕਰਨ ਵੇਲੇ ਬੇਪਰਵਾਹੀ ਨਾਂ ਕਰ, ਏਸਦੇ ਅੰਦਰ ਜਿਸ ਤਰਾਂ ਦਾ ਬੀ ਬੀਜਿਆ ਜਾਵੇਗਾ, ਉਜੇਹਾ ਹੀ ਫਲ ਉੱਗੇਗਾ। ਤੂੰ ਓਸਨੂੰ ਆਗਿਆਕਾਰੀ ਸਿਖਾ ਤਾਂ ਓਹ ਵੱਡਾ ਹੋ ਕੇ ਤੈਨੂੰ ਅਸੀਸਾਂ ਦਿਆ ਕਰੇਗਾ। ਓਸਨੂੰ ਸਹਿਨ ਸੀਲਤਾ ਤੇ ਨਿੰਮ੍ਰਤਾ ਸਿਖਾ, ਫੇਰ ਓਹ ਕਦੇ ਤੇਰੇ ਪਾਸੋਂ ਸ਼ਰਮਿੰਦਾ ਨਹੀਂ ਹੋਵੇਗਾ। ਓਸਨੂੰ ਧੰਨਵਾਦੀ ਬਨਣਾ ਸਿਖਾ, ਓਹ ਏਸ ਗੁਣ ਤੋਂ ਲਾਭ ਲਿਆ ਕਰੇਗਾ। ਓਸਨੂੰ ਸਾਰਿਆਂ ਨਾਲ ਪ੍ਰੇਮ ਕਰਨ ਦੀ ਸਿੱਖਯਾ ਦੇਹ, ਜਿਸ ਨਾਲ ਓਹ ਲੋਕਾਂ ਦਾ ਹਰ-ਮਨ-ਪਿਆਰਾ ਬਣ ਜਾਵੇਗਾ। ਓਸਨੂੰ ਭਲਮਣਸਊ ਸਿਖਾ, ਜਿਸ ਨਾਲ ਓਹ ਖੂਬ ਮੋਟਾ ਤਾਜ਼ਾ ਤੇ ਬਲਵਾਨ ਬਣ ਜਾਵੇਗਾ। ਓਸਨੂੰ ਦੂਰ ਦੀ ਸੋਝੀ ਦੱਸ ਤਾਂ ਓਹ ਬਖ਼ਤਾਵਰ ਬਣ ਜਾਵੇਗਾ। ਓਸਨੂੰ ਨਿਆਉਂ ਦਾ ਪੱਖ ਕਰਨਾ ਸਿਖਾ, ਫੇਰ ਓਹ ਦੁਨੀਆਂ ਵਿੱਚ ਮਾਨਨੀਯ ਤੇ ਨੇਕ ਨਾਮ ਹੋਵੇਗਾ। ਓਸਨੂੰ ਸਚ ਸਿਖਾ, ਓਹਦਾ ਦਿਲ ਕਦੇ ਓਸਨੂੰ ਲਾਨਤਾਂ ਤੇ ਧ੍ਰਿਕਾਰਾਂ ਨਹੀਂ ਪਾਵੇਗਾ। ਓਸਨੂੰ ਮੇਹਨਤੀ ਬਣਾ, ਓਸਦਾ ਧਨ ਮਾਲ ਕੌੜੀ ਵੇਲ ਵਾਂਗ ਵਧੇਗਾ। ਓਸਨੂੰ ਦਾਨ ਕਰਨ ਦਾ ਵੱਲ ਸਿਖਾ ਤਾਂ ਉਸਦਾ ਮਨ ਉੱਚਾ ਤੇ ਦਿਲ ਦਰਯਾ ਹੋ ਜਾਵੇਗਾ। ਓਸਨੂੰ ਹੁਨਰ ਤੇ ਪਦਾਰਥ ਵਿੱਦਜਾ ਸਿਖਾ ਤਾਂ ਓਸਦਾ ਜੀਵਨ ਹੋਰਨਾਂ ਵਾਸਤੇ ਲਾਭਦਾਇਕ

ਹੋਵੇਗਾ। ਓਸਨੂੰ ਧਰਮੀ ਬਣਾ ਤਾਂ ਓਸਦੀ ਮੌਤ ਸੁਖ ਦੀ ਮੌਤ ਹੋਵੇਗੀ।

ਬੰਤ:-

ਪਿਤਾ ਵਾਸਤੇ ਨਿਆਮਤ ਸੰਸਾਰ ਦੀ ਹੈ,
ਬੱਚੇ ਬੱਚੀਆਂ ਨੇਕ ਔਲਾਦ ਹੋਵੇ।
ਲੈਕ, ਭਲੀ ਤੇ ਨੇਕ ਔਲਾਦ ਤਾਈਂ,
ਦੇਖ ਬਾਪ ਸੰਦਾ ਹਿਰਦਾ ਸ਼ਾਦ ਹੋਵੇ।
ਪਾਪੀ, ਗੰਦੀ, ਨਾਲੈਕ ਔਲਾਦ ਨਾਲੋਂ,
ਚੰਗਾ ਅਹੇ ਜੇਕਰ ਬੇਔਲਾਦ ਹੋਵੇ।
ਫਲ ਵੀ ਹੋਣ ਚੰਗੇ ਐਪਰ ਤਦੇ, ਜੇਕਰ
ਬੀਜ, ਧਰਤ ਚੰਗੇ, ਚੰਗੀ ਖਾਦ ਹੋਵੇ।
ਤੇਰਾ ਫਰਜ਼ ਹੈ ਬਣੇਂ ਖੁਦ ਨੇਕ ਪਹਿਲੇ,
ਬਣਨਾਂ ਨੇਕ ਦੱਸੇਂ ਫੇਰ ਬੱਚਿਆਂ ਨੂੰ।
ਉੱਤਮ ਸਿੱਖਯਾ, ਵਿੱਦਯਾ ਦਏਂ ਓਹਨਾਂ,
ਰਖੇਂ ਪਾਕ ਓਹਨਾਂ ਹਿਰਦੇ ਸੱਚਿਆਂ ਨੂੰ।
ਵਰਨਾ ਪਾਪ 'ਗਨ ਭੜਕ ਜੇ ਪਏ ਤਾਂ ਫਿਰ,
ਮੁਸ਼ਕਲ ਸ਼ਾਂਤ ਕਰਨਾ ਭਾਂਬੜ ਮੱਚਿਆਂ ਨੂੰ।
"ਚਰਨ" ਸਾਂਭ ਕੇ ਲਵੀਂ ਪਕਾ ਏਹਨਾਂ,
ਗੰਦੇ ਹੋਣ ਨਾਂ ਦੇਹ ਫਲਾਂ ਕੱਚਿਆਂ ਨੂੰ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:-

(੧) ਕਰ ਉਪਦੇਸ਼ ਝਿੜਕੈ ਬਹੁ ਭਾਤੀ
ਬਹੁੜ ਪਿਤਾ ਗਲ ਲਾਵੈ ॥

———

## ੧੭–ਪੁਤ੍ਰ

ਰੱਬ ਦੇ ਬੰਦਿਆਂ ਪਾਸੋਂ ਸਿਆਣਪ ਸਿੱਖ, ਅਤੇ ਜੇਹੜੀ ਸਿੱਖਿਆ ਮਿਲੇ ਓਸ ਨਾਲ ਆਪਣੇ ਆਪਨੂੰ ਲਾਭ ਪੁਚਾ। ਮੇਰੇ ਲਾਲ ! ਉਜਾੜ ਵਿਚ ਜਾਹ, ਅਤੇ ਜੰਗਲ ਦੇ ਲਕ ਲਕ ਨੂੰ ਵੇਖ ਤੇ ਓਸਦੇ ਪਾਸੋਂ ਸਿਖਜਾ ਲੈ। ਓਸਨੇ ਆਪਣੀਆਂ ਬਾਹਾਂ ਉਤੇ ਆਪਣੀ ਬੁੱਢੀ ਮਾਂ ਨੂੰ ਚੁੱਕਿਆ ਹੋਇਆ ਹੈ। ਓਹ ਓਸਨੂੰ ਕਿਸੇ ਰਾਖਵੀਂ ਥਾਂ ਤੇ ਲਿਆਕੇ ਰਖ ਦੇਂਦਾ ਹੈ ਅਤੇ ਓਸਨੂੰ ਖੁਰਾਕ ਲਿਆਕੇ ਖੁਆਉਂਦਾ ਹੈ।

ਪੁੱਤ੍ਰ ਦੀ ਰੱਬ ਤਰਸੀ ਈਰਾਨ ਦੀ ਲੋਹਬਾਣ ਨਾਲੋਂ ਵਧੀਕ ਸੁਗੰਧਤ ਹੈ, ਜਿਸਨੂੰ ਕਿ ਓਥੋਂ ਦੇ ਲੋਕ ਸੂਰਜ ਦੇ ਸਾਹਮਣੇ ਧੁਖਾਂਦੇ ਹਨ, ਸਗੋਂ ਓਹ ਅਰਬ ਦੇ ਮਸਾਲੇ ਦੇ ਖੇਤਾਂ ਨਾਲੋਂ ਵੀ ਵੱਧ ਮਨਮੋਹਣੀ ਹੈ ਜੋ ਪੱਛਮੀ ਹਵਾਵਾਂ ਨਾਲ ਉੱਡਕੇ ਦੂਰ ਦੂਰ ਜਾਂਦੀ ਹੈ।

ਪੁਤ੍ਰ ! ਆਪਣੇ ਪਿਤਾ ਦਾ ਧੰਨਵਾਦੀ ਹੋ, ਕਿਉਂਕਿ ਓਹ ਤੇਰੇ ਜੰਮਣ ਦਾ ਕਾਰਨ ਬਣਿਆ ਹੈ। ਤੂੰ ਆਪਣੀ ਮਾਂ ਦਾ ਦਾਸ ਬਣ, ਕਿਉਂਕਿ ਓਸਨੇ ਤੈਨੂੰ ਪਹਿਲਾਂ ਵਡੇ ਦੁਖ ਨਾਲ ਕਈ ਮਹੀਨੇ ਆਪਣੇ ਢਿੱਡ ਵਿਚ ਰਖਜਾ ਅਤੇ ਫੇਰ ਤੇਰੇ ਬਾਲ ਪੁਣੇ ਵਿਚ ਤੇਰੀ ਰਾਖੀ ਤੇ ਪਾਲਣਾ ਕਰਦੀ ਰਹੀ ਹੈ। ਤੂੰ ਆਪਣੇ ਪਿਓ ਦੀਆਂ ਸਿਖਜਾਂ ਨੂੰ ਦਿਲ ਦੇ ਕੰਨਾਂ ਨਾਲ ਸੁਣ, ਕਿਉਂਕਿ ਓਹ ਤੇਰੇ ਹੀ ਭਲੇ ਵਾਸਤੇ ਹਨ। ਓਸਦੀ ਨਸੀਹਤ ਨੂੰ ਮੰਨ, ਕਿਉਂਕਿ ਓਹ ਪ੍ਰੇਮ ਭਰੀ ਹੈ। ਓਹ ਤੇਰਾ ਭਲਾ ਚਾਹੁੰਦਾ ਹੈ ਅਤੇ ਤੇਰੇ ਅਰਾਮ ਵਾਸਤੇ ਦਿਨ ਰਾਤ ਮਿਹਨਤ ਕਰਦਾ ਹੈ, ਏਸ ਵਾਸਤੇ ਤੂੰ ਓਸਦੀ ਵੱਧ ਤੋਂ ਵੱਧ

ਇੱਜ਼ਤ ਕਰ, ਓਸਦੇ ਧੌਲੇ ਵਾਲਾਂ ਦੀ ਬੇਅਦਬੀ ਨਾ ਕਰ, ਆਪਣੇ ਬਾਲ ਪੁਣੇ ਨੂੰ--ਜਿਸ ਵੇਲੇ ਕਿ ਤੂੰ ਬਿਲਕੁਲ ਲਚਾਰ ਤੇ ਪਰਵੱਸ ਸੈਂ--ਯਾਦ ਕਰ ਅਤੇ ਆਪਣੀ ਜੁਆਨੀ ਦੀ ਆਕੜ ਨੂੰ ਵੀ ਨਾਂ ਭੁੱਲ। ਆਪਣੇ ਬੁੱਢੇ ਪਿਓ ਦੀ ਲਚਾਰੀ ਦੇ ਵੇਲੇ ਓਸਦੀ ਸੇਵਾ ਕਰ, ਓਸਦਾ ਹਰ ਤਰਾਂ ਖਿਆਲ ਰੱਖ; ਜਿਸ ਨਾਲ ਓਸਦੇ ਜੀਵਨ ਦੇ ਬਾਕੀ ਦਿਨ ਸੁਖ ਤੇ ਬੇ ਫਿਕਰੀ ਨਾਲ ਬੀਤਣ ਅਤੇ ਓਹ ਨਿਸਚਿੰਤ ਹੋ ਕੇ ਮੌਤ ਦੀ ਉਡੀਕ ਵਿਚ ਕਰਤਾਰ ਦਾ ਸਿਮਰਨ ਕਰਦਾ ਰਹੇ। ਤੇਰੇ ਨਮੂਨੇ ਨਾਲ ਤੇਰੀ ਉਲਾਦ ਵੀ ਬੁਢੇਪੇ ਵਿਚ ਤੇਰੇ ਕੰਮ ਆਵੇਗੀ, ਨਹੀਂ ਤਾਂ ਯਾਦ ਰੱਖ, ਜੇ ਤੂੰ ਆਪਣੇ ਮਾਪਿਆਂ ਦੀ ਬੁੱਢੇ ਵਾਰੇ ਕੋਈ ਸੇਵਾ ਨਹੀਂ ਕੀਤੀ ਤਾਂ ਤੈਨੂੰ ਵੀ ਆਪਣੀ ਉਲਾਦ ਪਾਸੋਂ ਸੁਖ ਪ੍ਰਾਪਤ ਕਰਨ ਦੀ ਕੋਈ ਆਸ ਨਹੀਂ ਰਖਣੀ ਚਾਹੀਦੀ।

ਬੈਂਤ:--ਬੇਟਾ! ਪਿਤਾ ਦੇ ਲਾਲ ਤੇ ਮਾਲ ਮਾਂ ਦੇ!
ਨੇਕ ਬਖਤ ਬਣ ਸੋਭਾ ਸੰਸਾਰ ਦੀ ਲੈ।
ਮਾਉਂ, ਬਾਪ ਤੇ ਸਿਆਣੇ ਉਸਤਾਦ ਪਾਸੋਂ,
ਹਰ ਦਮ ਸਿੱਖਯਾ ਨੇਕੀਆਂ ਕਾਰ ਦੀ ਲੈ।
ਮਾਤਾ ਪਿਤਾ ਦਾ ਅਦਬ ਤੇ ਸੇਵ ਕਰਕੇ,
ਕ੍ਰਿਪਾ ਓਸ ਸੱਚੇ ਪਰਵਦਗਾਰ ਦੀ ਲੈ।
ਬਚੀਂ ਸਦਾ ਕੁਸੰਗੀਆਂ ਮਿੱਤਰਾਂ ਤੋਂ,
ਰਾਇ ਕਦੇ ਨਾਹੀਂ ਭੈੜੇ ਯਾਰ ਦੀ ਲੈ।
ਜੇ ਤੂੰ ਮਾਉਂ ਤੇ ਬਾਪ ਦੀ ਸੇਵ ਕਰਸੇਂ,
ਤੈਂ ਉਲਾਦ ਵੀ ਫਿਰ ਤੇਰੀ ਦਾਸ ਹੋਸੀ।

ਹੁਨਰ ਵਿੱਦਯਾ ਸਿੱਖ ਲੈਂ ਪ੍ਰੀਤ ਸੇ ਜੇ,
ਦੌਲਤ, ਮਾਲ ਹਰਦਮ ਤੇਰੇ ਪਾਸ ਹੋਸੀ।
ਨੇਕੀ, ਦਾਨ, ਉਪਕਾਰ ਤੂੰ ਕਰੇਂਗਾ ਜੇ,
ਤੈਂ ਤਾਰੀਫ ਵਿਚ ਆਮ ਤੇ ਖਾਸ ਹੋਸੀ।
"ਚਰਨ" ਫੜੇਂ ਜੇ ਗੁਰੂ ਦੇ, ਲਾਲ ਮੇਰੇ!
ਜੰਮਣ, ਮਰਨ ਦਾ ਭੈ ਉੱਕਾ ਨਾਸ ਹੋਸੀ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ –
(੧) ਕਾਹੇ ਪੂਤ ਝਗਰਤ ਹੋ ਸੰਗ ਬਾਪ।
ਜਿਨਕੇ ਜਣੇ ਬਡੀਰੇ ਤੁਮ ਹੋ ਤਿਨਸਿਉ ਝਗਰਤ ਪਾਪ॥
(੨) ਅਪਜਸੰ ਮਿਟੰਤ ਸਤ ਪੁਤ੍ਰਹ।

----

## ੧੯–ਭਰਾ

ਤੁਸੀ ਸਾਰੇ ਇੱਕੋ ਪਿਤਾ ਦੀ ਉਲਾਦ ਹੋ, ਉਸਨੇ ਤੁਹਾਨੂੰ ਸਾਰਿਆਂ ਨੂੰ ਪਾਲ ਪੋਸ ਕੇ ਵੱਡਾ ਕੀਤਾ ਹੈ ਅਤੇ ਤੁਸੀ ਸਾਰਿਆਂ ਨੇ ਇੱਕੋ ਮਾਂ ਦੀਆਂ ਛਾਤੀਆਂ ਵਿੱਚੋਂ ਦੁੱਧ ਪੀਤਾ ਹੈ, ਇਸ ਵਾਸਤੇ ਪ੍ਰੇਮ ਦੇ ਸੰਬੰਧ ਨਾਲ ਤੇ ਆਪਣੇ ਭਰਾਵਾਂ ਨਾਲ ਇੱਕ ਜਾਨ ਹੋਇਆ ਰਹੁ ਅਤੇ ਸੁਖ ਤੇ ਸਲਾਮਤੀ ਨੂੰ ਆਪਣੇ ਘਰ ਵਿਚੋਂ ਬਾਹਰ ਨਾਂ ਕੱਢ।

ਜਦੋਂ ਤੁਸੀ ਕਦੇ ਇਕ ਦੂਜੇ ਨਾਲੋਂ ਦੂਰ ਚਲੇ ਜਾਓ ਤਾਂ ਭ੍ਰਾਤ੍ਰੀ ਪ੍ਰੇਮ ਅਤੇ ਅਪਣੱਤ ਦੇ ਸਾਕ ਨੂੰ ਕਦੇ ਨਾਂ ਭੁੱਲੋ। ਓਪਰਿਆਂ ਨੂੰ ਆਪਣੇ ਭਰਾ ਨਾਲੋਂ ਚੰਗੇ ਨਾ ਜਾਣੋ। ਜੇ ਤੇਰਾ ਭਰਾ ਦੁਖ ਵਿਚ ਹੈ ਤਾਂ ਓਸਦੀ ਸਹਾਇਤਾ ਕਰ, ਜੇ

ਤੇਰੀ ਭੈਣ ਬਿਪਤਾ ਵਿਚ ਹੈ ਤਾਂ ਓਸਦੀ ਬਾਂਹ ਫੜ ॥ ਏਸ ਤਰਾਂ ਤੇਰੇ ਪਿਓ ਦੀ ਆਤਮਾ ਪ੍ਰਸੰਨ ਹੋਕੇ ਤੈਨੂੰ ਅਸੀਸਾਂ ਦੇਵੇਗੀ ਅਤੇ ਲੋਕ ਵੀ ਤੇਰੀ ਉਪਮਾ ਕਰਨਗੇ ।

ਬੈਂਤ–

ਬਾਹਾਂ ਬਿਨਾ ਹੈ ਮੁਰਦਾ ਮਨੁੱਖ ਜਾਣੋਂ,
ਬਾਜ਼ੂ ਹੈਨ ਬਲਵਾਨ ਏਹ ਵੀਰ ਤੇਰੇ ।
ਵੀਰਾਂ ਵਾਲਿਆਂ ਤੋੜ ਨਾਂ ਜੋੜ, ਜੋੜੇ,
ਸੱਚੇ ਰੱਬ ਏਹ ਵਾਂਗ ਜ਼ੰਜੀਰ ਤੇਰੇ ।
ਵੀਰਾਂ ਹੀਣਿਆਂ ਦੇ ਹਾਹੁਕੇ ਰੁਦਨ ਕੀ ਨਾਂ,
ਕਦੀ ਕੱਢਦੇ ਅੱਖੀਓਂ ਨੀਰ ਤੇਰੇ ?
ਵੀਰ ਵੀਰ ਹਨ ਫੇਰ ਵੀ ਭਲੇ ਲੋਕਾ !
ਗ਼ੈਰ ਕਦੇ ਨਾਂ ਬਣਨਗੇ ਵੀਰ ਤੇਰੇ ।
ਖ਼ੂਨ ਓਸਦਾ ਤੇ ਤੇਰਾ ਇੱਕ ਹੈ ਵੇ,
ਇੱਕੋ ਛਾਤੀਆਂ ਚੋਂ ਪੀਤਾ ਦੁੱਧ ਦੋਹਾਂ ।
ਇੱਕ ਦੂਸਰੇ ਦੀ ਰਹੋ ਜਾਨ ਬਣਕੇ,
ਜੇਕਰ ਰੱਬ ਦੇਵੇ ਚੰਗੀ ਬੁੱਧ ਦੋਹਾਂ ।
ਹਿਰਦੇ ਸੁੱਧ ਕਰ ਪਰਸਪਰ ਕਰੋ ਮੱਦਦ,
ਕਿਉਂ ਹੈ ਠਾਣਿਆਂ ਆਪੋ ਵਿਚ ਜੁੱਧ ਦੋਹਾਂ ।
"ਚਰਨ" ਦੋਇ ਰਲਕੇ, ਤੁਰੇ ਜਾਣ ਚੰਗੇ,
ਤੁਰਨਾ ਭਾਂਤ ਏਸੇ ਪਜਾਰੇ ਤੁੱਧ ਦੋਹਾਂ ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:–

(੧) ਮਿਲਬੇ ਕੀ ਮਹਿਮਾ ਬਰਨ ਨ ਸਾਕਉ
ਨਾਨਕ ਪਰੈ ਪਰੀਲਾ ।

(੨) ਹੋਇ ਇਕਤ੍ਰ ਮਿਲਹੁ ਮੇਰੇ ਭਾਈ।
ਦੁਬਿਧਾ ਦੂਰ ਕਰੋ ਲਿਵ ਲਾਇ।

----

## ਈਸ਼੍ਵਰੀ ਪ੍ਰਬੰਧ

### ੧੯–ਸਿਆਣਾ ਤੇ ਮੂਰਖ

ਸਿਆਣਪ ਦੀ ਦਾਤ ਈਸ਼੍ਵਰੀ ਖਜ਼ਾਨੇ ਹਨ। ਓਸ ਨੇ ਹਰੇਕ ਦੀ ਕਿਸਮਤ ਲਿਖ ਦਿੱਤੀ ਹੈ ਅਤੇ ਯੋਗਤਾ ਅਨੁਸਾਰ ਹਰੇਕ ਦਾ ਹਿੱਸਾ ਮੁਕੱਰਰ ਕਰ ਦਿੱਤਾ ਹੈ।

ਕੀ ਓਸ਼ਨੇ ਤੈਨੂੰ ਸਿਆਣਪ ਦਿੱਤੀ ਹੈ ? ਕੀ ਓਸ ਨੇ ਸੱਚ ਦੀ ਸਿਖਜਾ ਨਾਲ ਤੇਰੇ ਦਿਲ ਨੂੰ ਉੱਜਲ ਕੀਤਾ ਹੈ? ਤੂੰ ਏਸ ਦਾਤ ਦਾ ਥੋੜਾ ਜਿਹਾ ਹਿੱਸਾ ਕਿਸੇ ਮੂਰਖ ਨੂੰ ਓਸ ਦੇ ਭਲੇ ਵਾਸਤੇ ਦੇ ਦੇਹ ਅਤੇ ਸਿਆਣਿਆਂ ਨੂੰ ਵੀ ਚੰਗੀ ਸਲਾਹ ਦੇਹ, ਜਿਸ ਨਾਲ ਓਹਨਾਂ ਦਾ ਭਲਾ ਹੋਵੇ।

ਸੱਚੀ ਸਿਆਣਪ ਮੂਰਖਤਾ ਨਾਲੋਂ ਘੱਟ ਅਭਿਮਾਨ ਕਰਨ ਵਾਲੀ ਹੈ, ਸਿਆਣਾ ਆਦਮੀ ਹਰੇਕ ਗੱਲ ਉੱਤੇ ਸ਼ੱਕ ਕਰਦਾ ਅਤੇ ਆਪਣਾ ਇਰਾਦਾ ਬਦਲ ਦੇਂਦਾ ਹੈ। ਪਰ ਮੂਰਖ ਹਠ ਧਰਮੀ ਹੈ, ਓਹ ਆਪਣੇ ਇੱਕੋ ਇਰਾਦੇ ਨੂੰ ਬ੍ਰਹਮ ਵਾਕ ਸਮਝਦਾ ਹੈ। ਓਹ ਆਪਣੀ ਮੂਰਖਤਾ ਤੇ ਢੀਠਤਾ ਤੋਂ ਛੁੱਟ ਹਰ ਸਭ ਕੁਝ ਜਾਣਦਾ ਹੈ।

ਤੇਰੀ ਭੈਣ ਬਿਪਤਾ ਵਿਚ ਹੈ ਤਾਂ ਓਸਦੀ ਬਾਂਹ ਫੜ ॥ ਏਸ ਤਰਾਂ ਤੇਰੇ ਪਿਓ ਦੀ ਆਤਮਾ ਪ੍ਰਸੰਨ ਹੋਕੇ ਤੈਨੂੰ ਅਸੀਸਾਂ ਦੇਵੇਗੀ ਅਤੇ ਲੋਕ ਵੀ ਤੇਰੀ ਉਪਮਾ ਕਰਨਗੇ ।

ਬੈਂਤ—

ਬਾਹਾਂ ਬਿਨਾ ਹੈ ਮੁਰਦਾ ਮਨੁੱਖ ਜਾਣੋਂ,
ਬਾਜ਼ੂ ਹੈਨ ਬਲਵਾਨ ਏਹ ਵੀਰ ਤੇਰੇ ।
ਵੀਰਾਂ ਵਾਲਿਆਂ ਤੋੜ ਨਾਂ ਜੋੜ, ਜੋੜੇ,
ਸੱਚੇ ਰੱਬ ਏਹ ਵਾਂਗ ਜ਼ੰਜੀਰ ਤੇਰੇ ।
ਵੀਰਾਂ ਹੀਣਿਆਂ ਦੇ ਹਾਹੁਕੇ ਰੁਦਨ ਕੀ ਨਾਂ,
ਕਦੀ ਕੱਢਦੇ ਅੱਖੀਓਂ ਨੀਰ ਤੇਰੇ ?
ਵੀਰ ਵੀਰ ਹਨ ਫੇਰ ਵੀ ਭਲੇ ਲੋਕਾ !
ਗ਼ੈਰ ਕਦੇ ਨਾਂ ਬਣਨਗੇ ਵੀਰ ਤੇਰੇ ।
ਖ਼ੂਨ ਓਸਦਾ ਤੇ ਤੇਰਾ ਇੱਕ ਹੈ ਵੇ,
ਇੱਕੋ ਛਾਤੀਆਂ ਚੋਂ ਪੀਤਾ ਦੁੱਧ ਦੋਹਾਂ ।
ਇੱਕ ਦੂਸਰੇ ਦੀ ਰਹੋ ਜਾਨ ਬਣਕੇ,
ਜੇਕਰ ਰੱਬ ਦੇਵੇ ਚੰਗੀ ਬੁੱਧ ਦੋਹਾਂ ।
ਹਿਰਦੇ ਸੁੱਧ ਕਰ ਪਰਸਪਰ ਕਰੋ ਮੱਦਦ,
ਕਿਉਂ ਹੈ ਠਾਣਿਆਂ ਆਪੋ ਵਿਚ ਜੁੱਧ ਦੋਹਾਂ ।
"ਚਰਨ" ਦੋਇ ਰਲਕੇ, ਤੁਰੇ ਜਾਣ ਚੰਗੇ,
ਤੁਰਨਾ ਭਾਂਤ ਏਸੇ ਪਜਾਰੇ ਤੁੱਧ ਦੋਹਾਂ ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:—

(੧) ਮਿਲਬੇ ਕੀ ਮਹਿਮਾ ਬਰਨ ਨ ਸਾਕਉ
ਨਾਨਕ ਪਰੈ ਪਰੀਲਾ ।

(੨) ਹੋਇ ਇਕਤ੍ਰ ਮਿਲਹੁ ਮੇਰੇ ਭਾਈ।
ਦੁਬਿਧਾ ਦੂਰ ਕਰੋ ਲਿਵ ਲਾਇ।

----

## ਈਸ਼੍ਵਰੀ ਪ੍ਰਬੰਧ

### ੧੯–ਸਿਆਣਾ ਤੇ ਮੂਰਖ

ਸਿਆਣਪ ਦੀ ਦਾਤ ਈਸ਼੍ਵਰੀ ਖਜ਼ਾਨੇ ਹਨ। ਉਸ ਨੇ ਹਰੇਕ ਦੀ ਕਿਸਮਤ ਲਿਖ ਦਿੱਤੀ ਹੈ ਅਤੇ ਯੋਗਤਾ ਅਨੁਸਾਰ ਹਰੇਕ ਦਾ ਹਿੱਸਾ ਮੁਕੱਰਰ ਕਰ ਦਿੱਤਾ ਹੈ।

ਕੀ ਉਸਨੇ ਤੈਨੂੰ ਸਿਆਣਪ ਦਿੱਤੀ ਹੈ ? ਕੀ ਉਸ ਨੇ ਸੱਚ ਦੀ ਸਿੱਖਜਾ ਨਾਲ ਤੇਰੇ ਦਿਲ ਨੂੰ ਉੱਜਲ ਕੀਤਾ ਹੈ? ਤੂੰ ਏਸ ਦਾਤ ਦਾ ਥੋੜਾ ਜਿਹਾ ਹਿੱਸਾ ਕਿਸੇ ਮੂਰਖ ਨੂੰ ਉਸ ਦੇ ਭਲੇ ਵਾਸਤੇ ਦੇ ਦੇਹ ਅਤੇ ਸਿਆਣਿਆਂ ਨੂੰ ਵੀ ਚੰਗੀ ਸਲਾਹ ਦੇਹ, ਜਿਸ ਨਾਲ ਓਹਨਾਂ ਦਾ ਭਲਾ ਹੋਵੇ।

ਸੱਚੀ ਸਿਆਣਪ ਮੂਰਖਤਾ ਨਾਲੋਂ ਘੱਟ ਅਭਿਮਾਨ ਕਰਨ ਵਾਲੀ ਹੈ, ਸਿਆਣਾ ਆਦਮੀ ਹਰੇਕ ਗੱਲ ਉੱਤੇ ਸ਼ੱਕ ਕਰਦਾ ਅਤੇ ਆਪਣਾ ਇਰਾਦਾ ਬਦਲ ਦੇਂਦਾ ਹੈ। ਪਰ ਮੂਰਖ ਹਠ ਧਰਮੀ ਹੈ, ਓਹ ਆਪਣੇ ਇੱਕੋ ਇਰਾਦੇ ਨੂੰ ਬ੍ਰਹਮ ਵਾਕ ਸਮਝਦਾ ਹੈ। ਓਹ ਆਪਣੀ ਮੂਰਖਤਾ ਤੇ ਢੀਠਤਾ ਤੋਂ ਛੁੱਟ ਹਰ ਸਭ ਕੁਝ ਜਾਣਦਾ ਹੈ।

ਮੂਰਖ ਦਾ ਹੰਕਾਰ ਸਹਾਰਨ ਤੋਂ ਪਰੇ ਹੁੰਦਾ ਹੈ, ਬਕਵਾਸ ਮੂਰਖਤਾ ਦੀ ਵੱਡੀ ਨਿਸ਼ਾਨੀ ਹੈ, ਫੇਰ ਵੀ ਸਿਆਣਿਆਂ ਦਾ ਏਹ ਫ਼ਰਜ਼ ਹੈ ਕਿ ਮੂਰਖਾਂ ਦੀ ਬਕ ਬਕ ਨੂੰ ਸਬਰ ਨਾਲ ਸਹਾਰਨ ਅਤੇ ਓਹਨਾਂ ਦੀ ਬੇਵਕੂਫੀ ਉੱਤੇ ਤਰਸ ਖਾਣ।

ਤੂੰ ਆਪਣੇ ਦਿਲ ਵਿੱਚ ਘੁਮੰਡ ਨਾਂ ਕਰ ਅਤੇ ਨਾਂ ਹੀ ਆਪਣੀ ਉੱਚ ਸਿਆਣਪ ਉੱਤੇ ਆਕੜ, ਕਿਉਂਕਿ ਹੰਕਾਰ ਹੀ ਮੂਰਖਤਾ ਦਾ ਪਿਓ ਹੈ।

ਸਿਆਣਾ ਆਦਮੀ ਆਪਣੀ ਕਮਜ਼ੋਰੀ ਨੂੰ ਜਾਣਦਾ ਹੈ ਅਤੇ ਨਿਮ੍ਰਤਾ ਤੋਂ ਕੰਮ ਲੈਂਦਾ ਹੈ। ਮੂਰਖ ਆਪਣੇ ਸੁਖ ਵਾਸਤੇ ਮੇਹਨਤ ਤਾਂ ਕਰਦਾ ਹੈ, ਪਰ ਨਿਸਫਲ। ਓਹ ਆਪਣੀ ਅਕਲ ਦੀ ਨਦੀ ਨੂੰ ਦੇਖਦਾ ਹੈ, ਓਸਦੇ ਅੰਦਰ ਜੋ ਕੰਕਰ ਨਜ਼ਰ ਆਉਂਦੇ ਹਨ, ਓਹਨਾਂ ਨੂੰ ਦੇਖਕੇ ਪ੍ਰਸੰਨ ਹੁੰਦਾ ਅਤੇ ਮੋਤੀ ਸਮਝ ਕੇ ਬਾਹਰ ਕੱਢਦਾ ਹੈ ਅਤੇ ਆਪਣੇ ਮਿਤ੍ਰਾਂ ਦੀ ਵਾਹ ਵਾਹ ਨਾਲ ਪ੍ਰਸੰਨ ਹੁੰਦਾ ਹੈ। ਓਹ ਅਜੇਹੀਆਂ ਗੱਲਾਂ ਵਿੱਚ ਵਧਿਆ ਹੋਣ ਉੱਤੇ ਘੁਮੰਡ ਕਰਦਾ ਹੈ, ਜਿਨ੍ਹਾਂ ਦਾ ਮੁੱਲ ਇੱਕ ਕੌਡੀ ਬੀ ਨਹੀਂ, ਪਰ ਜਿੱਥੇ ਓਸਦੀ ਮੂਰਖਤਾ ਸ਼ਰਮ ਦਾ ਕਾਰਨ ਹੁੰਦੀ ਹੈ, ਓਥੇ ਓਸਨੂੰ ਸਮਝ ਨਹੀਂ ਆਉਂਦੀ। ਜੇ ਓਹ ਸਿਆਣਪ ਦੇ ਰਾਹ ਤੇ ਆ ਵੀ ਜਾਵੇ ਤਾਂ ਵੀ ਓਸ ਦਾ ਅੰਤ ਮੂਰਖਤਾ ਹੀ ਹੁੰਦਾ ਹੈ। ਮੂਰਖ ਦੀ ਮੇਹਨਤ ਦਾ ਫਲ ਅਪਮਾਨ ਤੇ ਚਿੰਤਾ ਹੁੰਦਾ ਹੈ।

ਪਰ ਸਿਆਣਾ ਆਪਣੇ ਦਿਲ ਨੂੰ ਵਿੱਦਜਾ ਨਾਲ

ਉੱਜਲ ਕਰਦਾ ਹੈ, ਹੁਨਰਾਂ ਵਿਚ ਵਧਦੇ ਜਾਣਾ ਓਸਦੀ ਪ੍ਰਸੰਨਤਾ ਦਾ ਕਾਰਨ ਹੁੰਦਾ ਹੈ, ਓਹ ਆਪਣੇ ਗੁਣਾਂ ਨਾਲ ਲੋਕਾਂ ਨੂੰ ਲਾਭ ਪੁਚਾ ਕੇ ਇੱਜ਼ਤ ਤੇ ਨੇਕਨਾਮੀ ਖੱਟਦਾ ਹੈ।

ਬੈਂਤ:-

'ਅਕਲ' ਲਾਲ ਹੈ ਰੱਬੀ ਭੰਡਾਰ ਸੰਦਾ,
ਭਾਗਾਂ ਵਾਲੇ ਨੂੰ ਮਿਲੇ ਏਹ ਲਾਲ ਹੈ ਵੇ।
ਹਰਿੱਕ ਆਪਣੇ ਆਪ ਨੂੰ ਕਹੇ ਸਿਆਣਾ,
ਸੱਚੇ ਸਿਆਣਿਆਂ ਦਾ ਐਪਰ ਕਾਲ ਹੈ ਵੇ।
ਸੱਚਾ ਅਕਲ ਵਾਲਾ ਨੇਕੀ ਰੂਪ ਹੁੰਦਾ,
ਬਦੀ ਕਰੇ ਨਾਂ ਰਤੀ ਰਵਾਲ ਹੈ ਵੇ।
ਨਿੰਮ੍ਰ, ਸੀਲ, ਸੰਤੋਖੀ, ਹਮਦਰਦ, *ਆਲਮ,
ਗੁਣੀ, ਹੁਨਰਮੰਦ, †ਸ਼ਾਕਰ ਹਰ ਹਾਲ ਹੈ ਵੇ।
ਸਿਆਣਾ ਆਪਨੂੰ ਕਦੀ ਨਾਂ ਕਹੇ ਸਿਆਣਾ,
ਮੂਰਖ ਆਪ ਨੂੰ ਸਮਝਦਾ ਲਾਲ ਹੈ ਵੇ।
ਸਿਆਣਾ ਗੱਲ ਕਰਦਾ ਭਲੀ, ਅਕਲ ਵਾਲੀ,
ਮੂਰਖ ਸਿਆਣਿਆਂ ਨੂੰ ਕੱਢੇ ਗਾਲ ਹੈ ਵੇ।
ਮੂਰਖ ਆਪਨੂੰ ਅਕਲ ਦਾ ਕੋਟ ਸਮਝੇ,
ਕਹਿੰਦਾ ਹੋਰਨਾਂ ਨੂੰ "ਮੂਰਖ ਬਾਲ" ਹੈ ਵੇ।
'ਚਰਨ' ਅਕਲ ਦੇ ਪਕੜ ਨਾਂ ਬਣੇ ਸਿਆਣਾ,
ਮੂਰਖ, ਉਮਰ ਐਵੇਂ ਲੈਂਦਾ ਗਾਲ ਹੈ ਵੇ।

---

* ਵਿੱਦਵਾਨ। † ਸ਼ੁਕਰ ਕਰਨ ਵਾਲਾ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:-

(੧) ਨਾਨਕ ਮੂਰਖ ਏਹ ਗੁਣ ਬੋਲੈ ਸਦਾ ਵਿਣਾਸ ॥
(੨) ਮੂਰਖ ਸਿਆਣਾ ਏਕ ਹੈ ਜਾ ਮੰਨੈ ਨਾਹੀ ਨਾਉ ॥
(੩) ਸੁਘੜ ਸਿਆਣਾ ਚਤਰ ਸੋਇ
ਜਿਨ ਤਜਿਆ ਅਭਿਮਾਨ ॥

----

## ੨੦-ਸ਼ਾਹੂਕਾਰ ਤੇ ਗਰੀਬ

ਓਹ ਆਦਮੀ-ਜਿਸਨੂੰਵਾਹਿਗੁਰੂ ਨੇ ਧਨ ਬਖਸ਼ਿਆ ਹੈ ਅਤੇ ਏਸਦੇ ਨਾਲ ਹੀ ਓਸਨੂੰ ਯੋਗ ਵਰਤਾਉ ਦੀ ਸਮਝ ਵੀ ਦੇ ਰਖੀ ਹੈ-ਨਿਰਸੰਦੇਹ ਸੁਭਾਗਾ ਅਤੇ ਮਾਨ ਯੋਗ ਹੈ। ਓਹ ਆਪਣੇ ਧਨ ਉਤੇ ਪ੍ਰਸੰਨਤਾ ਦੀ ਨਜ਼ਰ ਮਾਰਦਾ ਹੈ, ਕਿਉਂਕਿ ਏਹ ਨੇਕੀ ਦਾ ਰਸਤਾ ਹੈ, ਓਹ ਦੁਖੀਆਂ ਦੀ ਸਹਾਇਤਾ ਕਰਦਾ ਹੈ। ਓਹ ਬਲਵਾਨਾਂ ਨੂੰ ਬਲਹੀਣਾਂ ਉਤੇ ਧੱਕਾ ਨਹੀਂ ਕਰਨ ਦੇਂਦਾ। ਓਹ ਸਹਾਇਤਾ ਜੋਗ ਮੋਹਤਾਜਾਂ ਨੂੰ ਲੱਭਦਾ ਫਿਰਦਾ ਹੈ ਅਤੇ ਓਹਨਾਂ ਦੀਆਂ ਲੋੜਾਂ ਤੇ ਥੋੜਾਂ ਪੂਰੀਆਂ ਕਰਦਾ ਹੈ। ਓਹ ਨੱਕ ਨਮੂਜ਼ ਤੇ ਝੂਠੀ ਵਾਹਵਾ ਦੀ ਚਾਹ ਤੋਂ ਬਿਨਾ ਹੀ ਦਰਦਮੰਦਾਂ ਦਾ ਦਰਦੀ ਬਣਦਾ ਹੈ। ਓਹ ਦਾਨ ਦੇ ਅਧਿਕਾਰੀ ਤੇ ਮਦਦ ਦੇ ਯੋਗ ਅਨਾਥਾਂ ਦੀ ਯਥਾ ਸ਼ਕਤ ਸਹਾਇਤਾ ਕਰਦਾ ਹੈ, ਓਹ ਸਿਆਣੇ ਅਤੇ ਲਾਇਕ ਹੁਨਰਵੰਦ ਦਾ ਹੌਂਸਲਾ ਵਧਾਉਣ ਲਈ ਖੁੱਲੇ ਦਿਲ ਨਾਲ ਉਸਦੀ ਸਹਾਇਤਾ ਕਰਦਾ ਹੈ।

ਓਹ ਕਈ ਵਡੇ ਵਡੇ ਕੰਮ ਕਰਦਾ ਹੈ, ਓਸਦੇ ਆਂਢੀ

ਗਵਾਂਢੀ ਅਤੇ ਵਤਨ ਦੇ ਲੋਕ ਓਸਦੇ ਪਾਸੋਂ ਲਾਭ ਪ੍ਰਾਪਤ ਕਰਦੇ ਹਨ, ਓਹ ਕਾਰੀਗਰਾਂ ਪਾਸੋਂ ਕੰਮ ਲੈਂਦਾ ਹੈ, ਓਹ ਨਵੇਂ ਨਵੇਂ ਢੰਗ ਸੋਚਦਾ ਅਤੇ ਵਪਾਰ ਨੂੰ ਉੱਨਤ ਕਰਦਾ ਹੈ।

ਓਹ ਕੰਜੂਸ ਤੇ ਮੱਖੀਚੂਸ ਨਹੀਂ ਬਣਦਾ, ਸਗੋਂ ਆਪਣੇ ਨਾਲ ਦਸ ਹੋਰ ਲੋੜਵੰਦਾਂ ਦੇ ਢਿੱਡ ਭਰਦਾ ਹੈ।

ਓਹ ਆਪਣੀ ਦੌਲਤ ਨੂੰ ਚੰਗੇ ਤੋਂ ਚੰਗੇ ਤੇ ਨੇਕ ਤੋਂ ਨੇਕ ਕੰਮਾਂ ਤੇ ਖਰਚਦਾ ਹੈ। ਏਸ ਵਾਸਤੇ ਓਹ ਦੌਲਤ ਉੱਤੇ ਖੁਸ਼ ਹੈ, ਓਸਦੀ ਖ਼ੁਸ਼ੀ ਬੇ ਐਬ ਹੈ। ਪਰ ਸ਼ੋਕ ਅਰ ਧ੍ਰਿਕਾਰ ਹੈ ਓਸ ਆਦਮੀ ਨੂੰ, ਜੋ ਦੌਲਤ ਤੇ ਦੌਲਤ ਇਕੱਠੀ ਕਰਦਾ ਜਾਂਦਾ ਹੈ ਅਤੇ ਫੇਰ ਏਸ ਉਤੇ ਆਕੜਦਾ ਹੈ।

ਓਹ ਗ਼ਰੀਬਾਂ ਦਾ ਗਲ ਘੁਟ ਅਤੇ ਢਿੱਡ ਵੱਢਕੇ ਧਨ ਇਕੱਠਾ ਕਰਦਾ ਹੈ, ਓਹ ਗਰੀਬਾਂ ਦੇ ਲਹੂ ਵਰਗੇ ਪਸੀਨੇ ਦੀ ਕੱਖ ਪ੍ਰਵਾਹ ਨਹੀਂ ਕਰਦਾ, ਸਗੋਂ ਓਹਨਾਂ ਉੱਤੇ ਧੱਕਾ ਕਰਕੇ ਫੁਲਦਾ ਹੈ। ਆਪਣੇ ਭਰਾ ਦੀ ਕੰਗਾਲੀ ਓਹਦੇ ਦਿਲ ਉਤੇ ਕੋਈ ਅਸਰ ਨਹੀਂ ਪਾ ਸਕਦੀ।ਓਹ ਯਤੀਮਾਂ ਦੇ ਅਥਰੂਆਂ ਨੂੰ ਦੁੱਧ ਵਾਂਗ ਪੀ ਜਾਂਦਾ ਹੈ, ਓਸਦਾ ਕਲੇਜਾ ਧਨ ਦੇ ਲੋਭ ਕਰਕੇ ਪੱਥਰ ਹੋ ਜਾਂਦਾ ਹੈ। ਕਿਸੇ ਦੁੱਖ, ਕਿਸੇ ਬਿਪਤਾ ਜਾਂ ਕਿਸੇ ਉਪਦੇਸ਼ ਅਤੇ ਸਿੱਖਯਾ ਦਾ ਓਹਦੇ ਉੱਤੇ ਅਸਰ ਨਹੀਂ ਹੁੰਦਾ। ਪਰ ਪਾਪਾਂ ਦੀ ਧ੍ਰਿਕਾਰ ਓਸਦੇ ਮਗਰ ਮਗਰ ਰਹਿੰਦੀ ਹੈ, ਓਸਨੂੰ ਹਰ ਵੇਲੇ ਕੋਈ ਨਾਂ ਕੋਈ ਡਰ ਲਗਾ ਰਹਿੰਦਾ ਹੈ, ਦਿਲ ਦੀ ਬੇਚੈਨੀ ਅਤੇ ਮਨ ਦੀਆਂ ਅਨੰਤ ਵਾਸ਼ਨਾਂ ਓਹਦੇ ਪਾਸੋਂ ਦੂਜਿਆਂ ਦੇ ਦੁੱਖਾਂ ਦਾ ਬਦਲਾ ਲੈਣ ਦਾ ਕਾਰਨ ਬਣ

ਜਾਂਦੀਆਂ ਹਨ। ਗਰੀਬ ਆਦਮੀ ਦੇ ਦੁਖ ਅਜੇਹੇ ਆਦਮੀ ਦ ਦਿਲ ਦੀਆਂ ਬੇਚੈਨੀਆਂ ਤੇ ਘਬਰਾਹਟਾਂ ਦੇ ਟਾਕਰੇ ਵਿਚ ਕਝ ਵੀ ਨਹੀਂ ਹਨ। ਗਰੀਬ ਆਦਮੀ ਨੂੰ ਏਸਦੀ ਹਾਲਤ ਦੇਖਕੇ ਤਸੱਲੀ ਨਹੀਂ ਸਗੋਂ ਖੁਸ਼ੀ ਹਾਸਲ ਕਰਨੀ ਚਾਹੀਦੀ ਹੈ, ਕਿਉਂਕਿ ਓਹ ਕਈਆਂ ਪਾਸਿਆਂ ਵਿਚ ਓਹਦੇ ਨਾਲੋਂ ਵਧੀਕ ਪ੍ਰਸੰਨ ਹੈ। ਓਹ ਆਰਾਮ, ਸ਼ਾਂਤੀ ਤੇ ਖਾਤਰ ਜਮਾਂ ਨਾਲ ਬੈਠਕੇ ਰੁੱਖੀ ਸੁੱਕੀ ਰੋਟੀ ਖਾਂਦਾ ਹੈ, ਓਸਦੇ ਆਲੇ ਦੁਆਲੇ ਕੁਸ਼ਾਮਤੀ ਤੇ ਲੱਲੋਪੱਤੋ ਨਜ਼ਰ ਨਹੀਂ ਆਉਂਦੇ। ਓਸਨੂੰ ਨੌਕਰਾਂ ਨਾਲ ਸਿਰ ਖਪਾਈ ਨਹੀਂ ਕਰਨੀ ਪੈਂਦੀ ਅਤੇ ਨਾਂ ਹੀ ਓਹ ਮੰਗਣ ਵਾਲਿਆਂ ਪਾਸੋਂ ਤੰਗ ਆ ਜਾਂਦਾ ਹੈ। ਸ਼ਾਹੂਕਾਰਾਂ ਦੀਆਂ ਨਿਆਮਤਾਂ ਤੋਂ ਵਾਂਜਿਆਂ ਹੋਣ ਦੇ ਕਾਰਨ ਓਹ ਅਮੀਰਾਂ ਵਾਲੇ ਰੋਗਾਂ ਪਾਸੋਂ ਬੀ ਬਚਿਆ ਰਹਿੰਦਾ ਹੈ ਅਤੇ ਸਾਰਿਆਂ ਨਾਲੋਂ ਵੱਡੀ ਗੱਲ ਤਾਂ ਇਹ ਹੈ ਕਿ ਓਹ ਪਾਪ ਨਹੀਂ ਕਰ ਸਕਦਾ।

ਰੋਟੀ ਜੇਹੜੀ ਓਹ ਖਾਂਦਾ ਹੈ, ਕੀ ਓਸਨੂੰ ਸੁਆਦ ਨਹੀਂ ਲੱਗਦੀ ? ਪਾਣੀ ਜੇਹੜਾ ਓਹ ਪੀਂਦਾ ਹੈ, ਕੀ ਅਨੰਦ-ਦਾਇਕ ਨਹੀਂ ਹੁੰਦਾ ? ਹਾਂ, ਕਿਉਂ ਨਹੀਂ ਹੁੰਦਾ ? ਸਗੋਂ ਸ਼ਾਹੂਕਾਰਾਂ ਦੀਆਂ ਕੌੜੀਆਂ ਤੇ ਵਿਕਾਰ ਉਪਜਾਊ ਸ਼ਰਾਬਾਂ ਨਾਲੋਂ ਕਈ ਗੁਣਾਂ ਚੰਗਾ ਹੁੰਦਾ ਹੈ।

ਮੇਹਨਤ ਨਾਲ ਓਸਦੀ ਅਰੋਗਤਾ ਕਾਇਮ ਰਹਿੰਦੀ ਹੈ ਅਤੇ ਰਾਤ ਨੂੰ ਖੋਰੀ ਦੇ ਬਿਸਤਰੇ ਉਤੇ ਓਸਨੂੰ ਓਹ ਮਿੱਠੀ ਤੇ ਘੂਕ ਨੀਂਦ ਆਉਂਦੀ ਹੈ, ਜੋ ਮਖ਼ਮਲੀ ਗਦੇਲਿਆਂ ਉਤੇ ਸੌਣ ਵਾਲੇ ਸ਼ਾਹੂਕਾਰਾਂ ਨੂੰ ਕਦੇ ਨਸੀਬ ਨਹੀਂ ਹੁੰਦੀ।

DYAL SINGH ... LAHORE ...
22809

ਓਸਦੀ ਹਰੇਕ ਖ਼ਾਹਸ਼ ਵਿਚ ਸਬਰ ਹੁੰਦਾ ਹੈ, ਧਨ ਦੌਲਤ ਤੇ ਤੇਜ ਪ੍ਰਤਾਪ ਹੋ ਜਾਣ ਨਾਲੋਂ ਵਧ ਸੰਤੋਖੀ ਦੇ ਦਿਲ ਦੀ ਸਥਿਰਤਾ ਹੈ।

ਧਨਵਾਨ ਨੂੰ ਆਪਣੇ ਧਨ ਉੱਤੇ ਹੰਕਾਰ ਨਹੀਂ ਕਰਨਾ ਚਾਹੀਦਾ ਅਤੇ ਨਾਂ ਹੀ ਗਰੀਬ ਨੂੰ ਆਪਣੀ ਗਰੀਬੀ ਉਤੇ ਰੋਣਾ ਤੇ ਚਿੰਤਾ ਸ਼ੋਕ ਕਰਨਾ ਚਾਹੀਦਾ ਹੈ, ਕਿਉਂਕਿ ਵਾਹਿਗੁਰੂ ਦੋਹਾਂ ਨੂੰ ਹਿੱਸੇ ਅਨੁਸਾਰ ਖ਼ੁਸ਼ੀ ਤੇ ਸੁਖ ਬਖ਼ਸ਼ਦਾ ਹੈ ਅਤੇ ਦੌਲਤ ਢਲਦਾ ਪ੍ਰਛਾਵਾਂ ਅਤੇ ਖੂਹ ਦੀਆਂ ਟਿੰਡਾਂ ਦਾ ਗੇੜ ਹੈ।

ਬੈਂਤ—

'ਮਾਯਾ ਕੋਟ' ਦੋ ਰਸਤਾ, ਪੜਾਓ ਹੈ ਵੇ,
ਪਹਿਲਾ ਸ੍ਵਰਗ ਨੂੰ, ਦੂਜਾ ਰਾਹ ਨਰਕ ਵਲ ਨੂੰ।
ਨੇਕ ਕੰਮਾਂ ਤੇ ਖਰਚ ਹੋ ਕਰੇ ਮੁਕਤੀ,
ਐਸ਼, ਐਬ ਲਿਜਾਂਵਦੇ ਨਰਕ ਵਲ ਨੂੰ।
ਏਸੇ ਤਰਾਂ ਕੰਗਾਲਤਾ ਦੋ ਰਸਤੇ,
ਸਬਰ ਸ੍ਵਰਗ ਨੂੰ, ਨੀਚ ਕੰਮ ਨਰਕ ਵਲ ਨੂੰ।
ਭਾਵੇਂ ਹੋਵੇ ਕੰਗਾਲ ਧਨਵਾਨ ਭਾਵੇਂ,
ਤੇਰੇ-ਵੱਸ ਜਾਵੇ ਸ੍ਵਰਗ ਨਰਕ ਵਲ ਨੂੰ।
ਜੇ ਹੈ ਮਾਲ ਪੱਲੇ, ਕਰ ਉਪਕਾਰ ਨੇਕੀ,
ਜੇ ਧਨ ਹੀਨ ਹੈਂ ਤਾਂ ਸਬਰ ਧਾਰ ਚੰਗਾ।
ਪੱਲੇ ਮਾਲ ਤੇ ਕਰਮ ਚੰਡਾਲ ਵਾਲੇ,
ਉਸ ਧਨਵਾਨ ਤੋਂ ਗ਼੍ਰੀਬ ਲਾਚਾਰ ਚੰਗਾ।
ਬਦੀ ਸ਼ੂਮਤਾ ਜ਼ੁਲਮ ਦਾ ਵਲ ਦੱਸੇ,
ਦੱਸੇ ਨਾਹਿੰ ਨੇਕੀ ਤੇ ਉਪਕਾਰ ਚੰਗਾ।

ਸੋਭਾ, ਉੱਚ ਦਰਜਾ, ਮਾਨ, ਮਿਲੇ ਓਹਨਾਂ,
ਸ੍ਵਾਮੀ ਆਗਜ਼ਾ ਜਿਨ੍ਹਾਂ ਨੇ ਪਾਲੀਆਂ ਨੇ।
ਹਨ ਇਤਬਾਰ ਵਾਲੇ ਮਾਲਕ ਪਿਆਰੜੇ ਦੇ,
ਭਖਣ ਚੇਹਰੇ ਤੇ ਸੱਚ ਦੀ ਲਾਲ਼ੀਆਂ ਨੇ।
ਐਪਰ ਨਰਕ 'ਗਨ, ਲਾਨ੍ਹਤਾਂ ਮਿਲਨ ਜੇਹੜੇ,
ਮਾਲਕ ਨਾਲ ਕਰਦੇ ਬਦ ਆਮਾਲੀਆਂ ਨੇ।
ਪੱਥਰ ਰਿਦੇ ਵਾਲਾ ਮਾਲਕ ਬਹੁਤ ਖੋਟਾ,
ਲਹੂ ਸੇਵਕਾਂ ਦਾ ਜੋ ਨਚੋੜਦਾ ਏ।
ਨੌਕਰ,ਮਾਲਕ ਦਾ ਪਰਸਪਰ ਪਿਆਰ ਹੁੰਦਾ,
ਕਰਕੇ ਜ਼ੁਲਮ ਉਸ ਪਿਆਰ ਨੂੰ ਤੋੜਦਾ ਏ।
ਮਾਲਕ ਅਕਲ ਵਾਲਾ ਸਖ਼ਤੀ ਨਹੀਂ ਕਰਦਾ,
ਨਰਮੀ ਨਾਲ, ਦਿਲ ਪਜਾਰ ਸੰਗ ਜੋੜਦਾ ਏ।
"ਚਰਨ" ਚੁੰਮਦਾ ਨਾਂ ਨਿਮਕ ਹਰਾਮ ਨੌਕਰ,
ਪਾਪੀ ਮਾਲਕ ਨਾਂ ਜ਼ੁਲਮ ਨੂੰ ਛੋੜਦਾ ਏ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:-

(੧) ਨੌਕਰ ਵਾਸਤੇ–ਨਿਮਕ ਹਲਾਲ ਨਾਥ ਕਾ ਕਰੀਐ।
ਮਰਨ ਜੀਵਨ ਅਸਿਧੁਜ ਪੈ ਧਰੀਐ।
(੨) ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ।
ਹੁਰਮਤਿ ਤਿਸਨੋ ਅਗਲੀ ਓਹੁ ਵਜਹੁ ਭਿ ਦੂਣਾ ਖਾਇ।
ਖਸਮੈ ਕਰੈ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ।
ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ।
ਜਿਸਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ।
ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ।

(੨) ਮਾਲਕ ਵਾਸਤੇ-ਸਾਹਿਬ ਗਉਰਾ ਲੋੜੀਐ,
ਨਫ਼ਰ ਵਿਗਾੜਹਿ ਨਿਤ।

-----

## ੨੨-ਰਾਜਾ ਅਤੇ ਪਰਜਾ

ਹੇ ਹਾਕਮ! ਤੂੰ ਜੋ ਕਿਸਮਤ ਦਾ ਪਜਾਰਾ ਹੈਂ ਅਤੇ ਤੇਰੇ ਨਾਲ ਦੇ ਆਦਮੀਆਂ ਨੇ ਤੈਨੂੰ ਆਪਣਾ ਪਾਤਸ਼ਾਹ ਤੇ ਹਾਕਮ ਬਣਾਯਾ ਹੈ, ਤੂੰ ਓਹਨਾਂ ਦੇ ਪਿਆਰ, ਓਹਨਾਂ ਦੇ ਇਤਬਾਰ ਤੇ ਵਡਿਆਈ ਉਤੇ ਧਿਆਨ ਕਰ! ਆਪਣੀ ਸ਼ਾਨ ਅਤੇ ਆਪਣੇ ਵਡੇ ਦਰਜੇ ਦਾ ਖਿਆਲ ਮਗਰੋਂ ਕਰੀਂ।

ਤੂੰ ਸਜੇ ਹੋਏ ਸੁੰਦਰ ਤਖਤ ਉਤੇ ਬੈਠਾ ਹੈਂ, ਤੇਰੇ ਸਿਰ ਉਤੇ ਵਡਮੁੱਲਾ ਤਾਜ ਸੁਭਾਇਮਾਨ ਹੋ ਰਿਹਾ ਹੈ ਅਤੇ ਤਾਕਤ ਦਾ ਡੰਡਾ ਤੇਰੇ ਹੱਥ ਵਿਚ ਹੈ, ਪਰ ਏਹ ਸਾਰੀਆਂ ਨਿਸ਼ਾਨੀਆਂ ਤੇਰੇ ਵਾਸਤੇ ਨਹੀਂ ਹਨ ਸਗੋਂ ਏਸ ਵਾਸਤੇ ਹਨ ਕਿ ਤੂੰ ਏਹਨਾਂ ਨਾਲ ਆਪਣੀ ਪਰਜਾ ਨੂੰ ਸੁਖ ਪੁਚਾਏਂ। ਪਾਤਸ਼ਾਹ ਦਾ ਮੁਖ ਕੰਮ ਅਤੇ ਫਖਰ ਏਸੇ ਗੱਲ ਵਿੱਚ ਹੈ ਕਿ ਓਹ ਆਪਣੀ ਪਰਜਾ ਦੇ ਸੁਖ ਅਤੇ ਉੱਨਤੀ ਦਾ ਹਰ ਵੇਲੇ ਖਿਆਲ ਰੱਖੇ। ਓਸਦਾ ਤੇਜ ਪ੍ਰਤਾਪ ਅਤੇ ਰਾਜ ਭਾਗ ਪਰਜਾ ਦੀ ਹਾਰਦਕ ਵਫ਼ਾਦਾਰੀ ਤੇ ਨਿਰਭਰ ਹੈ।

ਵੱਡੇ ਵੱਡੇ ਪਾਤਸ਼ਾਹਾਂ ਦਾ ਦਿਲ ਓਹਨਾਂ ਦੇ ਉੱਚੇ ਦਰਜੇ ਦੇ ਅਨੁਸਾਰ ਉੱਚਾ ਹੁੰਦਾ ਹੈ, ਓਹ ਵੱਡੇ ਵੱਡੇ ਕੰਮ ਸੋਚਦੇ ਹਨ ਅਤੇ ਆਪਣੇ ਬਲ ਦੇ ਅਨੁਸਾਰ ਚੰਗੇ ਚੰਗੇ ਕੰਮ ਲੱਭਦੇ ਹਨ। ਸਿਆਣਾ ਪਾਤਸ਼ਾਹ ਆਪਣੇ ਰਾਜ ਦੇ

ਸਿਆਣਿਆਂ ਨੂੰ ਸੱਦਦਾ ਹੈ, ਓਹਨਾਂ ਪਾਸੋਂ ਰਾਜ-ਪ੍ਰਬੰਧ ਵਿਚ ਸਲਾਹ ਲੈਂਦਾ ਹੈ ਤੇ ਓਹਨਾਂ ਦੀ ਸਲਾਹ ਨੂੰ ਧਿਆਨ ਨਾਲ ਸੁਣਦਾ ਹੈ। ਓਹ ਆਪਣੀ ਪਰਜਾ ਦੇ ਸਾਰੇ ਮਜ਼੍ਹਬਾਂ ਦਾ ਧਿਆਨ ਰੱਖਦਾ ਹੈ, ਓਹ ਲਾਇਕ ਆਦਮੀ ਪਾਸੋਂ ਓਸ ਦੀ ਯੋਗਤਾ ਅਨੁਸਾਰ ਸਲਾਹ ਲੈਂਦਾ ਹੈ।

ਓਸ ਦੇ ਸਾਰੇ ਅਹਿਲਕਾਰ ਨਿਆਇਕਾਰੀ, ਓਸ ਦੇ ਵਜ਼ੀਰ ਸਿਆਣੇ ਤੇ ਸੋਚ ਵਾਲੇ ਹੁੰਦੇ ਹਨ। ਜਿਸ ਨੂੰ ਓਹ ਆਪਣਾ ਇਤਬਾਰੀ ਬਣਾਉਂਦਾ ਹੈ ਓਹ ਓਸ ਨੂੰ ਧੋਖਾ ਨਹੀਂ ਦੇਂਦਾ, ਓਹ ਪਰਜਾ ਦੇ ਕਾਰੀਗਰਾਂ ਦੇ ਹੌਸਲੇ ਵਧਾਕੇ ਹੁਨਰਾਂ ਤੇ ਕਾਰੀਗਰੀਆਂ ਦੀ ਉੱਨਤੀ ਕਰਦਾ ਹੈ, ਓਸ ਦੀ ਕ੍ਰਿਪਾ ਨਾਲ ਵਿੱਦਯਾ ਵਧਦੀ ਤੇ ਉੱਨਤ ਹੁੰਦੀ ਹੈ।

ਓਸ ਨੂੰ ਸਿਆਣਿਆਂ ਤੇ ਬੁਧੀਵਾਨਾਂ ਦੀ ਸੰਗਤ ਵਿਚ ਖਾਸ ਰਸ ਆਉਂਦਾ ਹੈ, ਓਹ ਓਹਨਾਂ ਦੇ ਦਿਲਾਂ ਵਿਚ ਰੀਸ ਪੈਦਾ ਕਰਦਾ ਹੈ ਅਤੇ ਓਸ ਦੇ ਰਾਜ ਦੀ ਸ਼ਾਨ ਓਹਨਾਂ ਦੇ ਚੰਗੇ ਕੰਮਾਂ ਨਾਲ ਵਧਦੀ ਹੈ।

ਅਜੇਹਾ ਪਾਤਸ਼ਾਹ ਵਪਾਰੀ ਦੀ ਵਪਾਰਕ ਅਕਲ ਦੀ,ਜਿਸ ਨਾਲ ਕਿ ਵਿਹਾਰ ਦਾ ਵਾਧਾ ਹੁੰਦਾ ਹੈ,ਜਿਮੀਂਦਾਰ ਦੀ ਕਠਿਨ ਮੇਹਨਤ ਦੀ ਜਿਸ ਨਾਲ ਕਿ ਓਸਦੀ ਧਰਤੀ ਅਨਾਜ ਉਪਜਾਊ ਬਣਦੀ ਹੈ, ਕਾਰੀਗਰਾਂ ਦੀ ਹੁਨਰਮੰਦੀ ਦੀ ਅਤੇ ਵਿਦਵਾਨਾਂ ਦੀ ਵਿਦਯਕ ਖੋਜ ਦੀ ਆਪਣੀ ਕ੍ਰਿਪਾ ਤੇ ਮੇਹਰ ਨਾਲ ਇੱਜ਼ਤ ਵਧਾਉਂਦਾ ਹੈ ਅਤੇ ਸਾਰਿਆਂ ਨੂੰ ਓਨ੍ਹਾਂ ਦੀ ਯੋਗਤਾ ਅਨੁਸਾਰ ਖੁੱਲ੍ਹੇ ਦਿਲ ਨਾਲ ਇਨਾਮ ਤੇ ਬਖਸ਼ਸ਼ਾਂ ਦੇਂਦਾ ਹੈ।

ਓਹ ਨਵੇਂ ਸ਼ਹਿਰ ਵਸਾਉਂਦਾ ਹੈ, ਵਡੇ ਵਡੇ ਕਿਲੇ ਅਤੇ ਪੱਕੇ ਜਹਾਜ਼ ਬਣਾਉਂਦਾ ਹੈ। ਲੋਕਾਂ ਦੇ ਸੁਖਾਲ ਵਾਸਤੇ ਦਰਯਾਵਾਂ ਨੂੰ ਸਾਫ ਕਰਵਾਉਂਦਾ ਹੈ, ਜਹਾਜ਼ਾਂ ਦੇ ਠਹਿਰਨ ਲਈ ਰੱਖਜਾ ਅਸਥਾਨ ਅਰਥਾਤ ਬੰਦਰਗਾਹਾਂ ਬਣਵਾਉਂਦਾ ਹੈ, ਓਸਦੀ ਪਰਜਾ ਧਨ ਦੌਲਤ ਦੇ ਵਾਧੇ ਨਾਲ ਸੁਖੀ ਹੁੰਦੀ ਹੈ, ਓਸਦੇ ਰਾਜ ਦੀ ਆਮਦਨੀ ਵਧ ਜਾਂਦੀ ਹੈ, ਓਹ ਸਿਆਣਪ ਤੇ ਨਿਆਓਂ ਦੇ ਅਨੁਸਾਰ ਕਾਨੂਨ ਬਣਾਉਂਦਾ ਹੈ, ਓਸਦੀ ਪਰਜਾ ਆਪਣੀ ਮੇਹਨਤ ਦਾ ਫਲ ਅਰਾਮ ਨਾਲ ਖਾਂਦੀ ਹੈ, ਓਸਦੇ ਇਨਸਾਫ ਵਿਚ ਤਰਸ ਵੀ ਰਲਿਆ ਹੁੰਦਾ ਹੈ, ਪਰ ਘੋਰ ਅਪ੍ਰਾਧੀਆਂ ਨੂੰ ਓਹ ਬੇਰਿਐਤ ਸਖਤ ਸਜ਼ਾਵਾਂ ਦੇਂਦਾ ਹੈ।

ਓਸਦੇ ਕੰਨ ਪਰਜਾ ਦੀਆਂ ਸ਼ਿਕੈਤਾਂ ਸੁਣਨ ਵਾਸਤੇ ਸਦਾ ਖੁੱਲ੍ਹੇ ਰਹਿੰਦੇ ਹਨ, ਓਹ ਜ਼ਾਲਮ ਦੇ ਹੱਥਾਂ ਨੂੰ ਜ਼ੁਲਮ ਤੋਂ ਰੋਕਦਾ ਹੈ ਅਤੇ ਬਲਹੀਨਾਂ ਨੂੰ ਜ਼ੋਰਾਵਰਾਂ ਦੇ ਧੱਕਿਆਂ ਤੋਂ ਬਚਾਉਂਦਾ ਹੈ। ਏਸ ਵਾਸਤੇ ਪਰਜਾ ਓਸ ਨੂੰ ਕ੍ਰਿਪਾਲੂ ਪਿਤਾ ਵਤ ਸਮਝਦੀ ਹੈ ਅਤੇ ਓਹਦਾ ਅਦਬ ਤੇ ਮਾਨ ਕਰਦੀ ਹੈ ਅਤੇ ਓਸ ਨੂੰ ਆਪਣੇ ਸੁਖ ਆਰਾਮ ਦਾ ਰਾਖਾ ਸਮਝਦੀ ਹੈ।

ਪਰਜਾ ਦਾ ਪਿਆਰ ਰਾਜਾ ਦੇ ਦਿਲ ਵਿਚ ਲੋਕਾਂ ਦਾ ਪਿਆਰ ਉਤਪੰਨ ਕਰਦਾ ਹੈ। ਓਸ ਦੇ ਦਿਲ ਵਿਚ ਆਪਣੀ ਪਰਜਾ ਦੀ ਉੱਨਤੀ ਦਾ ਫ਼ਿਕਰ ਰਹਿੰਦਾ ਹੈ। ਪਰਜਾ ਦੇ ਦਿਲ ਵਿਚ ਓਸ ਦੇ ਵਿਰੁੱਧ ਕੋਈ ਸ਼ਿਕੈਤ ਨਹੀਂ ਉਪਜਦੀ, ਏਸ ਵਾਸਤੇ ਓਸ ਦੇ ਵਿਰੋਧੀਆਂ ਦੀਆਂ ਕੁਚਾਲਾਂ ਓਸ ਦੇ

ਰਾਜ-ਭਾਗ ਨੂੰ ਖਤਰੇ ਵਿਚ ਨਹੀਂ ਪਾ ਸਕਦੀਆਂ, ਕਿਉਂਕਿ ਆਪਣੇ ਪ੍ਰੇਮੀ ਤੇ ਹਮਦਰਦ ਰਾਜੇ ਦੇ ਪ੍ਰੇਮ ਵਿਚ ਰੱਤੀ ਹੋਈ ਪਰਜਾ ਆਪਣੀ ਨਿਮਕਹਲਾਲੀ ਤੇ ਰਾਜ ਭਗਤੀ ਵਿਚ ਪੱਕੀ ਹੁੰਦੀ ਹੈ। ਅਜੇਹੀ ਪਰਜਾ ਆਪਣੇ ਰਾਜੇ ਦੇ ਤਾਜ ਤੇ ਤਖਤ ਦੀ ਰਾਖੀ ਵਾਸਤੇ ਲੋਹੇ ਦੀ ਕੰਧ ਬਣ ਜਾਂਦੀ ਹੈ। ਦੁਸ਼ਟ ਵਿਰੋਧੀਆਂ ਦੀ ਫੌਜ ਓਸ ਦੇ ਸਾਮ੍ਹਣਿਓਂ ਐਉਂ ਭੱਜ ਉਠਦੀ ਹੈ, ਜਿਸ ਤਰ੍ਹਾਂ ਹਵਾ ਦੇ ਬੁੱਲਿਆਂ ਅੱਗੇ ਤੂੜੀ ਦੇ ਤੀਲੇ।

ਓਸ ਦੀ ਪਰਜਾ ਦੇ ਘਰਾਂ ਵਿਚ ਸੁਖ ਤੇ ਸ਼ਾਂਤੀ ਦਾ ਵਸੇਬਾ ਰਹਿੰਦਾ ਹੈ ਅਤੇ ਓਸ ਦੇ ਤਖਤ ਦੇ ਉਦਾਲੇ ਸੱਚੀ ਸ਼ਾਨ ਤੇ ਸੱਚਾ ਤੇਜ ਪ੍ਰਤਾਪ ਹੱਥ ਬੱਧੀ ਖਲੋਤਾ ਰਹਿੰਦਾ ਹੈ।

ਬੈਂਤ:-

ਹਰਿੱਕ ਮਜ਼ੁਬ ਤੇ ਧਰਮ ਦਾ ਹੁਕਮ ਹੈ ਕਿ
ਪਰਜਾ ਇਸਤ੍ਰੀ, ਰਾਜੇ ਨੂੰ ਕੰਤ ਸਮਝੇ।
ਦਰਜਾ ਰਾਜੇ ਦਾ ਰੱਬ ਵਡਿਆਇਆ ਹੈ,
ਪਰਜਾ ਓਸ ਨੂੰ ਦੂਜਾ ਭਗਵੰਤ ਸਮਝੇ।
ਰਾਜਾ ਪਿਤਾ, ਸ੍ਵਾਮੀ, ਮਾਲਕ ਦੇਸ ਦਾ ਹੈ,
ਪਰਜਾ ਓਸ ਨੂੰ ਪੂਜਨੀਕ ਸੰਤ ਸਮਝੇ।
ਪਰਜਾ ਲਾਨ੍ਹਤਾਂ ਜੋਗ ਹੈ ਨਰਕ ਪੈਣੀ,
ਮਾਨ ਕਰੇ ਨਾ ਰਾਜੇ ਨੂੰ ਦੰਤ ਸਮਝੇ।
ਤੂੰ ਵੀ ਰਾਜ, ਸ਼ਕਤੀ, ਤਾਜ ਵਾਲਿਆ ਵੇ,
ਪਰਜਾ ਨਾਲ ਪ੍ਰੀਤੀ ਵਾਂਗਰ ਬਾਲ ਕਰ ਲੈ।
ਤਪੋਂ ਰਾਜ ਮਿਲਿਆ, ਰਾਜੋਂ ਨਰਕ ਲੈਣਾ,

ਤੇਰੇ ਵੱਸ ਹੈ ਰਾਜਿਆ ! ਖਿਆਲ ਕਰ ਲੈ।
ਨਿਆਓਂ, ਰੱਖਿਆ, ਸੇਵ ਕਰ ਰਈਅਤ ਦੀ,
ਨੇਕੀ, ਭਗਤ, ਉਪਕਾਰ ਹਰ ਹਾਲ ਕਰ ਲੈ।
"ਚਰਨ" ਰੱਖ ਹਿਰਦੇ ਅੰਦਰ ਓਸ ਪ੍ਰਭੂ ਦੇ,
ਰੱਯਤ ਸੁਖੀ ਕਰ, ਖ਼ੁਸ਼ੀ ਮਹਾਂ ਕਾਲ ਕਰ ਲੈ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:—

(੧) ਰਾਜਾ ਨਿਆਉ ਕਰੇ ਹੱਥ ਧੋਇ।
(੨) ਬਿਨ ਅਮਰੈ ਕੈਸ ਰਾਜ ਮੰਡਤ ?
(੩) ਤਖਤ ਬਹੈ ਤਖਤੈ ਕੀ ਲਾਇਕ।
(੪) ਜਿਸਨੋ ਸਾਹਿਬ ਵਡਾ ਕਰੈ ਸੋਈ ਵਡ ਜਾਣੀ।

----

## ਸੰਸਾਰਕ ਫ਼ਰਜ਼

### ੨੩—ਖੁਲ੍ਹ ਦਿਲੀ

ਹੇ ਨੇਕ ਦਿਲ ਆਦਮੀ ! ਜਿਸ ਵੇਲੇ ਤੂੰ ਆਪਣੀਆਂ ਲੋੜਾਂ ਦਾ ਖ਼ਿਆਲ ਕਰੇਂ ਜਾਂ ਆਪਣੀਆਂ ਥੋੜਾਂ ਨੂੰ ਵੇਖੇਂ ਤਾਂ ਓਸ ਦਾਤੇ ਦਾ ਸ਼ੁਕਰ ਕਰ ਜਿਸਨੇ ਕਿ ਤੈਨੂੰ ਅਕਲ ਅਤੇ ਹੋਰ ਸ਼ਕਤੀਆਂ ਬਖ਼ਸ਼ੀਆਂ ਹਨ ਅਤੇ ਆਦਮੀਆਂ ਦੀ ਵੱਸੋਂ ਵਿੱਚ ਰੱਖਿਆ ਹੈ ਤਾਂ ਜੋ ਤੁਸੀਂ ਸਾਰੇ ਇਕ ਦੂਜੇ ਦੀ ਸਹਾਇਤਾ ਕਰੋ ਅਤੇ ਆਪੋ ਆਪਣੇ ਇਕ ਦੂਜੇ ਸੰਬੰਧੀ ਫ਼ਰਜ਼ ਚੰਗੀ ਤਰ੍ਹਾਂ ਪੂਰੇ ਕਰੋ।

ਖ਼ੁਰਾਕ, ਪੁਸ਼ਾਕ, ਵੱਸਣ ਦੀ ਥਾਂ, ਜਾਨ ਮਾਲ ਦੀ

ਰਾਖੀ, ਜੀਵਨ ਦੀਆਂ ਖੁਸ਼ੀਆਂ ਤੇ ਆਰਾਮ ਤੈਨੂੰ ਤੇਰੇ ਸਾਥੀਆਂ ਦੀ ਬਦੌਲਤ ਨਸੀਬ ਹੁੰਦੇ ਹਨ, ਜੇਕਰ ਤੂੰ ਵਸੋਂ ਵਿੱਚ ਨਾ ਰਹਿੰਦੋਂ ਤਾਂ ਏਹ ਨਿਆਮਤਾਂ ਤੈਨੂੰ ਕਦੇ ਨਸੀਬ ਨਾ ਹੁੰਦੀਆਂ । ਏਸ ਵਾਸਤੇ ਤੇਰਾ ਫ਼ਰਜ਼ ਹੈ ਕਿ ਆਪਣੇ ਸਾਥੀਆਂ ਦਾ ਸਹਾਇਕ ਬਣੇਂ, ਕਿਉਂਕਿ ਤੇਰੇ ਭਲੇ ਵਾਸਤੇ ਏਹ ਜ਼ਰੂਰੀ ਹੈ ਕਿ ਹੋਰ ਲੋਕ ਤੇਰੀ ਸਹਾਇਤਾ ਕਰਨ। ਜਿਸ ਤਰਾਂ ਗੁਲਾਬ ਦੇ ਫੁੱਲ ਵਿੱਚੋਂ ਹਰ ਵੇਲੇ ਸੋਹਣੀ ਸੁਗੰਧ ਆਉਂਦੀ ਰਹਿੰਦੀ ਹੈ, ਓਸੇ ਤਰਾਂ ਖੁਲ੍ਹ ਦਿਲੇ ਆਦਮੀ ਪਾਸੋਂ ਸਦਾ ਚੰਗੇ ਕੰਮਾਂ ਦਾ ਅਰੰਭ ਹੁੰਦਾ ਹੈ।

ਓਹ ਦਿਲੀ ਪ੍ਰਸੰਨਤਾ ਦਾ ਆਨੰਦ ਲੁੱਟਦਾ ਹੈ, ਓਹ ਆਪਣੇ ਗੁਆਂਢੀ ਦੀ ਤ੍ਰੱਕੀ ਅਤੇ ਖੁਸ਼ੀ ਵੇਖਕੇ ਖੁਸ਼ ਹੁੰਦਾ ਹੈ, ਓਸ ਦੇ ਕੰਨ ਨਿੰਦਜਾ ਸੁਣਨ ਵਾਸਤੇ ਤਿਆਰ ਨਹੀਂ, ਲੋਕਾਂ ਦੀਆਂ ਥੋੜਾਂ ਅਤੇ ਬੁਰਿਆਈਆਂ ਵੇਖਕੇ ਓਸ ਦੇ ਦਿਲ ਵਿਚ ਚਿੰਤਾ ਉਪਜਦੀ ਹੈ, ਓਸਨੂੰ ਨੇਕੀਆਂ ਕਰਨ ਦਾ ਲਾਲਚ ਹੈ ਅਤੇ ਓਹ ਸਮੇਂ ਦੀ ਤਾੜ ਵਿਚ ਰਹਿੰਦਾ ਹੈ। ਕਿਸੇ ਦਾ ਦੁੱਖ ਦੂਰ ਕਰਕੇ ਓਸ ਦਾ ਦਿਲ ਪ੍ਰਸੰਨ ਹੁੰਦਾ ਹੈ। ਓਸ ਦਾ ਦਿਲ ਬੜਾ ਖੁੱਲ੍ਹਾ ਹੁੰਦਾ ਹੈ, ਏਸ ਕਰਕੇ ਓਹ ਸਾਰਿਆਂ ਦੀ ਖੁਸ਼ੀ ਦਾ ਖ਼ਿਆਲ ਰਖਦਾ ਹੈ ਅਤੇ ਫੇਰ ਆਪਣੀ ਨੇਕ ਦਿਲੀ ਦੇ ਕਾਰਨ ਸਾਰਿਆਂ ਨਾਲ ਨੇਕੀ ਕਰਕੇ ਆਪ ਪ੍ਰਸੰਨ ਹੁੰਦ ਹੈ। ਬੈਂਤ:–

ਤੰਗ ਹਿਰਦੇ ਨੂੰ ਆਖਦੇ ਲੋਕ "ਕੁੜੀਅਲ"
ਉਪਮਾ ਕਰਨ ਜਿਸ ਦਾ ਦਿਲ ਦਰਿਆ ਹੋਵੇ।

ਸਾੜਾ, ਨਿੰਦਜਾ, ਸੂਮਤਾ, ਹਸਦ, ਗੱਪਾਂ,
ਆਦਿਕ ਰਹਿਤ ਨਿਰਮਲ ਦਿਲ ਸਫ਼ਾ ਹੋਵੇ।"
ਉਪਮਾ ਆਪਣੀ, ਓਪਰੀ ਨਿੰਦਿਆ ਨੂੰ,
ਸੁਣੋਂ ਨਹੀਂ ਐਸਾ ਬੇਪਰਵਾਹ ਹੋਵੇ।
ਨੇਕੀ, ਭਲੇ, ਉਪਕਾਰ ਨੂੰ ਨਹੀਂ ਛਡਦਾ,
ਭਾਵੇਂ ਨਿੰਦਜਾ ਭਾਵੇਂ ਵਾਹ ਵਾਹ ਹੋਵੇ।
ਤੂੰ ਵੀ ਮੰਗ "ਰੱਬਾ! ਦਿਲ ਦਰਿਆ ਦੇਵੀਂ,
ਮੈਂ ਨਾਂ ਸੂਮ, ਸੜੀਅਲ, ਦਿਲ ਦਾ ਤੰਗ ਹੋਵਾਂ।
"ਵਧਦਾ ਦੇਖਕੇ ਕਿਸੇ ਨੂੰ ਸੜਾਂ ਨਾਹੀਂ,
ਦੁਖੀ ਦੇਖ ਹਰਦਮ ਉਸਦੇ ਸੰਗ ਹੋਵਾਂ।"
ਮੇਰੇ ਰਿਦੇ ਵਿਚ ਨੇਕੀ, ਉਪਕਾਰ ਭਰ ਦੇ,
ਮੈਂ ਖੁਲ੍ਹ-ਦਿਲੀ ਤੋਂ ਕਦੀ ਨਾਂ ਨੰਗ ਹੋਵਾਂ।
"ਤੇਰੇ 'ਚਰਨ' ਚੁੰਮਾਂ, ਪ੍ਰਭੂ! ਕਰੀਂ ਕਿਰਪਾ,
ਮੈਂ ਉਪਕਾਰ ਮੂਰਤ ਨਦੀ ਗੰਗ ਹੋਵਾਂ।"

ਸ੍ਰੀ ਗੁਰੂ ਗ੍ਰੰਥ ਪ੍ਰਮਾਣ:-

(੧) ਖਾਵਹੁ ਖਰਚਹੁ ਰਲ ਮਿਲ ਭਾਈ।
ਤੋਟਿ ਨ ਆਵੈ ਵਧਦੋ ਜਾਈ॥

(੨) ਅਖੁਟ ਖਜਾਨਾ ਸਤਿਗੁਰ ਦੀਆ
ਤੋਟ ਨਹੀ ਰੇ ਮੂਕੇ॥

----

## ੨੪-ਨਿਆਉਂ

ਕੌਮ ਦੀ ਉੱਨਤੀ ਅਤੇ ਦੇਸ ਦਾ ਚੰਗਾ ਪ੍ਰਬੰਧ ਨਿਆਉਂ ਅਤੇ ਇਨਸਾਫ ਉੱਤੇ ਨਿਰਭਰ ਹੈ ਅਤੇ ਲੋਕਾਂ

ਦੀ ਪ੍ਰਸੰਨਤਾ ਓਹਨਾਂ ਦੇ ਮਾਲ ਮਤੇ ਦੀ ਰਾਖੀ ਤੇ ਨਿਰਭਰ ਹੈ। ਏਸ ਵਾਸਤੇ ਤੂੰ ਆਪਣੇ ਦਿਲ ਦੀਆਂ ਖਾਹਸ਼ਾਂ ਨੂੰ ਹੱਦੋਂ ਨਾ ਟੱਪਣ ਦੇਹ, ਸਗੋਂ ਨਿਆਉਂ ਨੂੰ ਓਹਨਾਂ ਸਾਰਿਆ ਦੇ ਮੋਹਰੇ ਰੱਖ।

ਆਪਣੇ ਗੁਆਂਢੀ ਦੇ ਮਾਲ ਉੱਤੇ ਭੈੜੀ ਨਜ਼ਰ ਨਾ ਪਾ, ਓਸਦਾ ਮਾਲ ਤੇ ਓਸ ਦੀਆਂ ਖੁਸ਼ੀਆਂ ਵੇਖਕੇ ਸਗੋਂ ਪ੍ਰਸੰਨ ਹੋ, ਕਿਸੇ ਤਰਾਂ ਦੇ ਗੁੱਸੇ ਜਾਂ ਖਾਰ ਦੇ ਕਾਰਨ ਓਸਨੂੰ ਨੁਕਸਾਨ ਪਹੁੰਚਾਉਣ ਦਾ ਯਤਨ ਨਾਂ ਕਰ, ਓਸਦੇ ਚਾਲ ਚਲਨ ਉਤੇ ਕੋਈ ਦੂਸ਼ਨ ਨਾਂ ਥੋਪ, ਓਸਦੇ ਵਿਰੁੱਧ ਝੂਠੀ ਉਗਾਹੀ ਨਾਂ ਦੇਹ, ਓਸਦੇ ਨੌਕਰ ਨੂੰ ਓਸਦੀ ਨੌਕਰੀ ਛੱਡ ਦੇਣ ਜਾਂ ਆਪਣੇ ਮਾਲਕ ਨੂੰ ਧੋਖਾ ਦੇਣ ਦੀ ਖੋਟੀ ਪੱਟੀ ਨਾਂ ਪੜ੍ਹਾ ਅਤੇ ਓਸ ਦੀ ਪਤਿਬ੍ਰਤਾ ਇਸਤ੍ਰੀ ਨੂੰ ਦੁਰਾਚਾਰਨ ਬਣਨ ਲਈ ਨਾਂ ਪ੍ਰੇਰ, ਕਿਉਂਕਿ ਅਜੇਹੀਆਂ ਕੁਚਾਲ਼ਾਂ ਨਾਲ ਓਸ ਦੇ ਦਿਲ ਨੂੰ ਜੋ ਦੁਖ ਪਹੁੰਚੇਗਾ ਤੂੰ ਓਸਨੂੰ ਕਦੇ ਹੋਲਾ ਨਹੀਂ ਕਰ ਸਕੇਂਗਾ। ਏਸ ਨਾਲ ਓਸਦੀ ਜਾਨ ਨੂੰ ਓਹ ਨੁਕਸਾਨ ਪਹੁੰਚੇਗਾ, ਜਿਸ ਦਾ ਬਦਲਾ ਤੂੰ ਕਦੇ ਨਹੀਂ ਭਰ ਸਕੇਂਗਾ।

ਆਪਣੇ ਸਾਥੀਆਂ ਦੇ ਲੈਣ ਦੇਣ ਵਿਚ ਸਚਿਆਈ, ਨਿਆਉਂ ਤੇ ਬੇ ਰਿਐਤੀ ਤੋਂ ਕੰਮ ਲੈ, ਓਹਨਾਂ ਨਾਲ ਅਜੇਹਾ ਵਰਤਾਉ ਕਰ ਜਿਹਾ ਕਿ ਤੂੰ ਚਾਹੁੰਦਾ ਹੈਂ ਕਿ ਓਹ ਤੇਰੇ ਨਾਲ ਕਰਨ। ਅਮਾਨਤ ਵਿਚ ਖਿਆਨਤ ਕਦੇ ਨਾਂ ਕਰ, ਜੇ ਕੋਈ ਆਦਮੀ ਤੇਰੇ ਉਤੇ ਇਤਬਾਰ ਕਰਦਾ ਹੈ ਤਾਂ ਓਸਨੂੰ ਧੋਖਾ ਨਾਂ ਦੇਹ, ਯਾਦ ਰਖ ਕਿ ਸਿਰਜਨਹਾਰ ਦੀ

ਨਜ਼ਰ ਵਿਚ ਚੋਰੀ ਨਾਲੋਂ ਧੋਖਾ ਕਈ ਗੁਣਾਂ ਵਧੀਕ ਮਾੜਾ ਹੈ।

ਗਰੀਬ ਉਤੇ ਜ਼ੁਲਮ ਨਾਂ ਕਰ ਅਤੇ ਮੇਹਨਤੀ ਆਦਮੀ ਨੂੰ ਉਸਦੀ ਯੋਗ ਮਜ਼ੂਰੀ ਤੋਂ ਵਿਰਵਾ ਨਾਂ ਰਖ। ਜਦ ਤੂੰ ਕੋਈ ਚੀਜ਼ ਵੇਚਣ ਲੱਗੇਂ ਤਾਂ ਆਪਣੇ ਆਤਮਾ ਦੀ ਨਿੰਮ੍ਹੀ ਅਵਾਜ਼ ਨੂੰ ਸੁਣ ਅਤੇ ਯੋਗ ਮੁੱਲ ਲੈਕੇ ਹੀ ਸੰਤੋਖ ਕਰ। ਗ੍ਰਾਹਕ ਦੇ ਅਵਾਣਪੁਣੇ ਤੋਂ ਅਯੋਗ ਨਫਾ ਨਾ ਖੱਟ, ਜਿਸ ਦਾ ਤੂੰ ਕੁਝ ਦੇਣਾ ਹੈ ਉਸਨੂੰ ਦੇਹ, ਕਿਉਂਕਿ ਉਸਨੇ ਤੇਰੀ ਈਮਾਨਦਾਰੀ ਉਤੇ ਇਤਬਾਰ ਕੀਤਾ ਸੀ, ਜੇ ਤੂੰ ਉਸਦਾ ਕਰਜ਼ਾ ਨਾਂ ਦੇਵੇਂ ਤਾਂ ਇਹ ਭਾਰੀ ਬੇਈਮਾਨੀ ਹੈ।

ਹੇ ਪਾਣੀ ਦੇ ਬੁਲਬੁਲੇ ਵਰਗੇ ਸੰਸਾਰਕ ਜੀਵ! ਆਪਣੇ ਦਿਲ ਨੂੰ ਫੋਲ, ਅਤੇ ਜੋ ਕੁਝ ਕਰ ਚੁਕਾ ਹੈਂ ਉਸਨੂੰ ਯਾਦ ਕਰ, ਜੇ ਤੂੰ ਆਪਣੇ ਕਾਰ-ਵਿਹਾਰ ਵਿਚ ਪਾਪ ਕੀਤਾ ਹੈ ਤਾਂ ਪੱਛੋਤਾਵਾ ਕਰ ਅਤੇ ਵਾਹਿਗੁਰੂ ਤੋਂ ਮਾਫ਼ੀ ਮੰਗ ਕੇ ਅੱਗੇ ਤੋਂ ਅਜੇਹੇ ਕੁਕਰਮ ਕਰਨ ਤੋਂ ਕੰਨਾਂ ਨੂੰ ਹਥ ਲਾ।

ਬੈਂਤ–

ਚੋਰੀ, ਜ਼ੁਲਮ, ਧੱਕਾ, ਖੋਹਣਾ ਮਾਲ ਚੋਰੀ,
ਇਹ ਅੰਨਜਾਉਂ ਹੈ ਇਸ ਤੋਂ ਡਰੋ ਲੋਕੋ।
ਦਿਲ ਦੁਖਾਵਣਾ ਕਿਸੇ ਦਾ, ਪਾਪ ਕਰਨਾ,
ਇਹਨਾਂ ਔਗੁਣਾਂ ਤੋਂ ਹਰਦਮ ਟਰੋ ਲੋਕੋ।
ਵਿਹਾਰ, ਨੌਕਰੀ, ਹਾਕਮੀ, ਗ੍ਰਾਹਕੀ ਵਿਚ,
ਹਰਦਮ ਨਿਆਉਂ ਅੱਖਾਂ ਅੱਗੇ ਧਰੋ ਲੋਕੋ।
ਓਹ ਹੈ 'ਨਿਆਈ' ਅੰਨਜਾਉਂ ਨੂੰ ਬੁਰਾ ਜਾਣੇ,
ਸਿਰਜਨਹਾਰ ਉਸ ਪ੍ਰਭੂ ਤੋਂ ਡਰੋ ਲੋਕੋ।

ਜੇਹੜੇ ਸੱਚ ਅਰ ਨਿਆਉਂ ਨੂੰ ਮੁੱਖ ਰਖਦੇ,
ਏਥੇ ਹੋਏ ਉਪਮਾ ਅੱਗੇ ਮਾਨ ਮਿਲਦਾ।
ਐਪਰ ਏਹਨਾਂ ਤੋਂ ਮੁਖ ਜੋ ਮੋੜਦੇ ਨੇ,
ਗਲੇ ਤੌਕ ਓਹਨਾਂ ਲਾਨ੍ਹ-ਤਨ੍ਹਾ ਮਿਲਦਾ।
ਕਰ ਲੈ ਯਾਦ ਨੌਸ਼ੇਰਵਾਂ ਅਤੇ ਕਾਰੂੰ,
ਉਸਨੂੰ ਮਾਨ, ਦੂਜੇ ਨੂੰ ਅਪਮਾਨ ਮਿਲਦਾ।
'ਚਰਨ' ਲੱਗ ਉਸ ਪ੍ਰਭੂ ਦੇ 'ਨਿਆਈਂ' ਹੈ ਓਹ,
ਕਰਮ ਅਨੁਸਾਰ ਹੀ ਲਾਭ ਤੇ ਹ ਨ ਮਿਲਦਾ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:-
(੧) ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ।
ਗੁਰ ਪੀਰ ਹਾਮਾ ਤਾ ਭਰੇ ਜਾ ਮੁਰਦਾਰ ਨਾਂ ਖਾਇ।

----

## ੨੫—ਸੀਲਤਾ

ਧੰਨ ਹੈ ਓਹ ਆਦਮੀ ਜਿਸਨੇ ਆਪਣੇ ਦਿਲ ਵਿਚ ਸੀਲਤਾ ਦੇ ਬੂਟੇ ਲਾਏ ਹਨ, ਇਸਦਾ ਫਲ ਦਾਨ ਅਤੇ ਪੇਮ ਹੋਵੇਗਾ, ਓਸਦੇ ਦਿਲ ਵਿਚੋਂ ਨੇਕੀ ਦੇ ਸੋਮੇਂ ਫੁੱਟਣਗੇ ਅਤੇ ਮਨੁੱਖ ਜਾਤੀ ਦੀ ਭਲਿਆਈ ਦੀਆਂ ਨਦੀਆਂ ਵਗਣ-ਗੀਆਂ। ਓਹ ਬਿਪਤਾ-ਮਾਰੇ ਦੁਖੀਆਂ ਦੀ ਸਹਾਇਤਾ ਕਰਦਾ ਹੈ, ਓਹ ਸਾਰਿਆਂ ਦੀ ਪ੍ਰਸੰਨਤਾ ਵਧਾਕੇ ਆਪ ਪ੍ਰਸੰਨ ਹੁੰਦਾ ਹੈ।

ਓਹ ਆਪਣੇ ਗੁਆਂਢੀ ਨੂੰ ਗਾਲਾਂ ਨਹੀਂ ਕੱਢਦਾ, ਓਹ ਈਰਖਾ ਤੇ ਬਖੀਲੀ ਦੀਆਂ ਗੱਲਾਂ ਨਹੀਂ ਸੁਣਦਾ, ਅਤੇ ਨਾਂ ਹੀ ਕਿਸੇਦੀ ਨਿੰਦਿਆ ਦੀਆਂ ਸੁਣੀਆਂ ਸੁਣਾਈਆਂ ਗੱਲਾਂ ਹੋਰਨਾਂ ਨੂੰ ਕਹਿੰਦਾ ਹੈ। ਜੇਹੜੇ ਲੋਕ ਓਸਨੂੰ ਨੁਕਸਾਨ

ਪਹੁੰਚਾਉਂਦੇ ਹਨ, ਓਹ ਓਹਨਾਂ ਨੂੰ ਮਾਫ ਕਰ ਦੇਂਦਾ ਹੈ ਅਤੇ ਓਹਨਾਂ ਦੇ ਵੈਰ ਨੂੰ ਚੇਤਿਓਂ ਭੁਲਾ ਛੱਡਦਾ ਹੈ। ਓਸਦੇ ਦਿਲ ਨੂੰ ਪਤਾ ਹੀ ਨਹੀਂ ਕਿ ਬਦਲਾ ਕਿਸਤਰਾਂ ਲਈਦਾ ਹੈ ਅਤੇ ਦਿਲ ਵਿਚ ਸਾੜਾ ਤੇ ਵੈਰ ਕਿਸਤਰਾਂ ਰੱਖੀਦਾ ਹੈ?

ਓਹ ਬਦੀ ਦੇ ਬਦਲੇ ਬਦੀ ਨਹੀਂ ਕਰਦਾ, ਓਹ ਆਪਣੇ ਵੈਰੀਆਂ ਪਾਸੋਂ ਵੀ ਘ੍ਰਿਣਾ ਨਹੀਂ ਕਰਦਾ, ਸਗੋਂ ਓਹਨਾਂ ਦੀਆਂ ਬੇਨਿਆਈਆਂ ਦਾ ਬਦਲਾ ਮਿੱਤ੍ਰਤਾ ਤੇ ਹਮਦਰਦੀ ਕਰਕੇ ਦੇਂਦਾ ਹੈ। ਓਸਨੂੰ ਮਨੁੱਖ ਜਾਤੀ ਦੇ ਦੁੱਖਾਂ ਤੇ ਕਲੇਸ਼ਾਂ ਵਲ ਵੇਖਕੇ ਤਰਸ ਆਉਂਦਾ ਹੈ, ਓਹ ਓਹਨਾਂ ਦੇ ਦੁੱਖ ਘਟਾਉਣ ਦਾ ਯਤਨ ਕਰਦਾ ਹੈ, ਓਹ ਆਪਣੇ ਨੇਕ ਇਰਾਦੇ ਵਿਚ ਸਫਲਤਾ ਪ੍ਰਾਪਤ ਕਰਕੇ ਓਸਨੂੰ ਸੱਤਾਂ ਵਲੈਤਾਂ ਦੀ ਪਾਤਸ਼ਾਹੀ ਵਰਗੀ ਪ੍ਰਸੰਨਤਾ ਹੁੰਦੀ ਹੈ।

ਓਹ ਚਿੜਚਿੜੇ ਆਦਮੀ ਦਾ ਭੈੜਾ ਸੁਭਾਵ ਹਟ ਦੇਂਦਾ ਹੈ, ਲੋਕਾਂ ਦੇ ਝਗੜੇ ਮਿਟਾਉਂਦਾ ਹੈ ਤੇ ਵੈਰ-ਵਿਰੋਧਾ ਤੇ ਫਸਾਦ ਦੀ ਅੱਗ ਉੱਤੇ ਠੰਢਾ ਪਾਨੀ ਛਿਣਕਦਾ ਹੈ। ਓਹ ਆਪਣੇ ਆਲੇ ਦੁਆਲੇ ਅਮਨ, ਸ਼ਾਂਤੀ ਤੇ ਅਰਾਮ ਖਲੇਰਦਾ ਹੈ, ਹਰ ਥਾਂ ਓਸਦੀ ਉਪਮਾ ਹੁੰਦੀ ਹੈ ਅਤੇ ਸਾਰੇ ਲੋਕ ਓਸਨੂੰ ਅਸੀਸਾਂ ਦੇਂਦੇ ਨਹੀਂ ਥੱਕਦੇ।

ਬੈਂਤ:–

ਆ ਨੀ "ਸੀਲਤਾ" ਤੈਨੂੰ ਮੈਂ ਗਲੇ ਲਾਵਾਂ,
ਤੇਰੇ ਨਾਲ ਮੇਰਾ ਹਿਰਦਾ ਪਾਕ ਹੋਵੇ।
ਸੀਲ ਆਦਮੀ ਦਾ ਹਿਰਦਾ ਗੁਣਾਂ ਭਰਿਆ,
ਨਾਹੀਂ ਔਗਣਾਂ ਨਾਲ ਨਾਪਾਕ ਹੋਵੇ।

ਫੁੱਟਣ ਨੇਕੀਆਂ ਦੇ ਸ਼ੋਮੇਂ ਆਪ ਆਪੇ,
ਹਿਰਦੇ ਸ਼ਾਲਤਾ ਜੇ ਠੀਕ ਠਾਕ ਹੋਵੇ।
ਸੀਲ ਆਦਮੀ ਸਭਸ ਨੂੰ ਪਿਆਰ ਕਰਦਾ,
ਵੈਰੀ ਮਿੱਤ੍ਰ ਪਿਆਰਾ ਜਾਂ ਕਈ ਸਾਕ ਹੋਵੇ।
ਬਦੀ ਟਿਕੇ ਨਾ ਓਸਦੇ ਰਿਦੇ ਅੰਦਰ,
ਓਹ ਨਾਂ ਜਾਣਦਾ ਆਖਦੇ ਵੈਰ ਕਿਸਨੂੰ ?
ਪਿਤਾ ਇਕ ਤੇ ਉਸਦੀ ਔਲਦ ਸਾਰੀ,
ਓਹ ਨਾ ਜਾਣਦਾ ਸਮਝੀਏ ਗ਼ੈਰ ਕਿਸ ਨੂੰ ?
ਨੇਕੀ, ਪ੍ਰੇਮ, ਮਿਲ ਬੈਠਣਾ ਹੈਨ ਸ਼ੁਭ ਗੁਣ,
ਓਹ ਨਾਂ ਜਾਣਦਾ ਕਿ ਮਾਰੇ ਪੈਰ ਕਿਸਨੂੰ ?
ਚੁੰਮਣ 'ਚਰਨ' ਗੁਣ ਸਾਰੇ ਉਸ ਦੇਵਤੇ ਦੇ,
ਜੋ ਨਾ ਜਾਣਦਾ ਹੈ ਔਰ ਗ਼ੈਰ ਕਿਸ ਨੂੰ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:-

(੧)ਪਰ ਹਰਿ, ਕਾਮ, ਕ੍ਰੋਧ, ਝੂਠ, ਨਿੰਦਾ
ਤਜ ਮਾਇਆ ਅਹੰਕਾਰ ਚੁਕਾਵੈ।
ਤਜ ਕਾਮ ਕਾਮਨੀ ਮੋਹ ਤਜੈ
ਤਾ ਅੰਜਨ ਮਾਹਿ ਨਿਰੰਜਨ ਪਾਵੈ।
ਤਜ ਮਾਨ, ਅਭਿਮਾਨ ਪ੍ਰੀਤ ਸੁਤ ਦਾਰਾ
ਤਜ ਪਿਆਸ ਆਸ ਰਾਮ ਲਿਵ ਲਾਵੈ।
ਨਾਨਕ ਸਾਚਾ ਮਨ ਵਸੈ,
ਸਾਚਿ ਸਬਦ ਹਰਿ ਨਾਮ ਵਸਾਵੈ।

----

## ੨੬—ਕ੍ਰਿਤੱਗਜਤਾ (ਸ਼ੁਕਰ ਗੁਜ਼ਾਰੀ)

ਜਿਸ ਤਰਾਂ ਬ੍ਰਿਛ ਦੀਆਂ ਟਾਹਣੀਆਂ ਤੇ ਪੱਤਿਆਂ ਦਾ ਰਸ ਫੇਰ ਜੜ੍ਹਾਂ ਵਿਚ ਵਾਪਸ ਚਲਿਆ ਜਾਂਦਾ ਹੈ ਜਿਥੋਂ ਕਿ ਓਹ ਉੱਪਰ ਚੜ੍ਹਿਆ ਸੀ, ਜਿਸ ਤਰਾਂ ਦਰਯਾ ਓਸੇ ਸਮੁੰਦਰ ਵਿਚ ਮੁੜ ਆਪਣਾ ਪਾਣੀ ਰਲਾ ਦੇਂਦਾ ਹੈ ਜਿਥੋਂ ਕਿ ਓਹ ਨਿਕਲਿਆ ਸੀ, ਏਸੇ ਤਰਾਂ ਕ੍ਰਿਤੱਗਜ ਆਦਮੀ ਦਾ ਦਿਲ ਨੇਕੀ ਦੇ ਬਦਲੇ ਨੇਕੀ ਕਰਦਾ ਹੈ, ਓਹ ਖੁਸ਼ੀ ਨਾਲ ਆਪਣੇ ਸਹਾਇਕ ਦਾ ਹਸਾਨ ਮੰਨਦਾ ਹੈ, ਓਸਨੂੰ ਪ੍ਰੇਮ ਅਤੇ ਇੱਜ਼ਤ ਦੀ ਨਜ਼ਰ ਨਾਲ ਤੱਕਦਾ ਹੈ, ਜੇਕਰ ਓਹ ਹਸਾਨ ਦਾ ਬਦਲਾ ਨਾਂ ਬੀ ਦੇ ਸਕੇ ਤਾਂ ਬੀ ਉਮਰ ਭਰ ਓਸਦਾ ਹਸਾਨਵੰਦ ਰਹਿੰਦਾ ਹੈ ਅਤੇ ਓਸਦੀ ਕੀਤੀ ਹੋਈ ਨੂੰ ਕਦੇ ਨਹੀਂ ਭੁੱਲਦਾ।

ਖੁਲ੍ਹ-ਦਿਲੇ ਤੇ ਦਾਨੀ ਆਦਮੀ ਦਾ ਹੱਥ ਅਕਾਸ਼ ਦੇ ਬੱਦਲਾਂ ਵਾਂਗ ਹੈ ਜੋ ਧਰਤੀ ਦੇ ਫਲ, ਫੁੱਲ ਗਿੱਲ ਅਤੇ ਸਬਜ਼ੀ ਨੂੰ ਉਪਜਾਉਣ ਦਾ ਕਾਰਨ ਹੁੰਦੇ ਹਨ, ਪਰ ਹਸਾਨ ਨੂੰ ਭੁੱਲ ਜਾਣ ਵਾਲੇ ਅਕ੍ਰਿਤਘਣ ਦਾ ਦਿਲ ਰੇਤਥਲੇ ਵਾਂਗ ਹੈ ਜੋ ਕਿ ਮੀਂਹ ਦੇ ਪਾਣੀ ਨੂੰ ਤਾਂ ਵੱਡੀ ਪ੍ਰਸੰਨਤਾ ਨਾਲ ਪੀ ਜਾਂਦਾ ਹੈ ਪਰ ਆਪਣੇ ਅੰਦਰੋਂ ਸਬਜ਼ੀ ਉਪਜਾਉਣੀ ਤਾਂ ਕਿਤੇ ਰਹੀ ਆਪਣੇ ਆਪ ਨੂੰ ਗਿੱਲਿਆਂ ਵੀ ਨਹੀਂ ਹੋਣ ਦੇਂਦਾ।

ਆਪਣੇ ਸਹਾਇਕ ਨਾਲ ਈਰਖਾ ਨਾਂ ਕਰ ਅਤੇ ਜੋ ਹਸਾਨ ਓਸਨੇ ਤੇਰੇ ਨਾਲ ਕੀਤਾ ਹੈ ਓਸਨੂੰ ਕਦੇ ਨਾਂ ਲੁਕਾ, ਕਿਉਂਕਿ ਹਸਾਨ ਕਰਨਾ ਹਸਾਨ ਲੈਣ ਨਾਲੋਂ ਚੰਗਾ ਹੈ। ਭਵੇਂ ਦਾਨੀ ਦੇ ਦਾਨ ਦੀ ਉਪਮਾ ਹੁੰਦੀ ਹੈ, ਪਰ

ਕ੍ਰਿਤੱਗਜ਼ ਆਦਮੀ ਦੀ ਨਿੰਮ੍ਰਤਾ ਵੀ ਦਿਲ ਉਤੇ ਅਸਰ ਪਾਉਂਦੀ ਹੈ, ਅਤੇ ਨਿੰਮ੍ਰਤਾ ਆਦਮੀ ਤੇ ਪ੍ਰਮਾਤਮਾ ਦੋਹਾਂ ਨੂੰ ਭਾਉਂਦੀ ਹੈ।

ਹੰਕਾਰੀ ਦਾ ਹਸਾਨ ਨਾਂ ਲੈ, ਅਪਸ੍ਵਾਰਥੀ ਤੇ ਲੋਭੀ ਦੇ ਹਸਾਨ ਦਾ ਭਾਰ ਵੀ ਸਿਰ ਤੇ ਨਾਂ ਚੁੱਕ। ਕਿਉਂਕਿ ਹੰਕਾਰੀ ਤੇ ਅਭਿਮਾਨੀ ਆਦਮੀ ਆਪਣੀ ਨੇਕੀ ਦਾ ਹਸਾਨ ਸਾਰਿਆਂ ਦੇ ਸਾਹਮਣੇ ਜਤਲਾਕੇ ਤੈਨੂੰ ਸ਼ਰਮਿੰਦਿਆਂ ਕਰੇਗਾ, ਅਤੇ ਲੋਭੀ ਲਾਲਚੀ ਦਾ ਦਿਲ ਕਦੇ ਰੱਜਦਾ ਹੀ ਨਹੀਂ,ਉਸਦਾ ਢਿੱਡ ਆਪਣੇ ਹਸਾਨ ਦੇ ਬਦਲੇ ਵਿਚ ਹਜ਼ਾਰ ਹਸਾਨ ਲੈਕੇ ਵੀ ਕਦੇ ਨਹੀਂ ਭਰੇਗਾ ।

ਬੈਂਤ:-

ਲੋਕੋ ! ਸਿੱਖਜਾ ਏਸਨੂੰ ਭੁੱਲਣਾ ਨਾਂ,
ਮਦਦਗਾਰ ਦਾ ਸ਼ੁਕਰ ਗੁਜ਼ਾਰ ਹੋਣਾ।
ਬਣ ਅਕ੍ਰਿਤਘਣ, ਭੁੱਲ ਅਹਿਸਾਨ ਪਾਪੀ,
ਧਰਤੀ ਵਾਸਤੇ ਨਾਂ ਅਸਹਿ ਭਾਰ ਹੋਣਾ।
ਜਿਸਨੇ ਮਦਦ ਕੀਤੀ ਉਸਦਾ ਸ਼ੁਕਰ ਕਰਨਾਂ,
ਦੱਬੇ ਸਦਾ ਕ੍ਰਿਤੱਗਜ਼ਤਾ ਬਾਰ ਹੋਣਾ।
ਚੰਗਾ ਨਹੀਂ ਕਿ ਸਦਾ ਏਹਸਾਨ ਚੁੱਕੋ,
ਸਗੋਂ ਤੁਸੀ ਵੀ ਪੁੰਜ-ਉਪਕਾਰ ਹੋਣਾ।
ਜਿਸਨੇ ਬਿਪਤ ਵੇਲੇ ਤੇਰੀ ਮਦਦ ਕੀਤੀ,
ਤੇਰਾ ਧਰਮ ਹੈ ਮੰਨ ਏਹਸਾਨ ਉਸਦਾ।
ਚੰਗਾ ਨਹੀਂ ਏਹਸਾਨ ਨੂੰ ਭੁੱਲ ਉਲਟਾ,
ਬਣੇਂ ਕ੍ਰਿਤਘਣ ਤੇ ਦੁਸ਼ਮਨ ਜਾਨ ਉਸਦਾ।

ਐਪਰ ਯਾਦ ਰੱਖ ਲੋਭ,ਹੰਕਾਰ ਵਾਲਾ
ਜੇਹੜਾ ਬੰਦਾ,ਨਾਂ ਭੁਈ ਏਹਸਾਨ ਉਸਦਾ।
"ਚਰਨ" ਪ੍ਰਭੂ ਦੇ ਪਕੜ,ਉਸ ਜਨਮ ਦਿੱਤਾ,
ਦਿਨੇ ਰਾਤ ਫਿਰ ਖੰਦਾ ਹੈਂ ਦਾਨ ਉਸਦਾ।

ਪ੍ਰਮਾਣ ਵਾਰ ਭਾਈ ਗੁਰਦਾਸਜੀ:-

(੧) ਅਉਗੁਣ ਕੀਤੇ ਗੁਣ ਕਰੈ ਸਹਿਜ ਸੁਭਾਵ ਤਰੋਵਰ ਹੰਦਾ। ਵੱਢਣਵਾਲਾ ਛਾਉਂ ਬਹਿ ਚੰਗੇ ਦਾ ਮੰਦਾ ਚਿਤਵੰਦਾ॥

(੨) ਮਦ ਵਿਚ ਰਿੱਧਾ ਪਾਇਕੇ ਕੁੱਤੇ ਦਾ ਮਾਸ।
ਧਰਿਆ ਮਾਨਸ ਖੋਪਰੀ ਤਿਸ ਮੰਦੀ ਵਾਸ।
ਰੱਤੂ ਭਰਿਆ ਕੱਪੜਾ ਕਰ ਕੱਜਣ ਤਾਸ।
ਢੱਕ ਲੈ ਚੱਲੀ ਚੂਹੜੀ ਕਰ ਭੋਗ ਬਿਲਾਸ।
ਆਖ ਸੁਣਾਏ ਪੁੱਛਿਆ ਲਾਹੇ ਵਿਸਵਾਸ।
ਨਦਰੀ ਪਵੈ ਅਕ੍ਰਿਤਘਣ ਮਤ ਹੋਇ ਵਿਣਾਸ॥ ੯॥

ਸ੍ਰੀ ਗੁਰੂ ਗ੍ਰੰਥ ਪ੍ਰਮਾਣ:-

(੧) ਮਨਮੁਖ ਲੂਣ ਹਰਾਮ ਕਿਆ ਨਾ ਜਾਣਿਆ॥
(੨) ਨਰਕ ਘੋਰ ਬਹੁ ਦੁਖ ਘਣੇ ਅਕ੍ਰਿਤਘਣਾ ਕਾ ਥਾਨ॥

---

## ੨੭–ਦਿਲ ਦੀ ਸਫ਼ਾਈ

ਹੇ ਆਦਮੀ! ਤੂੰ ਜੋ ਸਚਿਆਈ ਦੀਆਂ ਖੂਬੀਆਂ ਦਾ ਚਾਹਵਾਨ ਹੈਂ ਅਤੇ ਉਸਦੀ ਸੋਹਣੀ ਸਾਦੀ ਸੂਰਤ ਉਤੇ ਮੋਹਿਤ ਹੈਂ, ਤੂੰ ਸਦਾ ਏਸਦਾ ਤਾਬਿਆਦਾਰ ਰਹੁ ਅਤੇ ਏਸਨੂੰ ਪਿੱਠ ਨਾਂ ਦੇਹ। ਏਸਦੀ ਸਹਾਇਤਾ ਨਾਲ ਤੈਨੂੰ

ਇੱਜ਼ਤ ਅਤੇ ਮਾਨ ਦਾ ਤਾਜ ਨਸੀਬ ਹੋਵੇਗਾ।

ਸੱਚੇ ਆਦਮੀ ਦੀ ਜੀਭ ਉਸਦੇ ਦਿਲ ਦੀ ਤਹਿ ਤਕ ਹੈ, ਉਸ ਵਿੱਚੋਂ ਚਾਲ ਬਾਜ਼ੀ ਤੇ ਝੂਠ ਦੀ ਕੋਈ ਗੱਲ ਨਹੀਂ ਨਿਕਲਦੀ, ਓਹ ਝੂਠ ਬੋਲਣ ਤੋਂ ਸ਼ਰਮਾਉਂਦਾ ਅਤੇ ਪਛਤਾਉਂਦਾ ਹੈ, ਪਰ ਸੱਚ ਬੋਲਣ ਵੇਲੇ ਉਸਦੀ ਅੱਖ ਓਸੇਤਰਾਂ ਚਮਕਦੀ ਰਹਿੰਦੀ ਹੈ, ਓਹ ਸੱਚੇ ਮਰਦਾਂ ਵਾਂਗ ਆਪਣੇ ਸਦਾਚਾਰ ਦੀ ਸ਼ਾਨ ਬਣਾਈ ਰਖਦਾ ਹੈ। ਓਹ ਚਾਲ ਅਤੇ ਧੋਖੇ (Policy—ਪੌਲਿਸੀ) ਤੋਂ ਕੰਮ ਲੈਣ ਨੂੰ ਆਪਣੀ ਹੀਨਤਾ ਸਮਝਤਾ ਹੈ, ਉਸਦਾ ਅੰਦਰ ਤੇ ਬਾਹਰ ਇੱਕੋ ਜਿਹਾ ਹੈ, ਉਸਨੂੰ ਕਦੇ ਪਛਤਾਉਣਾ ਨਹੀਂ ਪੈਂਦਾ, ਓਹ ਹੌਸਲੇ ਨਾਲ ਤੱਟ ਫੱਟ ਸੱਚ ਬੋਲ ਦੇਂਦਾ ਹੈ, ਪਰ ਝੂਠ ਬੋਲਣ ਵੇਲੇ ਝਿਜਕ ਜਾਂਦਾ ਹੈ। ਓਹ ਜ਼ਮਾਨੇ-ਸਾਜ਼ੀ ਨਹੀਂ ਜਾਣਦਾ, ਉਸਦੀ ਜੀਭ ਉਸਦੇ ਦਿਲ ਦੀਆਂ ਗੱਲਾਂ ਨੂੰ ਪ੍ਰਗਟ ਕਰਦੀ ਹੈ।

ਇਹ ਕੁਝ ਹੋਣ ਪਰ ਵੀ ਓਹ ਆਪਣੀ ਜ਼ਬਾਨ ਸਿਆਣਪ ਤੇ ਹੁਸ਼ਿਆਰੀ ਨਾਲ ਖੋਲ੍ਹਦਾ ਹੈ, ਕੁਝ ਬੋਲਣ ਤੋਂ ਪਹਿਲਾਂ ਓਹ ਸੋਚ ਲੈਂਦਾ ਹੈ ਕਿ ਕੇਹੜੀ ਗਲ ਸੱਚੀ ਤੇ ਠੀਕ ਹੈ।

ਓਹ ਮਿਤ੍ਰਤਾ ਦੇ ਖ਼ਿਆਲ ਨਾਲ ਸਲਾਹ ਦੇਂਦਾ ਹੈ, ਝਿੜਕ ਦੇਣ ਵੇਲੇ ਓਹ ਬੇਡਰ ਹੁੰਦਾ ਹੈ, ਜੋ ਕੁਝ ਮੂਹ ਤੋਂ ਕਹਿ ਦੇਂਦਾ ਹੈ, ਉਸਨੂੰ ਪੂਰਾ ਕਰ ਵਖਾਉਂਦਾ ਹੈ, ਪਰ ਚਲਾਕ ਤੇ ਦਗੇਬਾਜ਼ ਆਦਮੀ ਦਾ ਦਿਲ ਉਸਦੇ ਕਲੇਜੇ ਵਿਚ ਲੁਕਿਆ ਰਹਿੰਦਾ ਹੈ, ਓਹ ਪ੍ਰਗਟ ਤੌਰ ਤੇ ਆਪਣੀਆਂ

ਗੱਲਾਂ ਨੂੰ ਸੱਚ ਦੀ ਪੁਸ਼ਾਕ ਪੁਆਉਂਦਾ ਹੈ, ਪਰ ਉਸਦੇ ਜੀਵਨ ਦਾ ਮਨਤੱਵ ਧੋਖਾ ਤੇ ਬੇਈਮਾਨੀ ਹੈ।

ਓਹ ਸ਼ੋਕ ਵੇਲੇ ਹੱਸਦਾ ਅਤੇ ਖੁਸ਼ੀ ਵੇਲੇ ਰੋਂਦਾ ਹੈ, ਜੋ ਕੁਝ ਉਸਦੀ ਜ਼ਬਾਨ ਵਿਚੋਂ ਨਿਕਲਦਾ ਹ ਅੱਫਲ ਤੇ ਨਿਰਾਰਥਕ ਹੁੰਦਾ ਹੈ, ਓਹ ਹਨੇਰੇ ਵਿਚ ਕੰਮ ਕਰਦਾ ਹੈ ਅਤੇ ਆਪਣੇ ਆਪ ਨੂੰ ਹਰ ਤਰ੍ਹਾਂ ਰੱਖਜਾ ਯੁਤ ਸਮਝਦਾ ਹੈ, ਪਰ ਉਸੇ ਦੀ ਮੂਰਖਤਾ ਨਾਲ ਉਸ ਦੀਆਂ ਦਗੇਬਾਜੀਆਂ ਤੇ ਧੋਖੇਬਾਜ਼ੀਆਂ ਪ੍ਰਗਟ ਹੋ ਜਾਂਦੀਆਂ ਹਨ ਅਤੇ ਉਸਦੇ ਭੇਤਾਂ ਦਾ ਪੜਦਾ ਪਾਟ ਜਾਂਦਾ ਹੈ।

ਉਸਦੇ ਦਿਨ ਸਦਾ ਦੀ ਕੈਦ ਵਿਚ ਬੀਤਦੇ ਹਨ, ਉਸਦੇ ਦਿਲ ਅਤੇ ਜ਼ਬਾਨ ਵਿਚ ਸਦਾ ਫੁੱਟ ਤੇ ਅਣਬਣ ਰਹਿੰਦੀ ਹੈ, ਓਹ ਸਦਾ ਏਸੇ ਚਿੰਤਾ ਵਿਚ ਰਹਿੰਦਾ ਹੈ ਕਿ ਆਪਣੇ ਆਪ ਨੂੰ ਕਿਸ ਤਰ੍ਹਾਂ ਸੱਚਾ ਪ੍ਰਗਟ ਕਰੇ! ਓਹ ਆਪਣੀ ਬੇਈਮਾਨੀ ਤੇ ਝੂਠ ਦੇ ਖ਼ਿਆਲਾਂ ਨੂੰ ਵੱਡੇ ਸ਼ੌਕ ਨਾਲ ਆਪਣੇ ਦਿਲ ਦੇ ਅੰਦਰ ਪਾਲਦਾ ਹੈ।

ਹੇ ਮੂਰਖ! ਤੂੰ ਆਪਣੇ ਅਸਲ ਹਾਲ ਨੂੰ ਲੁਕਾਉਣ ਵਾਸਤੇ ਜੋ ਦੁੱਖ ਝੱਲਦਾ ਹੈਂ ਓਹ ਉਸ ਦੁੱਖ ਨਾਲੋਂ ਵੱਧ ਹੁੰਦਾ ਹੈ ਜੋ ਤੈਨੂੰ ਆਪਣਾ ਅਸਲ ਹਾਲ ਦੱਸ ਕੇ ਝੱਲਣਾ ਪਵੇ। ਸਿਆਣੇ ਲੋਕ ਤੇਰੀਆਂ ਚਲਾਕੀਆਂ ਉੱਤੇ ਹੱਸਦੇ ਹਨ, ਜਦੋਂ ਤੇਰੀਆਂ ਬਰਿਆਈਆਂ ਦਾ ਭਾਂਡਾ ਭੱਜ ਜਾਵੇਗਾ ਤਾਂ ਲੋਕ ਤੇਰੇ ਮੂੰਹ ਉੱਤੇ ਥੁੱਕਣਗੇ ਅਤੇ ਤੇਰਾ ਨਾਉਂ ਲੈਕੇ ਹਜ਼ਾਰ ਹਜ਼ਾਰ ਲਾਨ੍ਹਤਾਂ ਪਾਉਣਗੇ।

ਛੈਂਤ:-

ਖੋਟੇ ਰਿਦੇ ਵਾਲਾ ਹੈ ਮੱਕਾਰ ਬੰਦਾ,
ਦਗ਼ੇ, ਪਾਪ ਅਰ ਫਰੇਬ ਸੇ ਭਰਾ ਰਹਿੰਦਾ।
ਜਿਸ ਦਾ ਸਾਫ਼ ਹਿਰਦਾ ਨਿਰਮਲ ਨੀਰ ਵਾਂਗੂ,
ਦੁਨੀਆਂ ਵਿੱਚ ਓਹ ਆਦਮੀ ਖਰਾ ਰਹਿੰਦਾ।
ਉਸ ਦੇ ਰਿਦੇ ਅੰਦਰ ਖੋਟ, ਦਗ਼ੇ ਵਾਲਾ,
ਗੰਦ ਪਾਪ ਦਾ ਨਹੀਂ ਹੈ ਜ਼ਰਾ ਰਹਿੰਦਾ।
ਉਸ ਦੇ ਰਿਦੇ ਦਾ ਕੌਲ-ਫੁਲ ਟਹਿਕਦਾ ਏ,
ਓਹ ਗੁਲਾਬ ਵਾਂਗੂ ਹਰਦਮ ਹਰਾ ਰਹਿੰਦਾ।
ਮੂੰਹੋਂ ਹੋਰ ਤੇ ਅੰਦਰੋਂ ਹੋਰ ਜੇਹੜੇ,
ਓਹਨਾਂ ਲਾਨ੍ਹਤਾਂ ਤੇ ਦੂਰ ਦੂਰ ਲੋਕ ਕਰਦੇ।
ਹਿਰਦੇ ਹੋਰ ਹੁੰਦਾ ਮੂੰਹੋਂ ਹੋਰ ਬਕਦੇ,
ਕਰਕੇ ਖੋਟ ਫਿਰ ਅੰਤ ਨੂੰ ਸ਼ੋਕ ਕਰਦੇ।
ਐਪਰ ਸਾਫ਼ ਦਿਲ ਸਦਾ ਹੀ ਸਾਫ਼ ਆਖਣ,
ਸੱਚੀ ਆਖਣੋਂ ਕਦੀ ਨਾ ਟੋਕ ਕਰਦੇ।
ਸਿਰ ਤੋਂ 'ਚਰਨ' ਤਕ ਸਾਫ਼ ਦਿਲ ਸਾਫ਼ ਹੁੰਦੇ,
ਰੱਬ ਪ੍ਰਸੰਨ ਹੁੰਦਾ, ਸੋਭਾ ਲੋਕ ਕਰਦੇ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:-

(੧) ਅੰਦਰਹੁ ਝੂਠੇ ਪੈਜ ਬਾਹਰ ਦੁਨੀਆਂ ਅੰਦਰ ਫੈਲ।
ਅਠਿ ਸਠਿ ਤੀਰਥ ਜੇ ਨਾਵੈ ਉਤਰੈ ਨਾਹੀ ਮੈਲ।

(੨) ਬਿਰਥਾ ਜਨਮ ਗਵਾਇਆ ਕਪਟੀ
ਬਿਨ ਸਬਦੇ ਦੁਖ ਪਾਵਣਿਆ।

(੩) ਜਿਨਾ ਅੰਤਰ ਕਪਟ ਵਿਕਾਰ ਹੈ
ਤਿਨਾ ਰੋਇ ਕਿਆ ਕੀਜੈ ?
(੪) ਜਿਸ ਅੰਤਰ ਹਿਰਦਾ ਸੁਧ ਹੈ
ਤਿਸ ਜਨ ਕਉ ਸਭਿ ਨਮਸਕਾਰਾ।

———

## ਧਾਰਮਕ–ਫ਼ਰਜ਼

### ੨੮–ਮਜ਼੍ਹਬ–ਧਰਮ

ਰੱਬ ਕੇਵਲ ਇਕ ਹੈ, ਜੋ ਦੁਨੀਆਂ ਦਾ ਮਾਲਕ ਤੇ ਹਾਕਮ ਹੈ, ਓਹ ਸਰਬ ਸ਼ਕਤੀਮਾਨ ਅਕਾਲ ਅਤੇ ਸਮਝ ਤੋਂ ਪਰੇ ਹੈ। ਸੂਰਜ ਰੱਬ ਨਹੀਂ ਹੈ, ਭਾਵੇਂ ਓਹ ਓਸਦੀ ਕੁਦਰਤ ਦਾ ਇਕ ਸੋਹਣਾ ਪ੍ਰਗਟ ਕਰਤਾ ਹੈ, ਓਹ ਆਪਣੀ ਰੋਸ਼ਨੀ ਨਾਲ ਦੁਨੀਆਂ ਨੂੰ ਉੱਜਲ ਕਰਦਾ ਹੈ, ਓਸਦੀ ਗਰਮੀ ਨਾਲ ਜਾਨਦਾਰ ਤੇ ਸਬਜ਼ੀ ਤਰਕਾਰੀ ਦਾ ਜੀਵਨ ਕਾਇਮ ਹੈ, ਤੂੰ ਓਸਨੂੰ ਵਾਹਿਗੁਰੂ ਦੀ ਕੁਦਰਤ ਦੀ ਇਕ ਚੰਗੀ ਚੀਜ਼ ਸਮਝਕੇ ਓਸਦੀ ਕਦਰ ਕਰ ਪਰ ਓਸਦੀ ਪੂਜਾ ਨਾਂ ਕਰ।

ਓਹ ਜੋ ਕਿ ਸਰਬ ਸ਼ਕਤੀਮਾਨ, ਨਿੱਤ, ਨਿਆਇਕਾਰੀ ਅਤੇ ਤਰਸਵਾਨ ਹੈ, ਓਸਦੀ ਪੂਜਾ, ਬੰਦਗੀ, ਉਪਮਾ ਅਤੇ ਸ਼ੁਕਰ ਕਰਨਾ ਵਾਜਬ ਹੈ। ਓਸਦੇ ਹੁਕਮ ਨਾਲ ਧਰਤੀ ਅਕਾਸ਼ ਬਣੇ ਹਨ, ਓਸੇ ਦੇ ਹੁਕਮ ਨਾਲ ਤਾਰੇ ਤੇ ਸੱਯਾਰੇ ਭੌਂਦੇ ਫਿਰਦੇ ਹਨ, ਓਸ ਨੇ ਸਮੁੰਦਰ ਅਤੇ ਦਰਯਾਵਾਂ ਦੀਆਂ

ਹੱਦਾਂ ਥਾਪੀਆਂ ਹਨ। ਉਸੇ ਦੇ ਹੁਕਮ ਨਾਲ ਤੂਫ਼ਾਨ ਚਲਦੇ ਅਤੇ ਥੰਮ ਜਾਂਦੇ ਹਨ, ਉਸਦੇ ਹੁਕਮ ਨਾਲ ਭੁਚਾਲ ਆਉਂਦੇ ਹਨ ਅਤੇ ਧਰਤੀ ਦੇ ਕ੍ਰੋੜਾਂ ਜੀਵ ਕੰਬ ਜਾਂਦੇ ਹਨ। ਉਸਦੇ ਹੁਕਮ ਨਾਲ ਬੱਦਲ ਗੱਜਦੇ ਅਤੇ ਪਾਪੀਆਂ ਦੇ ਕਲੇਜੇ ਕੰਬਦੇ ਹਨ, ਉਸੇ ਦੇ ਹੁਕਮ ਨਾਲ ਲੱਖਾਂ ਧਰਤੀਆਂ ਬਣਦੀਆਂ ਹਨ ਅਤੇ ਫੇਰ ਉਸਦੇ ਹੁਕਮ ਨਾਲ ਇੱਕ ਅੱਖ ਦੇ ਫੋਰ ਵਿਚ ਸਭ ਕੁਝ ਅਲੋਪ ਹੋ ਜਾਂਦਾ ਹੈ।

ਹੇ ਮਨੁੱਖ! ਉਸ ਸਰਬ ਸ਼ਕਤੀਮਾਨ ਦੀ ਸ਼ਾਨ ਅਤੇ ਤੇਜ ਦਾ ਅਦਬ ਕਰ, ਤੂੰ ਉਸਦਾ ਪਰਤਾਵਾ ਨਾਂ ਲੈ, ਅਜੇਹਾ ਨਾਂ ਹੋਵੇ ਕਿ ਤੂੰ ਉੱਜੜ ਜਾਵੇਂ। ਖ਼ੁਦਾ ਦੀ ਖ਼ੁਦਾਈ ਉਸਦੇ ਸਾਰੇ ਕਾਰਖਾਨਿਆਂ ਉਤੇ ਪ੍ਰਚਲਤ ਹੈ, ਓਹ ਅਥਾਹ ਅਤੇ ਨਿਰਹੱਦ ਹਿਕਮਤ ਨਾਲ ਹਕੂਮਤ ਕਰਦਾ ਹੈ, ਲੱਖਾਂ ਦੁਨੀਆਂ ਦਾ ਇਕ ਪੱਤਾ ਅਤੇ ਇਕ ਤੀਲਾ ਵੀ ਉਸਦੇ ਹੁਕਮ ਤੋਂ ਬਿਨਾ ਹਿੱਲ ਨਹੀਂ ਸਕਦਾ।

ਉਸਦਾ ਦਿਲ ਹਰ ਭਾਂਤ ਦੇ ਹੁਨਰ ਤੇ ਵਿੱਦਜਾ ਦਾ ਸੋਮਾ ਹੈ, ਭਵਿੱਖਤ ਸਮੇ ਦੇ ਸਾਰੇ ਭੇਤ ਉਸਨੂੰ ਮਲੂਮ ਹਨ, ਤੇਰੇ ਦਿਲ ਦੇ ਸਾਰੇ ਖਿਆਲ ਓਹ ਜਾਣਦਾ ਹੈ, ਤੇਰੇ ਇਰਾਦੇ ਓਹਦੇ ਪਾਸੋਂ ਲੁਕਵੇਂ ਨਹੀਂ ਹਨ, ਉਸਦੀ ਅੰਤਰਜਾਮਤਾ ਵਿਚ ਕੋਈ ਚੀਜ਼ ਰੋਕ ਨਹੀਂ ਪਾ ਸਕਦੀ ਅਤੇ ਨਾਂ ਉਸਦੀ ਖ਼ੁਦਾਈ ਵਿਚ ਕੋਈ ਕੰਮ ਅਕਸਮਾਤ ਨਾਲ਼ ਹੁੰਦਾ ਹੈ।

ਉਸਦੇ ਸ਼ਾਰੇ ਕੰਮ ਅਨੋਖੇ ਹਨ, ਉਸਦੇ ਇਰਾਦੇ ਈ ਕੌਣ ਥਾਹ ਪਾ ਸਕਦਾ ਹੈ ? ਉਸਦੀ ਹਿਕਮਤ ਤੇਰੀ ਸੋਚ ਅਤੇ ਸਮਝ ਤੋਂ ਬਹੁਤ ਪਰੇ ਹੈ।

ਏਸ ਵਾਸਤੇ ਤੂੰ ਓਸਦੇ ਹੁਕਮ ਦੇ ਅੱਗੇ ਸਿਰ ਨੁਆ ਅਤੇ ਪੂਰੀ ਨਿੰਮ੍ਰਤਾ ਨਾਲ ਓਸ ਦਾ ਆਗਯਾਕਾਰ ਬਣ।

ਵਾਹਿਗੁਰੂ ਮੇਹਰ ਅਤੇ ਤਰਸ ਦਾ ਸੋਮਾਂ ਹੈ, ਉਸਨੇ ਪ੍ਰੇਮ ਅਤੇ ਤਰਸ ਨਾਲ ਸੰਸਾਰ ਨੂੰ ਉਤਪੰਨ ਕੀਤਾ ਹੈ, ਓਸ ਦੀ ਰਹਿਮਤ ਅਤੇ ਮੇਹਰ ਓਸ ਦੇ ਸਾਰੇ ਕੰਮਾਂ ਤੋਂ ਪ੍ਰਗਟ ਹੈ, ਓਹ ਸੱਚ ਅਤੇ ਕਮਾਲ ਦਾ ਨਿਕਾਸੂ ਹੈ। ਸਾਰੇ ਜੀਵ ਜੰਤੂ ਓਸ ਦੀ ਉਪਮਾ ਦੇ ਗੀਤ ਗਾਉਂਦੇ ਹਨ, ਓਹ ਆਪਣੀਆਂ ਖ਼ੁਸ਼ੀਆਂ ਦੇ ਵੇਲੇ ਓਸ ਨੂੰ ਯਾਦ ਕਰਦੇ ਹਨ। ਓਹ ਸੁੰਦਰਤਾ ਨਾਲ ਓਹਨਾਂ ਨੂੰ ਸਜਾਉਂਦਾ ਹੈ ਅਤੇ ਖੁਰਾਕ ਨਾਲ ਓਹਨਾਂ ਦੀ ਪਾਲਨਾ ਕਰਦਾ ਹੈ।

ਜੇ ਅਸੀਂ ਅਕਾਸ਼ ਵਲ ਧਿਆਨ ਮਾਰੀਏ ਤਾਂ ਓਸਦਾ ਤੇਜ ਪ੍ਰਤਾਪ ਓਥੇ ਵੀ ਚਮਕਦਾ ਨਜ਼ਰ ਆਉਂਦਾ ਹੈ, ਜੇ ਅਸੀ ਧਰਤੀ ਵਲ ਨਜ਼ਰ ਕਰੀਏ ਤਾਂ ਓਸ ਦੀ ਕਾਰੀਗਰੀ ਓਥੇ ਵੀ ਪਈ ਦਿਸਦੀ ਹੈ, ਪਹਾੜ ਅਤੇ ਵਾਦੀਆਂ ਪ੍ਰਸੰਨ ਹਨ ਅਤੇ ਓਸ ਦੀ ਕਾਰੀਗਰੀ ਦੇ ਗੀਤ ਗਾਉਂਦੇ ਹਨ, ਜੰਗਲ, ਬਨ, ਦਰਯਾ ਤੇ ਸਮੁੰਦਰ ਓਸ ਦੀ ਉਪਮਾ ਗਾ ਰਹੇ ਹਨ।

ਪਰ ਹੇ ਮਨੁੱਖ! ਤੈਨੂੰ ਓਸ ਨੇ ਖਾਸ ਕ੍ਰਿਪਾਲਤਾ ਤੇ ਮੇਹਰ ਨਾਲ ਉੱਚਿਆਂ ਕੀਤਾ ਹੈ, ਓਸ ਨੇ ਤੇਰਾ ਦਰਜਾ ਸਾ ੇ ਜਾਨਦਾਰਾਂ ਨਾਲੋਂ ਵੱਡਾ ਕੀਤਾ ਹੈ, ਓਸ ਨੇ ਤੈਨੂੰ ਅਕਲ ਦਿੱਤੀ ਹੈ ਕਿ ਤੂੰ ਆਪਣੀ ਵਡਿਆਈ ਕਾਇਮ ਰੱਖੇਂ, ਓਸਨੇ ਤੈਨੂੰ ਬੋਲਣ ਸ਼ਕਤੀ ਦਿਤੀ ਹੈ ਕਿ ਤੂੰ ਆਪਣੇ ਸਾਥੀਆਂ ਵਿਚ ਰਹਿਕੇ ਆਨੰਦ ਲੁੱਟੇਂ, ਓਸ ਨੇ ਤੇਰੇ ਦਿਮਾਗ਼

ਨੂੰ ਸੋਚਣ ਦੀ ਤਾਕਤ ਬਖ਼ਸ਼ੀ ਹੈ ਤਾਂ ਜੋ ਤੂੰ ਓਸ ਦੀਆਂ ਕਾਰੀਗਰੀਆਂ ਦੇਖਕੇ ਓਸ ਦੀ ਬੰਦਗੀ ਕਰੇਂ।

ਓਸ ਸਿਰਜਨਹਾਰ ਨੇ ਆਪਣੇ ਕਾਨੂਨਾਂ ਵਿਚ ਤੇਰੇ ਜੀਵਨ ਦੀ ਅਗਵਾਈ ਵਾਸਤੇ ਵੀ ਇਕ ਨਿਯਮ ਮੁਕੱਰਰ ਕੀਤਾ ਹੈ, ਓਸ ਨੇ ਤੇਰੇ ਕੰਮ ਤੇਰੀ ਕੁਦਰਤ ਦੇ ਅਨੁਸਾਰ ਨੀਯਤ ਕੀਤੇ ਹਨ, ਓਸ ਦੇ ਹੁਕਮਾਂ ਦੀ ਪਾਲਨਾ ਕਰਨੀ ਤੇਰੇ ਵਾਸਤੇ ਸੁਖ ਅਤੇ ਅਨੰਦ ਦਾ ਕਾਰਨ ਹੈ।

ਹੇ ਬੰਦੇ! ਕ੍ਰਿਤੱਗਜਤਾ ਦੇ ਗੀਤਾਂ ਨਾਲ ਓਸ ਦੀ ਰਹਿਮਤ ਦੀ ਉਪਮਾ ਕਰ, ਓਸ ਦੇ ਪ੍ਰੇਮ ਦੀਆਂ ਅਜੀਬ ਚੀਜ਼ਾਂ ਉੱਤੇ ਵਿਚਾਰ ਕਰ, ਤੇਰਾ ਦਿਲ ਸ਼ੁਕਰ ਗੁਜ਼ਾਰੀ ਅਤੇ ਵਾਹਿਗੁਰੂ ਦੀ ਉਪਮਾ ਨਾਲ ਭਰ ਜਾਵੇ, ਤੇਰੀ ਜ਼ਬਾਨ ਵਿਚੋਂ ਓਸ ਦੀ ਉਪਮਾ ਤੇ ਭਗਤੀ ਦੇ ਲਫ਼ਜ਼ ਨਿਕਲਨ ਤੇ ਤੇਰੇ ਕੰਮਾਂ ਵਿਚ ਸਦਾ ਓਸ ਦਾ ਭੌ ਤੇ ਪ੍ਰੇਮ ਪ੍ਰਗਟ ਹੋਣਾ ਚਾਹੀਦਾ ਹੈ।

ਵਾਹਿਗੁਰੂ ਸੱਚਾ ਅਤੇ ਨਿਆਇਕਾਰੀ ਹੈ, ਓਹ ਸਾਰਿਆਂ ਦਾ ਫ਼ੈਸਲਾ ਸੱਚ ਅਤੇ ਨਿਆਉਂ ਨਾਲ ਕਰਦਾ ਹੈ, ਕੀ ਓਸਨੇ ਆਪਣੇ ਨਿਯਮ ਤਰਸ ਅਤੇ ਮੇਹਰ ਨਾਲ ਨਹੀਂ ਬਣਾਏ? ਅਤੇ ਕੀ ਓਹ ਓਸ ਦੀ ਆਗਜ਼ਾ ਦੇ ਉਲਟ ਚੱਲਣ ਵਾਲਿਆਂ ਨੂੰ ਕਰੜੇ ਦੰਡ ਨਹੀਂ ਦੇਵੇਗਾ?

ਹੇ ਅਭਿਮਾਨੀ ਬੰਦੇ! ਏਹ ਨਾ ਸਮਝ ਕਿ ਚੂੰਕਿ ਤੈਨੂੰ ਸਜ਼ਾ ਮਿਲਨ ਵਿੱਚ ਦੇਰ ਲਗ ਰਹੀ ਹੈ, ਇਸ ਵਾਸਤੇ ਵਾਹਿਗੁਰੂ ਦਾ ਡੰਡਾ ਕਮਜ਼ੋਰ ਹੈ। ਤੂੰ ਏਸ ਖਿਆਲ ਨਾਲ ਵੀ ਜੀ ਨਾ ਪਰਚਾ ਕਿ ਓਹ ਤੇਰੀਆਂ ਕਰਤੂਤਾਂ ਵਲੋਂ

ਅਖਾਂ ਮੀਟ ਛੱਡਦਾ ਹੈ। ਓਸ ਦੀ ਅੱਖ ਸਾਰਿਆਂ ਦੇ ਦਿਲਾਂ ਦੇ ਭੇਤਾਂ ਨੂੰ ਵੇਖਦੀ ਹੈ ਅਤੇ ਸਭ ਦੇ ਪਾਪਾਂ ਨੂੰ ਯਾਦ ਰਖਦੀ ਹੈ, ਓਹ ਕਿਸੇ ਉੱਚੇ ਦਰਜੇ ਤੇ ਉੱਚੀ ਜ਼ਾਤ ਦਾ ਕਦੇ ਲਿਹਾਜ਼ ਨਹੀਂ ਕਰਦਾ।

ਵੱਡੇ ਅਤੇ ਛੋਟੇ, ਧਨਵਾਨ ਅਤੇ ਨਿਰਧਨ, ਸਿਆਣੇ ਅਤੇ ਮੂਰਖ ਭਾਵੇਂ ਕੋਈ ਹੋਣ ਜਦੋਂ ਓਹਨਾਂ ਦਾ ਆਤਮਾ ਪੰਜਾਂ ਤੱਤਾਂ ਦੇ ਸਰੀਰ ਦੀ ਕੈਦ ਵਿੱਚੋਂ ਨਿਕਲ ਜਾਵੇਗਾ, ਵਾਹਿਗੁਰੂ ਵਲੋਂ ਓਹਨਾਂ ਦੇ ਕਰਮਾਂ ਦੇ ਅਨੁਸਾਰ ਦੰਡ ਅਤੇ ਇਨਾਮ ਮਿਲੇਗਾ। ਓਸ ਵੇਲੇ ਪਾਪੀ ਥਰ ਥਰ ਕੰਬਦੇ ਅਤੇ ਡਰਦੇ ਹਨ, ਪਰ ਸੱਚਿਆਂ ਦੇ ਦਿਲ ਆਨੰਦ ਅਤੇ ਪ੍ਰਸੰਨ ਹੁੰਦੇ ਹਨ।

ਏਸ ਵਾਸਤੇ ਹੇ ਆਦਮੀ! ਤੂੰ ਸਾਰੀ ਉਮਰ ਰੱਬ ਪਾਸੋਂ ਡਰਦਾ ਰਹੁ ਅਤੇ ਓਹਨਾਂ ਰਸਤਿਆਂ ਉਤੇ ਚੱਲ ਜੋ ਉਸ ਨੇ ਤੇਰੇ ਵਾਸਤੇ ਨੀਯਤ ਕੀਤੇ ਹੋਏ ਹਨ। ਸਿਆਣਪ ਪਾਸੋਂ ਸਿੱਖਯਾ ਲੈ, ਪਰਹੇਜ਼ਗਾਰੀ ਦੇ ਹੁਕਮ ਵਿਚ ਚੱਲ, ਨਿਆਓਂ ਨੂੰ ਆਪਣਾ ਆਗੂ ਬਣਾ, ਹਮਦਰਦੀ ਨਾਲ ਆਪਣੇ ਦਿਲ ਵਿਚ ਦਰਦ ਉਪਜਾ, ਅਤੇ ਵਾਹਿਗੁਰੂ ਦੀ ਭਗਤੀ ਤੇ ਕ੍ਰਿਤੱ-ਗਯਤਾ ਨਾਲ ਆਪਣੀਆਂ ਨੇਕੀਆਂ ਨੂੰ ਵਧਾ, ਏਸ ਤਰਾਂ ਤੈਨੂੰ ਆਪਣੀ ਏਸੇ ਹਾਲਤ ਵਿਚ ਪ੍ਰਸੰਨਤਾ ਪ੍ਰਾਪਤ ਹੋਵੇਗੀ ਅਤੇ ਅੰਤ ਵਿਚ ਮੁਕਤੀ ਦਾ ਆਨੰਦ ਪ੍ਰਾਪਤ ਹੋਵੇਗਾ।

ਬੈਂਤ:—

ਕੀ ਇਹ ਮਜ਼ਹਬ ਹੈ ਹੋਰਾਂ ਨੂੰ ਬੁਰਾ ਕਹਿਣਾ?
ਕੀ ਇਹ ਮਜ਼ਹਬ ਹੈ ਸੱਚ ਤੋਂ ਦੂਰ ਜਾਣਾ?

ਕੀ ਹੈ ਮਜ਼ਹਬ ਕਰਨੀ ਨਿੰਦਾ ਹੋਰਨਾਂ ਦੀ ?
ਗ਼ੈਰ ਮਜ਼ਹਬੀਆਂ ਨੂੰ ਘੂਰ ਘੂਰ ਜਾਣਾ ?
"ਸਾਡਾ ਮਜ਼ਹਬ ਸੱਚਾ" "ਬਾਕੀ ਮਜ਼ਹਬ ਝੂਠੇ"
ਘਰ ਵਿਚ ਰੰਨ ਨੂੰ ਆਖਦੇ ਹੂਰ ਜਾਣਾ ?
ਲੋਕੋ ! ਬੁਰਾ ਨਾ ਆਖਣਾ ਕਿਸੇ ਤਾਈਂ,
ਨਿੰਦਾ ਵਿਚ ਨਾ ਹੋਕੇ ਮਸ਼ਹੂਰ ਜਾਣਾ।
ਭਗਤੀ, ਭੌ ਤੇ ਪ੍ਰੇਮ ਅਰ ਸ਼ੁਕਰ ਕਰਨਾ,
ਉਸ "ਕਰਤਾਰ ਜੀ" ਦਾ, ਇਹ ਹੈ ਕਰਮ ਤੇਰਾ।
ਨੇਕੀ, ਪ੍ਰੇਮ, ਉਪਕਾਰ, ਸਤ, ਦਾਨ, ਸੇਵਾ,
ਜੀਵ ਵਿੱਚ ਕਰਨਾ, ਇਹ ਹੈ ਧਰਮ ਤੇਰਾ।
ਉਲਟ ਕਰੇਂ ਜੇ ਬੰਦਿਆ ! ਯਾਦ ਰਖ ਫਿਰ,
ਸੀਸ ਝੁਕੂ ਓਥੇ ਨਾਲ ਸ਼ਰਮ ਤੇਰਾ।
'ਚਰਨ' ਢੱਠ ਕਰਤਾਰ ਦੇ, ਤੁੱਛ ਬੰਦੇ !
ਬਖ਼ਸ਼ੇ ਤੁਧ ਨੂੰ ਧਰਮ ਤੇ ਕਰਮ ਤੇਰਾ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:-

(੧) ਨਿੰਦਾ ਭਲੀ ਕਿਸੈ ਕੀ ਨਾਹੀ ... ... ...

(੨) ਸਗਲ ਧਰਮ ਮਹਿ ਸ੍ਰੇਸਟ ਧਰਮ।
ਹਰਿ ਕੋ ਨਾਮ ਜਪਿ ਨਿਰਮਲ ਕਰਮ।

(੩) ਏਕੋ ਜਪਿ ਏਕੋ ਸਾਲਾਹਿ।
ਏਕ ਸਿਮਰਿ ਏਕੋ ਮਨ ਆਹਿ।
ਏਕਸ ਕੇ ਗੁਨ ਗਾਉ ਅਨੰਤ।
ਮਨਿ ਤਨਿ ਜਾਪਿ ਏਕ ਭਗਵੰਤ।

ਏਕੋ ਏਕੁ ਏਕੁ ਹਰਿ ਆਪਿ ।
ਪੂਰਨ ਪੂਰ ਰਹਿਓ ਪ੍ਰਭੁ ਬਿਆਪਿ ।
ਅਨਿਕ ਬਿਸਥਾਰ ਏਕ ਤੇ ਭਏ ।
ਏਕ ਅਰਾਧ ਪਰਾਛਤ ਗਏ ।
ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ।
ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ।
(੪) ਨਾਨਕ ਹਰਿ ਕੀਰਤਿ ਕਰ
ਅਟੱਲ ਇਹੁ ਧਰਮ ।

**ਏਹੋ ਸੱਚੀ ਜੀਵਨ ਜੁਗਤੀ ਹੈ ਅਤੇ ਏਹੋ ਲੋਕ ਪ੍ਰਲੋਕ ਵਿਚ ਮਾਨ ਪਾਉਣ ਦਾ ਰਸਤਾ ਹੈ ।**

ਸਭ ਤੋਂ ਸੁੱਧ, ਸੁੰਦਰ ਤੇ ਵਧੀਆ
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ
ਛੋਟੇ ਵੱਡੇ ਅੱਖਰਾਂ ਦੇ ਹਰ ਕਿਸਮ ਦੇ
"ਗੁਰੂ ਖਾਲਸਾ ਪ੍ਰੈਸ" ਹਾਲ ਬਾਜ਼ਾਰ
ਅੰਮ੍ਰਿਤਸਰ ਵਿੱਚ
ਛਪਦੇ ਤੇ ਏਥੋਂ ਹੀ ਸਸਤੇ ਮਿਲਦੇ ਹਨ ।

ਕਲਮ ਦੇ ਧਨੀ ਤੇ ਪ੍ਰਸਿੱਧ ਕਵੀ

ਸ੍ਰੀ ਮਾਨ ਸ੍ਰ: ਐਸ. ਐਸ. ਚਰਨਸਿੰਘ ਜੀ "ਸ਼ਹੀਦ"

ਰਚਿਤ

ਪੁਸਤਕਾਂ ਹੇਠ ਲਿਖੇ ਪਤੇ ਤੋਂ ਮੰਗਾਓ ।

ਏਹ ਪੁਸਤਕਾਂ ਬੜੀਆਂ ਹੀ ਸ੍ਵਾਦਲੀਆਂ, ਸਿੱਖਿਆਦਾਇਕ-ਤੇ ਅਨੰਦ ਦਾਤੀਆਂ ਹਨ:-

| | | | |
|---|---|---|---|
| ਦਲੇਰ ਕੌਰ ਦੋਵੇਂ ਭਾਗ | ੧) | ਰਣਜੀਤ ਕੌਰ | ॥) |
| ਦੋ ਵਹੁਟੀਆਂ | ॥) | ਚੰਚਲ ਮੂਰਤੀ | ॥) |
| ਜਗਤ ਤਮਾਸ਼ਾ ੩ ਭਾਗ | ੨) | ਜ਼ਬੇਲਾ | ।=) |
| ਸਰਪ ਸੁੰਦਰੀ | ।॥) | ਖ਼ੂਨੀ ਹਾਰ | ।॥) |
| ਢਾਈ ਸੌ ਹੀਰੇ | ।॥) | | |

ਮੰਗਾਣ ਦਾ ਪਤਾ-

'ਗੁਰੂ ਖਾਲਸਾ ਪ੍ਰੈਸ' ਹਾਲ ਬਜ਼ਾਰ, ਅੰਮ੍ਰਿਤਸਰ

# ਦੂਜਾ ਹਿੱਸਾ

## ਆਦਮੀ ਦੀ ਆਮ ਹਾਲਤ

### ੨੯—ਆਦਮੀ ਦਾ ਸ੍ਰੀਰ ਅਤੇ ਓਸਦੀ ਬਣਿਤ

ਹੇ ਆਦਮੀ ! ਤੂੰ ਕਮਜ਼ੋਰ ਅਤੇ ਨਿਰਬਲ ਹੈਂ, ਹੇ ਮਿੱਟੀ ਦੇ ਪੁਤਲੇ ! ਨਿੰਮਰ ਬਣ, ਜਿਹਾ ਕਿ ਤੈਨੂੰ ਬਣਨਾ ਚਾਹੀਦਾ ਹੈ, ਕੀ ਤੂੰ ਆਪਣੇ ਖਿਆਲ ਓਸ ਸਰਬ ਸ਼ਕਤੀ-ਮਾਨ ਤਕ ਉੱਚੇ ਕਰਨ ਦਾ ਚਾਹਵਾਨ ਹੈਂ? ਕੀ ਤੂੰ ਓਸ ਹਾਜ਼ਰ ਨਾਜ਼ਰ ਪ੍ਰਮਾਤਮਾ ਨੂੰ ਆਦਮੀ ਦੇ ਰੂਪ ਵਿਚ ਆਪਣੀਆਂ ਅੱਖੀਆਂ ਦੇ ਸਾਹਮਣੇ ਵੇਖਣਾ ਚਾਹੁੰਦਾ ਹੈਂ ? ਆਪਣੀ ਦਸ਼ਾ ਉਤੇ ਵਿਚਾਰ ਕਰ ! ਤੈਨੂੰ ਰੱਬ ਨੇ ਅਨੋਖੇ ਤ੍ਰੀਕੇ ਨਾਲ਼ ਬਨਾਇਆ ਹੈ, ਏਸ ਵਾਸਤੇ ਆਪਣੇ ਰਚਣ ਹਾਰੇ ਦਾ ਭੌ ਕਰਕੇ ਓਸਦੀ ਉਪਮਾ ਗਾਉਂ ਅਤੇ ਓਸਦੇ ਹਜ਼ੂਰ ਅਦਬ ਨਾਲ ਸਿਰ ਨਿਵਾ।

ਸਾਰੇ ਜਾਨਦਾਰਾਂ ਵਿਚ ਇੱਕੋ ਤੂੰ ਹੀ ਕਿਓਂ ਸਿੱਧਾ ਖਲੋਕੇ ਤੁਰਨ ਵਾਲਾ ਬਣਾਇਆ ਗਿਆ ਹਾਂ ? ਏਸ ਵਾਸਤੇ ਕਿ ਤੂੰ ਓਸ ਸਿਰਜਨਹਾਰ ਦੇ ਕਰਤਬਾਂ ਨੂੰ ਵੇਖੇਂ ! ਪਰ ਕਾਹਦੇ ਵਾਸਤੇ ਵੇਖੇਂ ? ਤਾਂ ਜੋ ਤੂੰ ਓਸਦੀ ਉਪਮਾ ਕਰੇਂ ! ਉਪਮਾ ਕਰਨ ਦੇ ਕੀ ਅਰਥ? ਅਰਥਾਤ ਤੂੰ ਓਸਦੀ

ਭਗਤੀ ਤੇ ਬੰਦਗੀ ਕਰੇਂ। 'ਸੋਚ' ਤੈਨੂੰ ਕਿਥੋਂ ਅਤੇ ਕਿਓਂ ਦਿੱਤੀ ਗਈ ਹੈ ? ਮਾਸ ਵਿਚ ਸੋਚਣ ਦੀ ਸ਼ਕਤੀ ਨਹੀਂ ਹੈ ਅਤੇ ਨਾਂ ਹੀ ਹੱਡੀਆਂ ਵਿਚ ਵਿਚਾਰ ਕਰਨ ਦੀ ਤਾਕਤ ਹੈ। ਸ਼ੇਰ ਨਹੀਂ ਜਾਣਦਾ ਕਿ ਓਸਨੂੰ ਕੀੜੇ ਮਕੌੜੇ ਖਾ ਜਾਣਗੇ ? ਅਤੇ ਬੱਕਰਾ ਨਹੀਂ ਜਾਣਦਾ ਕਿ ਓਸਨੂੰ ਖਾਣ ਵਾਸਤੇ ਪਾਲਿਆ ਜਾ ਰਿਹਾ ਹੈ ?

ਪਰ ਜੋ ਕੁਝ ਤੈਨੂੰ ਮਲੂਮ ਹੁੰਦਾ ਹੈ, ਏਸਦੇ ਬਿਨਾ ਤੈਨੂੰ ਕੁਝ ਹੋਰ ਵੀ ਦਿੱਤਾ ਗਿਆ ਹੈ, ਓਹ ਚੀਜ਼ ਤੇਰੀ ਅਕਲ ਤੇ ਸੋਚ ਵਿਚ ਆਉਣ ਵਾਲੀਆਂ ਚੀਜ਼ਾਂ ਨਾਲੋਂ ਵੀ ਸੂਖਛਮ ਹੈ। ਓਹ ਕੀ ਹੈ ? ਓਹ ਚੀਜ਼ ਓਹ ਹੈ ਕਿ ਜਦੋਂ ਓਹ ਨਿਕਲ ਜਾਂਦੀ ਹੈ ਤਾਂ ਤੇਰਾ ਸਰੀਰ ਪੱਥਰ ਵਰਗਾ ਸੁੰਨ ਹੋ ਜਾਂਦਾ ਹੈ, ਏਸਤੋਂ ਪ੍ਰਗਟ ਹੈ ਕਿ ਓਹ ਚੀਜ਼ ਏਸ ਸਰੀਰ ਦਾ ਹਿੱਸਾ ਨਹੀਂ ਹੈ, ਓਹ ਚੀਜ਼ ਤੱਤਾਂ ਦੀ ਬਣੀ ਹੋਈ ਹੈ, ਏਸ ਵਾਸਤੇ ਅਮਰ ਤੇ ਅਕਾਲ ਹੈ, ਓਹ ਮਾੜਾ ਚੰਗਾ ਕਰਨ ਲਈ ਸਮਰਥ ਹੈ, ਏਸ ਵਾਸਤੇ ਓਹ ਆਪਣੇ ਮੰਦੇ ਚੰਗੇ ਦੀ ਉਤ੍ਰ ਦਾਤਾ ਹੈ।

ਕੀ ਖੋਤਾ ਆਪਣੀ ਖੁਰਾਕ ਦੇ ਲਾਭ ਤੋਂ ਜਾਣੂ ਹੋਕੇ ਓਸਨੂੰ ਦੰਦਾਂ ਨਾਲ ਚੱਬਦਾ ਹੈ ? ਕੀ ਦਰਜਾਵਾਂ ਦਾ ਘੜਿਆਲ ਸਿੱਧਾ ਖਲੋ ਸਕਦਾ ਹੈ ? ਹਾਲਾਂ ਕਿ ਓਸਦੀ ਪਿੱਠ ਦੀ ਹੱਡੀ ਤੇਰੇ ਵਾਂਗ ਸਿੱਧੀ ਹੈ।

ਵਾਹਿਗੁਰੂ ਨੇ ਜਿਸਤਰਾਂ ਹੋਰ ਜਾਨਦਾਰਾਂ ਨੂੰ ਉਤਪੰਨ ਕੀਤਾ ਹੈ, ਓਸੇ ਤਰਾਂ ਤੈਨੂੰ ਵੀ ਸਾਜਿਆ ਹੈ, ਅਤੇ ਓਹਨਾਂ ਸਾਰਿਆਂ ਦੀ ਸਰਦਾਰੀ ਦੇ ਕੇ ਨਾਲ ਹੀ ਅਕਲ, ਵਿੱਦਜਾ

ਅਤੇ ਸੋਚ ਸਮਝ ਵੀ ਦਿੱਤੀ ਹੈ। ਗੁਰਵਾਕ-"ਅਵਰ ਜੋਨ ਤੇਰੀ ਪਨਿਹਾਰੀ। ਇਸ ਧਰਤੀ ਮਹਿ ਤੇਰੀ ਸਿਕਦਾਰੀ।"

ਏਸ ਵਾਸਤੇ ਤੂੰ ਆਪਣੇ ਆਪ ਨੂੰ ਵਾਹਿਗੁਰੂ ਦੀ ਕੁਦਰਤ ਦਾ ਮਾਨ ਸਮਝ। ਆਪਣੇ ਅੰਦਰ ਪਰਮਾਤਮਾ ਦੀ ਅਨੰਤ ਜ਼ਾਤ ਦਾ ਇਕ ਅੰਗ ਦੇਖਕੇ ਆਪਣੀ ਸ਼ਾਨ ਨੂੰ ਨਾ ਭੁੱਲ, ਨਾ ਪਾਪ ਕਰ ਅਤੇ ਨਾ ਹੀ ਕੋਈ ਹੋਰ ਬੁਰਿਆਈ ਕਰ। ਸੱਪ ਦੇ ਸਿਰ ਵਿਚ ਕਿਸ ਨੇ ਡਰ ਵਾਲੀ ਚੀਜ਼ ਰੱਖੀ ਅਤੇ ਘੋੜੇ ਦੀ ਗਿੱਚੀ ਵਿਚ ਕਿਸਨੇ ਬਲ ਪਾਯਾ? ਓਸੇ ਨੇ ਜਿਸਨੇ ਕਿ ਤੈਨੂੰ ਪਹਿਲੇ ਦਾ ਸਿਰ ਫੇਹ ਸੁੱਟਣ ਅਤੇ ਦੂਜੇ ਨੂੰ ਸਿਖਾਕੇ ਆਪਣਾ ਕੰਮ ਲੈਣ ਦੀ ਬੁੱਧੀ ਬਖਸ਼ੀ।

ਬੈਂਤ:-

ਤੂੰ ਜੀਵਾਤਮਾ ਅੰਗ ਪ੍ਰਮਾਤਮਾ ਦਾ,
ਦੇਖ ਸ਼ਾਨ ਅਪਨੀ ਜਾਵੀਂ ਭੁੱਲ ਨਾਹੀਂ।
ਭਾਵੇਂ ਲੱਖ ਚੌਰਾਸੀ ਹਨ ਜੀਵ ਰਬ ਦੇ,
ਐਪਰ ਜੀਵ ਕੋਈ ਤੇਰੇ ਤੁੱਲ ਨਾਹੀਂ।
ਤੇਰਾ ਜੀਵਨ ਵਡ-ਮੁੱਲੜੀ ਦਾਤ ਰੱਬ ਦੀ,
ਹੀਰੇ ਲਾਲ ਮੋਤੀ ਇਸਦਾ ਮੁੱਲ ਨਾਹੀਂ।
ਅਪਰ ਫੇਰ ਵੀ ਹੈਂ ਤੂੰ ਨਾਚੀਜ਼ ਬੰਦਾ,
ਹਸਤੀ ਆਪਣੀ ਭੁੱਲਕੇ ਫੁੱਲ ਨਾਹੀਂ।
ਤੈਨੂੰ ਅਕਲ ਹੈ ਬਖਸ਼ੀ ਪ੍ਰਮਾਤਮਾ ਨੇ,
ਵੇਖੇਂ ਕੁਦਰਤਾਂ ਤੇ ਗਾਵੇਂ ਗੀਤ ਉਸਦੇ।
ਹਿਰਦਾ ਰੱਖਿਆ ਹੈ ਤੈਂ ਸਰੀਰ ਅੰਦਰ,
ਕਰੇਂ ਨਾਲ ਜਿਸਦੇ ਸੰਗ ਪ੍ਰੀਤ ਉਸਦੇ।

ਨਿਸ ਦਿਨ ਪਾਪ ਤੋਂ ਬਚੀਂ ਤੇ ਕਰੀਂ ਨੇਕੀ,
ਹੋਸੀ ਪੁੱਛ ਦਰਬਾਰ ਵਿਚ ਮੀਤ! ਉਸਦੇ।
"ਚਰਨ" ਆਤਮਾ ਨਾਲ ਲੈ ਜੋੜ ਉਸਦੇ,
ਮੇਹਰ ਮੰਗ ਕਹਿਰੋਂ ਹੋ ਭੈ ਭੀਤ ਉਸਦੇ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:–
"ਮਨ ਤੂ ਜੋਤ ਸਰੂਪ ਹੈਂ ਅਪਨਾ ਮੂਲ ਪਛਾਣ"

---

## ੩੦–ਸ਼ਕਤੀਆਂ ਦਾ ਵਰਤਣਾ

ਤੂੰ ਅਪਣੇ ਸਰੀਰ ਉਤੇ ਮਾਨ ਨਾ ਕਰ ਕਿ ਓਹ ਕਿਹਾ ਸੁੰਦਰ ਤੇ ਬਲਵਾਨ ਹੈ ਤੇ ਕੇਹੀ ਚੰਗੀ ਵਿਓਂਤ ਨਾਲ ਬਣਾਯਾ ਗਿਆ ਹੈ ਅਤੇ ਨਾ ਹੀ ਆਪਣੇ ਦਿਮਾਗ ਉਤੇ ਘਮੰਡ ਕਰ ਕਿ ਓਹ ਆਤਮਾ ਦੇ ਰਹਿਣ ਦੀ ਥਾਂ ਹੈ। ਕੀ ਕੰਧਾਂ ਦੇ ਭੂਹਿਆਂ ਨਾਲੋਂ ਵਧੀਕ ਮਾਨ ਯੋਗ ਘਰ ਵਿੱਚ ਰਹਿਣ ਵਾਲਾ ਨਹੀਂ ਹੈ? ਅਨਾਜ ਬੀਜਨ ਤੋਂ ਪਹਿਲਾਂ ਧਰਤੀ ਹਲ ਚਲਾ ਕੇ ਸਾਫ ਕੀਤੀ ਜਾਂਦੀ ਹੈ। ਭਾਂਡਿਆਂ ਦਾ ਕਾਰੀਗਰ ਭਾਂਡੇ ਅਤੇ ਓਹਨਾਂ ਦਾ ਮਸਾਲਾ ਬਨਾਉਣ ਤੋਂ ਪਹਿਲਾਂ ਭੱਠੀ ਤਿਆਰ ਕਰਦਾ ਹੈ।

ਹੇ ਮਨੁੱਖ! ਤੇਰਾ ਆਤਮਾ ਤੇਰੇ ਸਰੀਰ ਦਾ ਰਾਜਾ ਹੈ ਤੂੰ ਓਸਦੀ ਪਰਜਾ ਨੂੰ ਓਸਦੇ ਵਿਰੁੱਧ ਸਿਰ ਨ ਚੁਕਣ ਦੇਹ, ਤੇਰਾ ਸਰੀਰ ਮਾਨੋ ਮਿੱਟੀ ਦਾ ਗੁੰਬਜ਼ ਹੈ ਅਤੇ ਤੇਰੀਆਂ ਹੱਡੀਆਂ ਓਸਦੇ ਸਹਾਰੇ ਕੰਧਾਂ ਹਨ, ਜਿਸ ਤਰਾਂ ਸਮੁੰਦਰ ਵਿੱਚੋਂ ਸੋਮੇ ਨਿਕਲਦੇ ਹਨ–ਜਿਨ੍ਹਾਂ ਦਾ ਪਾਣੀ ਦਰਯਾਵਾਂ ਦੀ ਰਾਹੀਂ ਫੇਰ ਓਸੇ ਸਮੁੰਦਰ ਵਿਚ ਚਲਿਆ ਜਾਂਦਾ ਹੈ-

ਏਸੇ ਤਰਾਂ ਤੇਰਾ ਜੀਵਨ ਤੇਰੇ ਦਿਲ ਵਿੱਚੋਂ ਨਿਕਲਦਾ ਹੈ ਅਤੇ ਮਗਰੋਂ ਮੁੜਕੇ ਫੇਰ ਉਸਦੇ ਅੰਦਰ ਹੀ ਚਲਿਆ ਜਾਂਦਾ ਹੈ। ਕੀ ਉਸ ਦੀ ਆਓ ਜਾਈ ਸਦਾ ਨਹੀਂ ਰਹਿੰਦੀ?

ਕੀ ਤੇਰਾ ਨੱਕ ਸੁਗੰਧੀਆਂ ਨਹੀਂ ਚਾਹੁੰਦਾ? ਕੀ ਤੇਰਾ ਮੂੰਹ ਸੁਆਦਲੀਆਂ ਚੀਜ਼ਾਂ ਨੂੰ ਚੰਗੀਆਂ ਨਹੀਂ ਜਾਣਦਾ? ਪਰ ਤੂੰ ਵੀ ਤਾਂ ਜਾਣਦਾ ਹੈਂ ਕਿ ਬਹੁਤਾ ਚਿਰ ਸੁੰਘਦੇ ਰਹਿਣ ਨਾਲ ਓਹੋ ਖ਼ੁਸ਼ਬੋ ਬਦਬੋ ਬਣ ਜਾਂਦੀ ਹੈ ਅਤੇ ਨਿਤਾਪ੍ਰਤਿ ਸੁਆਦੀ ਖਾਣੇ ਖਾਣ ਨਾਲ ਵੀ ਮੂੰਹ ਭੌਂ ਜਾਂਦਾ ਹੈ। ਕੀ ਤੇਰੀਆਂ ਅੱਖਾਂ ਰਖਵਾਲੀਆਂ ਹਨ ? ਫੇਰ ਵੀ ਓਹ ਕਈ ਵਾਰੀ ਸਚ ਤੇ ਝੂਠ ਨੂੰ ਪਰਖਣੋਂ ਰਹਿ ਜਾਂਦੀਆਂ ਹਨ।

ਆਪਣੇ ਆਤਮਾ ਨੂੰ ਹੱਦੋਂ ਅੱਗੇ ਨਾਂ ਲੰਘਣ ਦੇਹ, ਤੂੰ ਉਸਨੂੰ ਭਲਿਆਈ ਕਰਨੀ ਸਿਖਾ, ਏਸ ਤਰਾਂ ਤੂੰ ਉਸ ਪਾਸੋਂ ਸਦਾ ਸਚਿਆਈ ਪ੍ਰਾਪਤ ਕਰਨ ਦੇ ਰਸਤੇ ਪ੍ਰਾਪਤ ਕਰ ਸਕਦਾ ਹੈਂ। ਕੀ ਤੇਰਾ ਹੱਥ ਕਰਾਮਾਤ ਨਹੀਂ ਹੈ ? ਕੀ ਸਾਰੀ ਸ੍ਰਿਸ਼ਟੀ ਵਿਚ ਏਹਦੇ ਵਰਗੀ ਕੋਈ ਚੀਜ਼ ਹੈ ? ਏਹ ਤੈਨੂੰ ਏਸ ਵਾਸਤੇ ਦਿੱਤਾ ਗਿਆ ਹੈ ਕਿਏਹਦੇ ਨਾਲ ਤੂੰ ਲੋੜਵੰਦਾਂ ਤੇ ਅਨਾਥਾਂ ਨਿਰਬਲਾਂ ਦੀ ਬਾਂਹ ਫੜੇਂ।

ਸਾਰੇ ਜਾਨਦਾਰਾਂ ਵਿੱਚੋਂ ਕੇਵਲ ਤੈਨੂੰ ਸ਼ਰਮ ਤੇ ਲੱਜਾ ਦਿੱਤੀ ਗਈ ਹੈ, ਏਸ ਵਾਸਤੇ ਕੋਈ ਅਜੇਹਾ ਕੰਮ ਨਾਂ ਕਰ ਕਿ ਜਿਸਦੇ ਕਾਰਨ ਤੈਨੂੰ ਮਗਰੋਂ ਸ਼ਰਮਿੰਦਗੀ ਝੱਲਣੀ ਪਵੇ।

ਡਰ, ਭੈ ਅਤੇ ਘਬਰਾਹਟ ਦੇ ਨਾਲ ਤੇਰੇ ਚੇਹਰੇ ਦੀ ਲਾਲੀ ਤੇ ਸੁੰਦਰਤਾ ਕਿਉਂ ਉੱਡ ਜਾਂਦੀ ਹੈ ? ਤੂੰ ਆਪਣੇ

ਪਾਪਾਂ ਤੇ ਬਦੀਆਂ ਤੋਂ ਪਰੇ ਰਹੁ ਫੇਰ ਭੈ ਤੇ ਡਰ ਤੇਰੇ ਪਾਸੋਂ ਦੂਰ ਰਹਿਣਗੇ ਅਤੇ ਘਬਰਾਹਟ ਨਾਲ ਕਦੇ ਤੇਰਾ ਕਲੇਜਾ ਧੜਕ ਧੜਕ ਨਹੀਂ ਕਰੇਗਾ।

ਹੇ ਮਨੁੱਖ! ਬੋਲਣ ਦੀ ਤਾਕਤ ਕੇਵਲ ਤੈਨੂੰ ਹੀ ਮਿਲੀ ਹੈ, ਇਸ ਨਿਆਮਤ ਉਤੇ ਧਿਆਨ ਕਰ, ਅਤੇ ਵਾਹਿਗੁਰੂ ਦੀ ਉਪਮਾ ਕਰ, ਆਪਣੇ ਬੱਚਿਆਂ ਨੂੰ ਸਿਆਣਪ ਦੀਆਂ ਗੱਲਾਂ ਸਿੱਖਾ ਅਤੇ ਆਪਣੀ ਉਲਾਦ ਨੂੰ ਧਰਮੀ ਬਣਨ ਦੀ ਸਿੱਖਯਾ ਦੇਹ।

ਬੈਂਤ:-

ਮਾਣ ਰੂਪ ਦਾ ਤੇ ਬਲ ਦਾ ਕਰੀਂ ਨਾਹੀਂ,
ਜਿਸਨੇ ਦਿੱਤਾ ਹੈ ਮਤਾਂ ਓਹ ਖੱਸ ਲੇਵੇ।
ਚਾਹੀਏ ਆਦਮੀ ਨੂੰ ਅੰਗਾਂ ਨਾਲ ਨੇਕੀ
ਕਰਕੇ, ਪ੍ਰਭੂ-ਦਰਗਾਹ ਵਿਚ ਜੱਸ ਲੇਵੇ।
ਜੀਭ ਨਾਲ ਮਿੱਠਾ ਅਤੇ ਸੱਚ ਬੋਲੇ,
ਹਰਦਮ ਨਾਮ ਪ੍ਰਭੁ ਦਾ ਹੱਸ ਹੱਸ ਲੇਵੇ।
ਅੱਖਾਂ ਮੰਦੀਆਂ ਨਾਲ ਪਰ ਇਸਤ੍ਰੀ ਨੂੰ,
ਨਾਹੀਂ ਤੱਕ ਸਿਰ ਆਪਣੇ ਭੱਸ ਲੇਵੇ।
ਹੱਥਾਂ ਨਾਲ ਸ਼ੁਭ ਕੰਮ ਤੂੰ ਕਰੇਂ ਹਰਦਮ,
ਹੱਥੋਂ ਤੇਰਿਓਂ ਨਾ ਮੰਦੀ ਕਾਰ ਹੋਵੇ।
ਪੈਰਾਂ ਨਾਲ ਤੁਰ ਜਾਏਂ ਨਾ ਪਾਪ ਰਸਤੇ,
ਰਿਦੇ ਤੇਰੇ ਵਿਚ ਸਭਸ ਦਾ ਪਿਆਰ ਹੋਵੇ।
ਸੁਣ ਆਵਾਜ਼ ਹਰਦਮ ਆਪਣੇ ਆਤਮਾ ਦੀ,
ਜਿਸਦੇ ਅੰਦਰ ਕਰਤਾਰ ਦੀ ਤਾਰ ਹੋਵੇ।

'ਚਰਨ' ਰੱਖ ਕਰਤਾਰ ਦੇ ਵਿੱਚ ਹਿਰਦੇ,
ਇਸ ਸੰਸਾਰ ਵਿੱਚੋਂ ਬੇੜਾ ਪਾਰ ਹੋਵੇ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:-

(੧) ਅੰਤਰਿ ਗੁਰੂ ਆਰਾਧਣਾ ਜਿਹਵਾਜਪਿ ਗੁਰਿਨਾਉ॥
ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾਗੁਰ ਨਾਉ॥

(੨) ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ, ਗੁਣਗਾਵੈ ਹਰਿ ਪ੍ਰਭ ਕੇਰੇ ਰਾਮ। ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ ਹਰਿ ਕੀਰਤਨੁ ਸੁਣਹਿ ਹਰਿ ਕੇਰੇ ਰਾਮ। ਸੋ ਸੀਸੁ ਭਲਾ ਪਵਿਤ੍ਰ ਪਾਵਨੁ ਹੈ ਮੇਰੀਏ ਜਿੰਦੁੜੀਏ ਜੋ ਜਾਇ ਲਗੈ ਗੁਰ ਪੈਰੇ ਰਾਮ। ਗੁਰ ਵਿਟਹੁ ਨਾਨਕੁ ਵਾਰਿਆ ਮੇਰੀਜਿੰਦੁੜੀਏ ਜਿਨਿ ਹਰਿਹਰਿ ਨਾਮੁ ਚਿਤੇਰੇ ਰਾਮ ॥ ੨ ॥ ਤੇ ਨੇਤ੍ਰ ਭਲੇ ਪ੍ਰਵਾਣੁ ਹਹਿ ਮੇਰੀ ਜਿੰਦੁੜੀਏ ਜੋ ਸਾਧੂ ਸਤਿਗੁਰੁ ਦੇਖਹਿ ਰਾਮ। ਤੇ ਹਸਤ ਪੁਨੀਤ ਪਵਿਤ੍ਰ ਹਹਿ ਮੇਰੀ ਜਿੰਦੁੜੀਏ ਜੋ ਹਰਿਜਸੁ ਹਰਿ ਹਰਿ ਲੇਖਹਿ ਰਾਮ। ਤਿਸੁ ਜਨ ਕੇ ਪਗ ਨਿਤ ਪੂਜੀਅਹਿ ਮੇਰੀ ਜਿੰਦੁੜੀਏ ਜੋ ਮਾਰਗਿ ਧਰਮ ਚਲੇਸਹਿ ਰਾਮ। ਨਾਨਕੁ ਤਿਨ ਵਿਟਹੁਵਾਰਿਆਮੇਰੀ ਜਿੰਦੁੜੀਏ ਹਰਿਹਰਿ ਸੁਣਿਨਾਮੁ ਮਨੇਸਹਿ ਰਾਮ॥ ੩॥ ਧਰਤਿਪਾਤਾਲੁਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮ ਧਿਆਵਹਿ ਰਾਮ ॥ ਪਉਣ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ। ਵਣੁ ਤ੍ਰਿਣੁ ਸਭੁ ਆਕਾਰੁਹੈਮੇਰੀਜਿੰਦੁੜੀਏ ਮੁਖਿਹਰਿਹਰਿ ਨਾਮੁਧਿਆਵਹਿ

ਰਾਮ ॥ ਨਾਨਕ ਤੇ ਹਰਿ ਦਰਿ ਪੈਨਾਇਆ ਮੇਰੀ ਜਿੰਦੁੜੀਏ ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ ॥ ੪ ॥ ੪ ॥

(੩) ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ । ਮਿਥਿਆ ਹਸਤ ਪਰ ਦਰਬ ਕਉ ਹਿਰਹਿ । ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ । ਮਿਥਿਆ ਰਸਨਾ ਭੋਜਨ ਅਨਸ੍ਵਾਦ । ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ । ਮਿਥਿਆ ਮਨ ਪਰ ਲੋਭ ਲੁਭਾਵਹਿ । ਮਿਥਿਆ ਤਨ ਨਹੀ ਪਰ ਉਪਕਾਰਾ । ਮਿਥਿਆ ਬਾਸੁ ਲੇਤ ਬਿਕਾਰਾ । ਬਿਨੁ ਬੂਝੇ ਮਿਥਿਆ ਸਭ ਭਏ । ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ ॥ ੫ ॥

---

## ੩੧—ਮਨੁੱਖ ਦਾ ਆਤਮਾ

ਹੇ ਆਦਮੀ ! ਅਰੋਗਤਾ, ਬਲ, ਸੁਖ ਅਤੇ ਖੁਸ਼ੀ ਸਰੀਰਕ ਨਿਆਮਤਾਂ ਹਨ, ਪਰ ਏਹਨਾਂ ਵਿਚ ਸਾਰਿਆਂ ਤੋਂ ਵਡੀ ਅਰੋਗਤਾ ਹੈ । ਆਤਮਾ ਦੇ ਵਾਸਤੇ ਜਿਸਤਰਾਂ ਧਰਮੀ ਬਣਨਾ ਜ਼ਰੂਰੀ ਹੈ, ਓਸੇ ਤਰਾਂ ਸਰੀਰ ਦੇ ਵਾਸਤੇ ਅਰੋਗਤਾ ਅਵੱਸ਼ਕ ਹੈ । ਏਹ ਗੱਲ ਤਾਂ ਨਿਸਚੇ ਹੈ ਕਿ ਤੇਰੇ ਅੰਦਰ ਆਤਮਾ ਹੈ ਅਤੇ ਸਾਰੀਆਂ ਸਚਿਆਈਆਂ ਨਾਲੋਂ ਵਧਕੇ ਏਹ ਪ੍ਰਤੱਖ ਹੈ, ਤੂੰ ਨੀਵਾਂ ਬਣ ਅਤੇ ਏਸ ਵਡੀ ਨਿਆਮਤ ਲਈ ਵਾਹਿਗੁਰੂ ਦਾ ਸ਼ੁਕਰ ਕਰ, ਤੂੰ ਏਸਦੇ ਭੇਤਾਂ ਨੂੰ ਮਲੂਮ ਕਰਨ ਦਾ ਯਤਨ ਨਾ ਕਰ, ਕਿਉਂਕਿ ਓਹ ਸਮਝ ਤੋਂ ਪਰੇ ਹਨ।

ਤੂੰ ਆਪਣੇ ਆਤਮਾ ਨੂੰ ਅਕਾਸ਼ ਉਤੇ ਚੜ੍ਹਾਉਣ ਦਾ ਯਤਨ ਨਾ ਕਰ ਤਾਂ ਜੋ ਤੇਰੀ ਹੱਤਕ ਨਾ ਹੋਵੇ, ਓਹਨਾਂ

ਲੋਕਾਂ ਵਾਂਗੂ ਨਾ ਬਣ ਜੋ ਉਤਾਹਾਂ ਚੜ੍ਹਕੇ ਹੇਠਾਂ ਪਟਕਦੇ ਹਨ, ਤੂੰ ਆਪਣੇ ਆਤਮਾ ਨੂੰ ਐਨਾ ਖੁਆਰ ਨਾ ਕਰ ਕਿ ਏਹਦੇ ਵਿਚ ਅਤੇ ਹੋਰ ਜਾਨਵਰਾਂ ਦੇ ਆਤਮਾ ਵਿਚ ਕੋਈ ਫ਼ਰਕ ਹੀ ਨਾ ਰਹੇ, ਤੂੰ ਘੋੜੇ ਖੱਚਰ ਅਤੇ ਖੋਤੇ ਵਾਂਗ ਨਾ ਬਣ ਜੋ ਅਕਲ ਤੋਂ ਖ਼ਾਲੀ ਹਨ।

ਏਸ ਦੀ ਥਾਹ ਦਾ ਪਤਾ ਏਸ ਦੀਆਂ ਸ਼ਕਤੀਆਂ ਤੋਂ ਲਾ, ਤੂੰ ਏਸਨੂੰ ਏਸ ਦੇ ਗੁਣਾਂ ਤੋਂ ਸਮਝ ਜੋ ਕਿ ਤੇਰੇ ਸਿਰ ਦੇ ਵਾਲਾਂ ਨਾਲੋਂ ਵੀ ਵੱਧ ਹਨ, ਅਕਾਸ਼ ਦੇ ਤਾਰੇ ਗਿਣਤੀ ਵਿਚ ਏਹਦੇ ਨਾਲੋਂ ਨਹੀਂ ਵਧ ਸਕਦੇ। ਅਰਬ ਦੇ ਲੋਕਾਂ ਵਾਂਗੂ ਤੂੰ ਏਹ ਨਾ ਸਮਝ ਕਿ ਇੱਕੋ ਆਤਮਾ ਨੂੰ ਸਾਰੇ ਆਦਮੀਆਂ ਵਿਚ ਵੰਡਿਆ ਗਿਆ ਹੈ, ਅਤੇ ਨਾ ਹੀ ਮਿਸਰ ਦੇ ਲੋਕਾਂ ਵਾਂਗ ਏਹ ਸਮਝ ਕਿ ਇਕ ਆਦਮੀ ਦੇ ਅੰਦਰ ਕਈ ਆਤਮਾਂ ਹਨ, ਯਾਦ ਰੱਖ ਕਿ ਜਿਸ ਤਰ੍ਹਾਂ ਤੇਰਾ ਦਿਲ ਇੱਕ ਹੈ ਓਸੇ ਤਰਾਂ ਓਸਦੇ ਅੰਦਰ ਆਤਮਾ ਵੀ ਇੱਕੋ ਰੱਖਿਆ ਗਿਆ ਹੈ।

ਜਿਸ ਤਰਾਂ ਧੁੱਪ ਨਾਲ ਮਿੱਟੀ ਸਖ਼ਤ ਹੋ ਜਾਂਦੀ ਹੈ ਅਤੇ ਜਿਸ ਤਰਾਂ ਓਸੇ ਧੁੱਪ ਨਾਲ ਮੋਮ ਨਰਮ ਹੋ ਜਾਂਦੀ ਹੈ ਅਰਥਾਤ ਸੂਰਜ ਦੀ ਇੱਕੋ ਗਰਮੀ ਨਾਲ ਦੋ ਭਾਂਤ ਦੇ ਇਕ ਦੂਜੇ ਤੋਂ ਉਲਟ ਅਸਰ ਪੈਦਾ ਹੋ ਜਾਂਦੇ ਹਨ, ਓਸੇ ਤਰਾਂ ਇੱਕ ਆਤਮਾ ਵਿੱਚੋਂ ਵੀ ਵੱਖੋ ਵੱਖ ਅਤੇ ਇਕ ਦੂਜੇ ਤੋਂ ਉਲਟੀ ਭਾਂਤ ਦੇ ਇਰਾਦੇ ਨਿਕਲ ਸਕਦੇ ਹਨ।

ਜਿਸ ਤਰਾਂ ਬੱਦਲ ਦੀ ਕਾਲੀ ਚੱਦਰ ਦੇ ਅੰਦਰ ਵੀ ਚੰਦ੍ਰਮਾ ਦੀ ਅਸਲੀਅਤ ਨਹੀਂ ਬਦਲਦੀ, ਓਸੇ ਤਰਾਂ ਮੂਰਖ

ਦੇ ਦਿਲ ਦੇ ਅੰਦਰ ਵੀ ਆਤਮਾ ਦਾ ਗੁਣ ਓਹੋ ਹੀ ਰਹਿੰਦਾ ਹੈ।

ਆਤਮਾ ਅਮਰ ਹੈ, ਆਤਮਾ ਕਦੇ ਬਦਲਦਾ ਨਹੀਂ, ਓਹ ਸਾਰੇ ਆਦਮੀਆਂ ਦੇ ਅੰਦਰ ਇੱਕੋ ਜਿਹਾ ਹੈ, ਸੁੰਦਰਤਾ ਓਸ ਦੇ ਜੋਬਨ ਨੂੰ ਵਧਾਉਂਦੀ ਹੇ ਅਤੇ ਮੇਹਨਤ ਓਸਦੇ ਮੂੰਹ ਨੂੰ ਸਿਆਣਪ ਦੇ ਤੇਲ ਨਾਲ ਚੋਪੜਦੀ ਹੈ। ਆਤਮਾ ਭਾਵੇਂ ਤੇਰੇ ਮਗਰੋਂ ਵੀ ਰਹੇਗਾ, ਪਰ ਏਹ ਕਦੇ ਨਾ ਸਮਝ ਕਿ ਓਹ ਤੇਰੇ ਜੰਮਣ ਤੋਂ ਪਹਿਲਾਂ ਵੀ ਸੀ, ਨਹੀਂ, ਸਗੋਂ ਓਹ ਤੇਰੇ ਸਰੀਰ ਦੇ ਨਾਲ ਹੀ ਉਤਪੰਨ ਕੀਤਾ ਗਿਆ ਸੀ।

ਤੂੰ ਏਸ ਗੱਲ ਦੀ ਰੀਝ ਨਾ ਕਰ ਕਿ ਤੇਰੇ ਇੰਦ੍ਰਿਆਂ ਦੀਆਂ ਸ਼ਕਤੀਆਂ ਦੂਜੇ ਜਾਨਵਰਾਂ ਵਰਗੀਆਂ ਕਿਉਂ ਨਹੀਂ, ਤੂੰ ਏਹ ਕਦ ਨਾ ਸਮਝ ਕਿ ਚੰਗੀਆਂ ਚੀਜ਼ਾਂ ਨੂੰ ਪਾਸ ਰੱਖਣਾ ਲਾਭਦਾਇਕ ਹੀ ਹੁੰਦਾ ਹੈ, ਸਗੋਂ ਹਰੇਕ ਚੀਜ਼ ਓਸਦੇ ਯੋਗ ਵਰਤਾਓ ਨਾਲ ਚੰਗੀ ਲਗਦੀ ਹੈ।

ਜੇ ਤੇਰੀ ਸੁਣਨ ਸ਼ਕਤੀ ਬਾਰਾਂਸਿੰਗੇ ਵਰਗੀ ਤੇਜ਼ ਹੁੰਦੀ, ਜੇ ਤੇਰੀ ਅੱਖ ਉਕਾਬ ਵਾਂਗ ਦੂਰ ਦੂਰ ਦੀਆਂ ਚੀਜ਼ਾਂ ਵੇਖ ਸਕਦੀ, ਜੇ ਤੇਰੀ ਸੁੰਘਣ ਸ਼ਕਤੀ ਸ਼ਿਕਾਰੀ ਕੁੱਤਿਆਂ ਵਾਂਗੂ ਹੁੰਦੀ, ਤੇਰੀ ਰੱਖਣ ਦੀ ਤਾਕਤ ਬਾਂਦਰ ਵਰਗੀ ਅਤੇ ਛੋਹਣ ਦੀ ਸ਼ਕਤੀ ਕੱਛੂਕੁੰਮੇ ਵਰਗੀ ਹੁੰਦੀ, ਪਰ ਅਕਲ ਤੋਂ ਬਿਨਾ ਏਹ ਗੁਣ ਕਿਸ ਕੰਮ ਦੇ ਹੁੰਦੇ ? ਕੀ ਏਹਨਾਂ ਜਾਨਵਰਾਂ ਵਿੱਚੋਂ ਕਿਸੇ ਨੂੰ ਬੋਲਣ ਸ਼ਕਤੀ ਮਿਲੀ ਹੋਈ ਹੈ? ਕੀ ਏਹਨਾਂ ਵਿੱਚੋਂ ਕੋਈ ਇਹ ਆਖ ਸਕਦਾ ਹੈ ਕਿ "ਏਹ ਕੰਮ ਮੈਂ ਇਸ ਕਰਕੇ ਕੀਤਾ ਹੈ ?"

ਸਿਆਣੇ ਆਦਮੀ ਦੇ ਬੁੱਲ੍ਹ ਜਵਾਹਰੀ ਦੇ ਸੰਦੂਕ ਵਾਂਗ ਹਨ, ਜਦੋਂ ਓਹ ਖੁੱਲ੍ਹਦੇ ਹਨ ਤਾਂ ਵਡਮੁੱਲੇ ਹੀਰੇ, ਜਵਾਹਰਾਂ ਦਾ ਢੇਰ ਅੱਖਾਂ ਦੇ ਸਾਹਮਣੇ ਆ ਜਾਂਦਾ ਹੈ। ਸਿਆਣਪ ਦੀਆਂ ਗੱਲਾਂ ਜੋ ਯੋਗ ਸਮੇ ਸਿਰ ਕਹੀਆਂ ਜਾਂਦੀਆਂ ਹਨ, ਓਹ ਸੋਨੇ ਦੇ ਬੂਟਿਆਂ ਦੀ ਭਾਂਤ ਹਨ; ਜੋ ਚਾਂਦੀ ਦੀਆਂ ਕਿਆਰੀਆਂ ਵਿੱਚ ਕਤਾਰ ਵਾਰ ਲਾਏ ਹੋਏ ਹੋਣ।

ਕੀ ਤੂੰ ਆਪਣੇ ਆਤਮਾ ਦੀ ਬਾਬਤ ਕੋਈ ਪੱਕਾ ਖ਼ਿਆਲ ਬੰਨ੍ਹ ਸਕਦਾ ਹੈ? ਕੀ ਤੂੰ ਓਸ ਦਾ ਠੀਕ ਪਤਾ ਕੱਢ ਸਕਦਾ ਹੈਂ? ਤੂੰ ਏਸ ਦੀ ਸ਼ਾਨ ਨੂੰ ਸਦਾ ਯਾਦ ਰੱਖ ਅਤੇ ਕਦੇ ਨਾ ਭੁੱਲ ਕਿ ਇਹ ਵੱਡਮੁੱਲਾ ਹੀਰੇ ਜਵਾਹਰਾਂ ਦਾ ਖ਼ਜ਼ਾਨਾ ਤੇਰੇ ਸਪੁਰਦ ਵਾਹਿਗੁਰੂ ਨੇ ਕੀਤਾ ਹੋਇਆ ਹੈ।

ਜਿਸ ਚੀਜ਼ ਤੋਂ ਫ਼ੈਦਾ ਪਹੁੰਚ ਸਕਦਾ ਹੈ, ਓਹ ਦੇ ਪਾਸੋਂ ਨੁਕਸਾਨ ਵੀ ਪਹੁੰਚ ਸਕਦਾ ਹੈ। ਆਤਮਾ ਪਾਸੋਂ ਜੇ ਲਾਭ ਮਿਲ ਸਕਦੇ ਹਨ ਤਾਂ ਨੁਕਸਾਨ ਵੀ ਪਹੁੰਚ ਸਕਦੇ ਹਨ, ਏਸ ਵਾਸਤੇ ਤੂੰ ਏਸ ਨੂੰ ਵੱਡੀ ਖ਼ਬਰਦਾਰੀ ਨਾਲ ਸਦਾ ਨੇਕੀ ਦੇ ਰਸਤੇ ਚਲਾ। ਏਹ ਕਦੇ ਨਾ ਸਮਝ ਕਿ ਤੇਰੀ ਆਤਮਾ ਭੀੜ ਦੇ ਅੰਦਰ ਗੁਆਚ ਸਕਦੀ ਹੈ ਜਾਂ ਕੱਲੀ ਥਾਂ ਵਿਚ ਦੱਬੀ ਜਾ ਸਕਦੀ ਹੈ, ਨੇਕੀ ਦੇ ਕੰਮਾਂ ਨਾਲ ਆਤਮਾ ਨੂੰ ਸ਼ਾਂਤੀ ਮਿਲਦੀ ਹੈ, ਏਸ ਵਾਸਤੇ ਤੂੰ ਏਸ ਨੂੰ ਕੰਮ ਅਤੇ ਨੇਕੀਆਂ ਤੇ ਮੇਹਨਤ ਵਲ ਲਾਈ ਰੱਖ।

ਏਸ ਦੀ ਹਿਲ-ਜੁਲ ਸਦਾ ਦੀ ਹੈ, ਏਸ ਦੀ ਚੁਸਤੀ ਤੇ ਚਾਲਾਕੀ ਨੂੰ ਰੋਕਣਾ ਕਠਿਨ ਹੈ, ਓਹ ਇੱਕ ਅੱਖ ਦੇ

ਫੇਰ ਵਿਚ ਦੁਨੀਆਂ ਦੇ ਓਸ ਕੰਢੇ ਤੇ ਪਹੁੰਚ ਜਾਂਦਾ ਹੈ, ਜੇਕਰ ਕੋਈ ਚੀਜ਼ ਤਾਰਿਆਂ ਵਾਲੇ ਅਕਾਸ਼ ਦੇ ਪਰਲੇ ਪਾਸੇ ਹੋਵੇ ਤਾਂ ਵੀ ਏਸ ਦੀ ਅੱਖ ਓਸ ਨੂੰ ਦੇਖ ਲੈਂਦੀ ਹੈ, ਖੋਜ ਅਤੇ ਭਾਲ ਨਾਲ ਓਸਨੂੰ ਖੁਸ਼ੀ ਹੁੰਦੀ ਹੈ। ਜੇਹੜਾ ਆਤਮਾ ਵਿੱਦਜਾ ਦੇ ਪਾਣੀ ਦਾ ਤਿਹਾਇਆ ਹੈ ਓਹ ਓਸ ਰਾਹੀ ਵਾਂਗ ਹੈ ਜੋ ਪਾਣੀ ਦੀ ਖੋਜ ਵਿਚ ਭੁੱਜਦੇ ਰੇਤਥਲੇ ਨੂੰ ਚੀਰਕੇ ਪਾਰ ਕਰ ਜਾਂਦਾ ਹੈ। ਤੂੰ ਏਸਦਾ ਖਬਰਦਾਰੀ ਰੱਖ, ਕਿਉਂਕਿ ਓਹ ਕਾਹਲਾ ਅਤੇ ਦੂਰ ਦੀ ਸੋਝੀ ਤੋਂ ਖ਼ਾਲੀ ਹੈ, ਏਸ ਨੂੰ ਕਾਬੂ ਵਿੱਚ ਰੱਖ, ਕਿਉਂਕਿ ਏਹ ਖ਼ੁਦ ਸਿਰ ਹੈ, ਏਸ ਦਾ ਸੁਧਾਰ ਕਰ, ਕਿਉਂਕਿ ਏਹ ਆਕੜੀ ਹੈ, ਓਹ ਪਾਣੀ ਨਾਲੋਂ ਵਧੀਕ ਪਤਲਾ, ਮੋਮ ਨਾਲੋਂ ਵਧੀਕ ਨਰਮ ਅਤੇ ਹਵਾ ਨਾਲੋਂ ਵਧੀਕ ਸੂਖਮ ਹੈ। ਕੀ ਤੂੰ ਏਸ ਨੂੰ ਕਿਸੇ ਚੀਜ਼ ਨਾਲ ਬੰਨ੍ਹ ਸਕਦਾ ਹੈਂ ?

ਮੂਰਖ ਦੇ ਤਨ ਵਿਚ ਆਤਮਾ ਐਉਂ ਹੈ, ਜਿਸਤਰਾਂ ਪਾਗਲ ਦੇ ਹਥ ਵਿਚ ਤਲਵਾਰ, ਏਸਦੀ ਖੋਜ ਦਾ ਮਨਤਵ ਸਚਿਆਈ ਹੈ। ਓਹ ਤਜਰਬੇ ਅਤੇ ਅਕਲ ਨਾਲ ਏਸਨੂੰ ਲਭ ਲੈਂਦੀ ਹੈ। ਪਰ ਕੀ ਏਹ ਨਿਰਬਲ, ਅਸਮਰਥ ਤੇ ਭੁਲੱਕੜ ਵਿਚ ਪਾਉਣ ਵਾਲ ਨਹੀਂ ਹਨ ? ਫੇਰ ਦੱਸ ਕਿ ਅਕਲ ਕਿਸਤਰ੍ਹਾਂ ਸਚਿਆਈ ਦੀ ਤਹਿ ਤਕ ਪਹੁੰਚਸਕਦੀਹੈ?

ਆਪਣੇ ਆਪ ਅਤੇ ਨਾਲੇ ਆਪਣੇ ਸਿਰਜਨਹਾਰ ਦਾ ਗਿਆਨ ਅਤੇ ਭਗਤੀ ਦਾ ਖਿਆਲ ਜੋ ਤੇਰਾ ਫਰਜ਼ ਹੈ ਕੀ ਤੇਰੇ ਅਗੇ ਪ੍ਰਤੱਖ ਨਹੀਂ ਹੈ ? ਇਸ ਨਾਲੋਂ ਵਧ ਆਦਮੀ ਹੋਰ ਕਿਸ ਚੀਜ਼ ਦਾਪੂਰਾ ਗਿਆਨ ਪ੍ਰਾਪਤ ਕਰ ਸਕਦਾ ਹੈ?

ਬੈਂਤ:-

ਤੇਰਾ ਆਤਮਾ ਕਿਰਨ 'ਪ੍ਰਭੁ* ਭਾਨ' ਦੀ ਹੈ,
ਸ਼ਕਤੀ ਏਸਦੇ ਅੰਦਰੇ ਢੇਰ ਹੈ ਵੇ।
ਹੈ ਪ੍ਰਤੱਖ ਸ਼ਕਤੀ, ਅੱਖੀਂ ਆਤਮਾ ਦੀ,
ਜਾਂਦੀ ਲੱਖ ਕੋਹਾਂ ਬਿਨਾ ਦੇਰ ਹੈ ਵੇ।
ਏਹ ਹੈ ਸੂਖਛਮ, ਪਾਕ, ਬੇਐਬ, ਨਿਰਮਲ,
ਤੇ ਬ੍ਰਹਮੰਡ ਸਾਰਾ ਇਸਦਾ ਘੇਰ ਹੈ ਵੇ।
ਜੀਵ, ਈਸ਼ ਹਨ ਇੱਕ, ਕੋ ਫ਼ਰਕ ਨਾਹੀਂ,
ਰਤਾ ਸਮਝ ਦਾ ਹੀ ਹੇਰ ਫੇਰ ਹੈ ਵੇ।
ਜੇਕਰ ਆਤਮਾ ਹੈ ਤੇਰੇ ਵੱਸ ਤਾਂ ਫਿਰ,
ਸਮਝ ਜਿੱਤਿਆ ਤੂੰ ਦੋ ਜਹਾਨ ਨੂੰ ਹੈ।
ਓਹ ਹੈ ਭਗਤ ਜਿਸ ਹੌਸਲੇ ਨਾਲ ਸਿੱਧਾ,
ਕੀਤਾ ਮਾਰਕੇ ਇਸ ਆਕੜ-ਖਾਨ ਨੂੰ ਹੈ।
ਨਿਰਮਲ ਰੱਖ ਜਪ ਨਾਮ ਅਰ ਨੇਕੀਆਂ ਵੀ
ਕਰਕੇ, ਉੱਚ ਕੀਤਾ ਇਸਦੀ ਸ਼ਾਨ ਨੂੰ ਹੈ!
'ਚਰਨ' ਪ੍ਰਭੂ ਜਿਸ ਆਤਮਾ ਵਿਚ ਚੱਖੇ,
ਵਿਚ ਦੋ ਲੋਕ ਪਾਇਆ ਉਸਨੇ ਮਾਨ ਨੂੰ ਹੈ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:--

(੧) ਮਨਿ ਜੀਤੈ ਜਗੁ ਜੀਤ।
(੨) ਜਿਨੀ ਆਤਮ ਚੀਨਿਆ ਪ੍ਰਮਾਤਮ ਸੋਈ।
ਏਕੋ ਅਮ੍ਰਿਤ ਬਿਰਖ ਹੈ ਫਲ ਅੰਮ੍ਰਿਤ ਹੋਈ।

---

*ਸੂਰਜ

ਅੰਮ੍ਰਿਤਫਲਜਿਨੀਚਾਖਿਆਸਚਰਹੇਅਘਾਈ।
ਤਿਨਾਭਰਮ ਨਾ ਭੇਦ ਹੈ ਹਰ ਰਸਨ ਰਸਾਈ।

(੩) ਅਚਰਜ ਕਥਾ ਮਹਾ ਅਨੂਪ।
ਪ੍ਰਮਾਤਮਾ ਪਾਰਬ੍ਰਹਮ ਕਾ ਰੂਪ ॥ ਰਹਾਉ ॥
ਨਾ ਇਹੁ ਬੂਢਾ ਨਾ ਇਹੁ ਬਾਲਾ।
ਨਾ ਇਸੁ ਦੂਖੁ ਨਹੀ ਜਮਜਾਲਾ।
ਨਾ ਇਹੁ ਬਿਨਸੈ ਨਾ ਇਹੁ ਜਾਇ।
ਆਦਿ ਜੁਗਾਦਿ ਰਹਿਆ ਸਮਾਇ ॥ ੧ ॥
ਨਾ ਇਸੁ ਉਸਨੁ ਨਹੀ ਇਸੁ ਸੀਤੁ।
ਨਾ ਇਸੁ ਦੁਸਮਨੁ ਨਾ ਇਸੁ ਮੀਤੁ।
ਨਾ ਇਸੁ ਹਰਖੁ ਨਹੀ ਇਸੁ ਸੋਗੁ।
ਸਭੁ ਕਿਛੁ ਇਸਕਾ ਇਹੁ ਕਰਨੈ ਜੋਗੁ ॥ ੨ ॥
ਨਾ ਇਸੁ ਬਾਪੁ ਨਹੀ ਇਸੁ ਮਾਇਆ।
ਇਹੁ ਅਪਰੰਪਰੁ ਹੋਤਾ ਆਇਆ।
ਪਾਪ ਪੁੰਨੁ ਕਾ ਇਸੁ ਲੇਪੁ ਨ ਲਾਗੈ।
ਘਟ ਘਟ ਅੰਤਰਿ ਸਦ ਹੀ ਜਾਗੈ ॥ ੩ ॥
ਤੀਨ ਗੁਣਾ ਇਕ ਸਕਤ ਉਪਾਇਆ।
ਮਹਾ ਮਾਇਆ ਤਾਕੀ ਹੈ ਛਾਇਆ।
ਅਛਲ ਅਛੇਦ ਅਭੇਦ ਦਇਆਲ।
ਦੀਨ ਦਇਆਲ ਸਦਾ ਕਿਰਪਾਲ।
ਤਾਕੀ ਗਤਿ ਮਿਤਿ ਕਛੂ ਨ ਪਾਇ।
ਨਾਨਕ ਤਾਕੈ ਬਲਿ ਬਲਿ ਜਾਇ ॥੪॥ ੧੯ ॥੨੧॥

## ੩੨–ਮਨੁੱਖ ਦੀ ਉਮਰ ਅਤੇ ਓਸਦੇ ਲਾਭ

ਜਿਸ ਤਰਾਂ ਤੜਕਸਾਰ ਦਾ ਉਜਾਲਾ ਚੰਡੋਲ ਨੂੰ, ਸੰਧਜਾ ਦਾ ਹਨੇਰਾ ਉੱਲੂ ਨੂੰ, ਸ਼ਹਿਦ ਮੱਖੀ ਨੂੰ ਅਤੇ ਮੁਰਦਾ ਗਿੱਦ ਨੂੰ ਪਿਆਰਾ ਲਗਦਾ ਹੈ। ਓਸੇ ਤਰਾਂ ਆਪਣਾ ਜਿਊਣਾ ਆਦਮੀ ਨੂੰ ਪਿਆਰਾ ਲਗਦਾ ਹੈ। ਭਾਵੇਂ ਇਹ ਚਮਤਕਾਰ ਹੈ, ਪਰ ਅੱਖਾਂ ਨੂੰ ਚੁੰਧਿਆਉਂਦਾ ਨਹੀਂ। ਭਾਵੇਂ ਹਨੇਰਾ ਹੈ, ਪਰ ਬੁਰਾ ਨਹੀਂ ਲਗਦਾ, ਭਾਵੇਂ ਮਿੱਠਾ ਹੈ, ਪਰ ਇਸਤੋਂ ਮੂੰਹ ਨਹੀਂ ਮੁੜਦਾ। ਭਾਵੇਂ ਖਰਾਬ ਹੈ, ਪਰ ਬੇ ਸੁਆਦ ਨਹੀਂ, ਕੌਣ ਅਜਿਹਾ ਆਦਮੀ ਹੈ, ਜੋ ਇਸਦੀ ਸੱਚੀ ਕਦਰ ਤੇ ਕੀਮਤ ਤੋਂ ਜਾਣੂ ਹੋਵੇ ?

ਆਪਣੇ ਜੀਵਨ ਦੀ ਐਨੀ ਕਦਰ ਕਰ ਜਿਨੀ ਕਿ ਕਰਨੀ ਚਾਹੀਦੀ ਹੈ ਫੇਰ ਤੂੰ ਸਿਆਣਪ ਦੀ ਉੱਚੀ ਚੋਟੀ ਤੇ ਜਾ ਪਹੁੰਚੇਂਗਾ। ਮੂਰਖ ਵਾਂਗੂੰ ਇਹ ਨਾ ਸਮਝ ਕਿ ਇਸ ਨਾਲੋਂ ਵਧੀਕ ਮੁੱਲ ਵਾਲੀ ਹੋਰ ਕੋਈ ਚੀਜ਼ ਨਹੀਂ ਅਤੇ ਨਾ ਹੀ ਝੂਠੇ ਸਿਆਣਿਆਂ ਨਾਲ ਰਲਕੇ ਏਸਨੂੰ ਜੰਜਾਲ ਹੀ ਆਖ, ਏਸਨੂੰ ਆਪਣੇ ਵਾਸਤ ਪਿਆਰੀ ਨਾ ਸਮਝ, ਸਗੋਂ ਏਹਦੇ ਨਾਲ ਏਸ ਕਰਕੇ ਪਿਆਰ ਕਰ ਕਿ ਇਸ ਨਾਲ ਹੋਰਨਾਂ ਨੂੰ ਕੁਝ ਲਾਭ ਪਹੁੰਚ ਸਕਦਾ ਹੈ, ਤੂੰ ਏਸ ਨੂੰ ਸੋਨੇ ਦੇ ਢੇਰਾਂ ਦੇ ਢੇਰ ਦੇਕੇ ਬੀ ਨਹੀਂ ਖਰੀਦ ਸਕਦਾ। ਜੇਹੜਾ ਸਮਾ ਲੰਘ ਗਿਆ ਹੈ, ਓਸਨੂੰ ਜਵਾਹਰਾਤ ਦੇ ਖਜ਼ਾਨੇ ਬੀ ਮੋੜਕੇ ਨਹੀਂ ਲਿਆ ਸਕਦੇ। ਏਸ ਵਾਸਤੇ ਵਰਤਮਾਨ ਅਤੇ ਭਵਿੱਖਤ ਸਮੇ ਨੂੰ ਨੇਕੀਆਂ ਵਿਚ ਬਿਤਾ।

ਏਹ ਕ ੇ ਨਾਂ ਆਖ ਕਿ "ਮੇਰਾ ਨਾ ਜੰਮਣਾ ਹੀ

ਚੰਗਾ ਸੀ" ਜਾਂ "ਜੇਕਰ ਮੈਂ ਬਾਲਪਣੇ ਵਿਚ ਹੀ ਮਰ ਜਾਂਦਾ ਤਾਂ ਚੰਗਾ ਹੁੰਦਾ" ਅਤੇ ਨਾ ਹੀ ਆਪਣੇ ਸਿਰਜਨਹਾਰ ਅੱਗੇ ਪ੍ਰਸ਼ਨ ਕਰ ਕਿ "ਜੇ ਮੈਂ ਨਾ ਹੁੰਦਾ ਤਾਂ ਦੁਨੀਆਂ ਵਿਚ ਕੀ ਘਾਟਾ ਪੈ ਚਲਿਆ ਸੀ ?" ਨੇਕੀ ਕਰਨੀ ਤੇਰੇ ਅਧਿਕਾਰ ਵਿੱਚ ਹੈ, ਨੇਕੀ ਤੋਂ ਸੁੰਞੇ ਹੋਣਾ ਇੱਕ ਵੱਡੀ ਸ਼ਾਮਤ ਹੈ। ਜੇਕਰ ਤੇਰਾ ਰੋਣਾ ਤੇ ਸ਼ੋਕ ਕਰਨਾ ਸੱਚਾ ਵੀ ਹੋਵੇ ਤਾਂ ਵੀ ਮਾਨੋ ਤੂੰ ਆਪਣੇ ਮੂੰਹੋਂ ਆਪਣੇ ਆਪ ਨੂੰ ਬੁਰਾ ਕਹਿੰਦਾ ਹੈਂ। ਜੇਕਰ ਮੱਛੀ ਨੂੰ ਪਤਾ ਹੋਵੇ ਕਿ ਬੋਟੀ ਦੇ ਮਗਰ ਕੁੰਡੀ ਹੈ ਤਾਂ ਕੀ ਉਹ ਉਸਨੂੰ ਖਾਵੇਗੀ ? ਜੇ ਸ਼ੇਰ ਨੂੰ ਇਹ ਪਤਾ ਲਗ ਜਾਵੇ ਕਿ ਜੰਗਲੇ ਦੇ ਅੰਦਰ ਕਮਾਨੀਆਂ ਹਨ ਤਾਂ ਕੀ ਓਹ ਉਸਦੇ ਅੰਦਰ ਵੜੇਗਾ ? ਏਸੇ ਤਰਾਂ ਜੇਕਰ ਆਤਮਾ ਏਸ ਮਿੱਟੀ ਦੇ ਸਰੀਰ ਨਾਲ ਹੀ ਮਰ ਜਾਣ ਵਾਲਾ ਹੁੰਦਾ ਤਾਂ ਆਦਮੀ ਕਦੇ ਵੀ ਜਿਊਂਦੇ ਰਹਿਣ ਦਾ ਅਭਿਲਾਖੀ ਨਾਂ ਹੁੰਦਾ ? ਅਤੇ ਨਾ ਹੀ ਵਾਹਿਗੁਰੂ ਏਸਨੂੰ ਪੈਦਾ ਕਰਦਾ। ਏਸ ਵਾਸਤੇ ਇਹ ਯਾਦ ਰਖ ਕਿ ਏਸ ਅਨਸਥਿਰ ਸਰੀਰ ਨੂੰ ਤਿਆਗਕੇ ਵੀ ਤੇਰਾ ਆਤਮਾ ਜੀਵਤ ਰਹੇਗਾ ?

ਜਿਸ ਤਰਾਂ ਕੈਦੀ ਪੰਛੀ ਪਿੰਜਰੇ ਦੇ ਅੰਦਰ ਫੜ ਫੜ ਕਰਕੇ ਸਰੀਰ ਤੇ ਖੰਭਾਂ ਨੂੰ ਖਰਾਬ ਨਹੀਂ ਕਰਦਾ, ਏਸੇ ਤਰਾਂ ਤੂੰ ਵੀ ਆਪਣੀ ਵਰਤਮਾਨ ਹਾਲਤ ਵੇਖਕੇ ਟਪ ਟਪ ਨਾ ਕਰ, ਸਗੋਂ ਏਸਨੂੰ ਆਪਣੀ ਮਿਟ ਚੁਕੀ ਕਿਸਮਤ ਸਮਝਕੇ ਏਸੇ ਤੇ ਸਬਰ ਕਰ। ਭਾਵੇਂ ਭਾਣਾ ਮੰਨਣ ਦੇ ਰਸਤੇ ਵੱਡੇ ਔਖੇ ਅਤੇ ਵਿੰਗੇ ਟੇਢੇ ਹਨ, ਪਰ ਫੇਰ ਵੀ ਅਜਿਹੇ ਨਹੀਂ ਹਨ ਕਿ ਆਦਮੀ ਏਹਨਾਂ ਤੋਂ ਪਾਰ ਨਾ ਲੰਘ ਸਕੇ। ਜਿਸ ਤਰਾਂ ਦਾ

ਸਮਾਂ ਆਵੇ ਭੁਗਤ ਲੈ, ਜਿੱਥੇ ਕੋਈ ਐਸੀ ਵੈਸੀ ਗੱਲ ਨਾ ਹੋਵੇ ਓਥੇ ਸਾਰਿਆਂ ਨਾਲੋਂ ਵਧੀਕ ਖਤਰਾ ਸਮਝ।

ਤੂੰ ਖੋਰੀ ਬਿਸਤਰੇ ਉੱਤੇ ਵੱਡੇ ਅਰਾਮ ਨਾਲ ਸੌਂ ਸਕਦਾ ਹੈਂ, ਪਰ ਜਿਸ ਵੇਲੇ ਤੂੰ ਫੁੱਲਾਂ ਦੀ ਸੇਜਾ ਉਤੇ ਸਵੇਂ, ਓਸ ਵੇਲੇ ਕੰਡਿਆਂ ਵਾਲੇ ਬਿਸਤਰੇ ਦਾ ਵੀ ਧਿਆਨ ਕਰ ਲਿਆ ਕਰ।

ਬਦਨਾਮੀ ਦੇ ਜੀਊਣ ਨਾਲ ਨੇਕੀ ਦਾ ਮਰਨਾ ਸੌ ਦਰਜੇ ਚੰਗਾ ਹੈ। ਏਸ ਵਾਸਤੇ ਜਦ ਤਕ ਜੀਊਣਾ ਫਰਜ਼ ਹੈ ਜਿਊਂਦੇ ਰਹਿਣ ਦਾ ਯਤਨ ਕਰ। ਜਦ ਤਕ ਏਸ ਜ਼ਿੰਦਗੀ ਤੋਂ ਦੂਜਿਆਂ ਦਾ ਭਲਾ ਹੋ ਸਕਦਾ ਹੈ ਤੂੰ ਉਸਨੂੰ ਕਾਇਮ ਰਹਿਣ ਦੇਹ।

ਮੋਹਲਤ ਨਾ ਹੋਣ ਦੀ ਸ਼ਿਕੈਤ ਮੂਰਖ ਅੱਗੇ ਨਾਂ ਕਰ, ਏਸ ਗਲ ਨੂੰ ਯਾਦ ਰੱਖ, ਜਿਉਂ ਜਿਉਂ ਤੇਰੀ ਉਮਰਾ ਘਟ ਹੁੰਦੀ ਜਾਵੇਗੀ ਤਿਉਂ ਤਿਉਂ ਤੇਰੇ ਫਿਕਰ ਵੀ ਘਟਦੇ ਜਾਣਗੇ।

ਜ਼ਿੰਦਗੀ ਦਾ ਜਿਨਾ ਹਿੱਸਾ ਬੀਤ ਗਿਆ ਹੈ ਏਸਦੇ ਨਿਸਫਲ ਅਤੇ ਅੱਫਲ ਬੀਤ ਗਏ ਹਿੱਸ ਦਾ ਅੰਦਾਜ਼ਾ ਕਰ, ਤੇ ਵੇਖ ਕਿ ਬਾਕੀ ਕੀ ਰਹਿ ਜਾਂਦਾ ਹੈ? ਬਚਪੁਣੇ ਅਤੇ ਬਾਲਪੁਣੇ ਦੇ ਸਮੇ ਦਾ ਖ਼ਿਆਲ ਕਰ, ਕੁਝ ਸਮਾ ਸੌਣ ਵਿਚ ਲੰਘ ਗਿਆ, ਕੁਝ ਹਿਸਾ ਦੁਖ ਤੇ ਰੋਗ ਦੀ ਭੇਟਾ ਹੋ ਗਿਆ, ਬਹੁਤ ਸਾਰਾ ਸਮਾਂ ਧੋਖੇ, ਫਰੇਬ ਤੇ ਪਾਪਾਂ ਵਿਚ ਲੰਘ ਗਿਆ, ਏਹ ਕੁਝ ਕੱਢਕੇ ਬਾਕੀ ਕਿੰਨਾਕੁ ਸਮਾਂ ਹੈ ਜੋ ਤੂੰ ਚੰਗੇ ਤੇ ਨੇਕ ਕੰਮਾਂ ਵਿਚ ਖਰਚ ਕੀਤਾ ਹੈ? ਜਿਸਨੇ ਤੈਨੂੰ ਇਹ ਜੀਵਨ ਬਖਸ਼ਿਆ ਹੈ, ਉਹ ਏਸਨੂੰ ਛੋਟੀ ਕਰਕੇ

ਵਧੀਕ ਲਾਭਕਾਰੀ ਬਣਾ ਸਕਦਾ ਹੈ । ਲੰਮੀ ਉਮਰ ਤੇਰੇ ਕਿਸ ਕੰਮ ਆ ਸਕਦੀ ਹੈ ? ਕੀ ਤੂੰ ਹੋਰ ਬੁਰਿਆਈਆਂ ਕਰਨੀਆਂ ਚਾਹੁੰਦਾ ਹੈਂ ? ਬਾਕੀ ਰਿਹਾ ਨੇਕੀ ਦੀ ਬਾਬਤ, ਤਾਂ ਜਿਸ ਨੇ ਤੇਰੇ ਜੀਵਨ ਦੀ ਮਿਆਦ ਮੁਕਰਰ ਕੀਤੀ ਹੈ ਕੀ ਓਹ ਉਸਦੇ ਫਲਾਂ ਨਾਲ ਖੁਸ਼ ਨਾਂ ਹੋਵੇਗਾ ?

ਹੇ ਗਮਾਂ ਨੂੰ ਪਸੰਦ ਕਰਨ ਵਾਲੇ ਮਨੁੱਖ ! ਤੂੰ ਕਹਦੇ ਵਾਸਤੇ ਬਹੁਤਾ ਚਿਰ ਜਿਊਂਦਾ ਰਹਿਣਾ ਚਾਹੁੰਦਾ ਹੈਂ ? ਕੀ ਖਾਣ, ਪੀਣ, ਖੇਡਣ, ਕੁੱਦਣ ਅਤੇ ਦੁਨੀਆਂ ਦੇ ਆਨੰਦ ਮਜ਼ੇ ਲੁਟਣ ਲਈ ? ਏਹ ਤਾਂ ਤੂੰ ਕਈ ਵਰ੍ਹਿਆਂ ਤੋਂ ਕਰ ਰਿਹਾ ਹੈਂ । ਕੀ ਘੜੀ ਮੁੜੀ ਓਹੋ ਕੰਮ ਕਰਨ ਨਾਲ ਤੇਰਾ ਦਿਲ ਉਕਤਾ ਨਹੀਂ ਜਾਂਦਾ ? ਕੀ ਏਹ ਬਿਲਕੁਲ ਨਿਸ-ਫਲ ਅਤੇ ਵਾਹਯਾਤ ਨਹੀਂ ਹੈ ?

ਕੀ ਤੂੰ ਲੰਮੀ ਉਮਰ ਏਸ ਵਾਸਤੇ ਚਾਹੁੰਦਾ ਹੈਂ ਕਿ ਨੇਕੀ ਅਤੇ ਸਿਆਣਪ ਵਿਚ ਤ੍ਰੱਕੀ ਕਰੇਂ ? ਸੋਚ, ਤੂੰ ਹੋਰ ਕੀ ਜਾਣਨਾ ਚਾਹੁੰਦਾ ਹੈਂ, ਤੈਨੂੰ ਹੋਰ ਕੁਝ ਕੌਣ ਸਿਖਾਏਗਾ? ਜੋ ਕੁਝ ਤੇਰੇ ਪਾਸ ਹੈ ਤੂੰ ਤਾਂ ਉਸਨੂੰ ਵੀ ਚੰਗੇ ਵਰਤਣ ਵਿਚ ਨਹੀਂ ਲਿਆਉਂਦਾ ! ਏਸ ਵਾਸਤੇ ਏਸ ਗੱਲ ਦੀ ਸ਼ਿਕੈਤ ਨਾ ਕਰ ਕਿ ਮੈਨੂੰ ਹੋਰ ਨਹੀਂ ਮਿਲਦਾ ।

ਵਿੱਦਯਾ ਦੇ ਘਾਟੇ ਦੀ ਚਿੰਤਾ ਨਾ ਕਰ, ਕਿਉਂਕਿ ਏਹ ਤੇਰੇ ਨਾਲ ਹੀ ਬਰਬਾਦ ਹੋ ਜਾਵੇਗੀ । ਤੂੰ ਏਥੇ ਈਮਾਨ-ਦਾਰੀ ਨਾਲ ਉਮਰ ਬਿਤਾ, ਅਗਲੇ ਜਹਾਨ ਵਿਚ ਤੈਨੂੰ ਵਿੱਦਯਾ ਤੇ ਹੁਨਰ ਬਹੁਤ ਮਿਲ ਜਾਣਗੇ । ਕਾਵਾਂ ਤੇ ਹਰਨਾਂ ਦੀਆਂ

ਉਮਰਾਂ ਬਹੁਤ ਲੰਮੀਆਂ ਵੇਖਕੇ ਤੂੰ ਈਰਖਾ ਨਾ ਕਰ, ਸਗੋਂ ਓਹਨਾਂ ਪਾਸੋਂ ਸਿੱਖ ਕਿ ਜੀਵਨ ਦੀ ਪਵਿੱਤ੍ਰਤਾ ਤੇ ਸਾਦੇ ਤ੍ਰੀਕਿਆਂ ਨਾਲ ਰਹਿਣ ਕਰਕੇ ਲੰਮੀ ਉਮਰ ਹਾਸਲ ਹੋ ਸਕਦੀ ਹੈ। ਜੇਕਰ ਤੂੰ ਨੇਕੀਆਂ ਕਰਨੀਆਂ ਤੇ ਚੰਗੇ ਤ੍ਰੀਕੇ ਨਾਲ ਜੀਵਨ ਬਿਤਾਉਣ ਦੀ ਜਾਚ ਜਾਣਦਾ ਹੈਂ ਤਾਂ ਤੇਰੇ ਵਸਤੇ ਥੋੜੀ ਉਮਰ ਹੀ ਬਤੇਰੀ ਹੈ।

ਜ਼ਾਲਮ ਆਦਮੀ ਜਾਣਦਾ ਹੈ ਕਿ ਓਹ ਆਪਣੇ ਧੱਕੇ ਨਾਲ ਕੇਵਲ ਥੋੜੇ ਦਿਨਾਂ ਦਾ ਆਨੰਦ ਹੀ ਪ੍ਰਾਪਤ ਕਰ ਸਕਦਾ ਹੈ, ਪਰ ਫੇਰ ਵੀ ਓਹ ਆਪਣੇ ਜ਼ੋਰ ਨਾਲ ਲੋਕਾਂ ਨੂੰ ਗੁਲਾਮ ਬਣਾਉਣ ਦਾ ਯਤਨ ਕਰਦਾ ਹੈ। ਪਰ ਜੇਕਰ ਓਹ ਅਮਰ ਹੋਵੇ ਤਾਂ ਕੀ ਜਾਣੀਏਂ ਕਿ ਹੋਰ ਕੀ ਕੁਝ ਨ ਕਰ ਛੱਡੇ!

ਜ਼ਿੰਦਗੀ ਵਿਚ ਜੋ ਕੁਝ ਤੈਨੂੰ ਮਿਲਿਆ ਹੈ ਤੇਰੇ ਵਾਸਤੇ ਓਹੋ ਬਹੁਤੇਰਾ ਹੈ, ਪਰ ਤੂੰ ਕੁਝ ਸੋਚਦਾ ਨਹੀਂ। ਹੇ ਬੰਦੇ! ਤੈਨੂੰ ਏਸ ਨਾਲੋਂ ਵਧੀਕ ਲੋੜ ਤਾਂ ਨਹੀਂ ਹੈ, ਪਰ ਤੂੰ ਲਾਲਚੀ ਅਤੇ ਮੂਰਖ ਹੈਂ। ਤੂੰ ਆਪਣੇ ਧਨ ਨੂੰ ਐਉਂ ਖਰਚ ਕਰਦਾ ਹੈਂ; ਮਾਨੋ ਤੇਰੇ ਪਾਸ ਬਹੁਤ ਖਜ਼ਾਨਾ ਹੈ, ਫੇਰ ਬੀ ਤੂੰ ਰੋਂਦਾ ਹੈਂ ਕਿ ਬੀਤ ਚੁਕਾ ਸਮਾ ਅਤੇ ਖਰਚ ਹੋ ਚੁਕੀ ਚੀਜ਼ ਮੁੜ ਮੇਰੇ ਪਾਸ ਕਿਉਂ ਨਹੀ ਆ ਜਾਂਦੀ? ਯਾਦ ਰੱਖ ਕਿ ਆਦਮੀ ਮਾਲ ਧਨ ਬਹੁਤ ਹੋ ਜਾਣ ਨਾਲ ਸ਼ਾਹੂਕਾਰ ਨਹੀਂ ਬਣਦਾ, ਸਗੋਂ ਬੱਚਤ ਅਤੇ ਹਰ ਚੀਜ਼ ਯੋਗ ਵਰਤਣ ਨਾਲ। ਸਿਆਣਾ ਆਦਮੀ ਆਪਣੇ ਜੀਵਨ ਦੀ ਪਹਿਲੀ ਘੜੀ ਤੋਂ ਹੀ ਆਪਣਾ ਨੀਯਤ ਕਰਮ ਕਰਨ ਲੱਗ ਜਾਂਦਾ ਹੈ, ਪਰ ਮੂਰਖ ਵਾਸਤੇ ਉਮਰਾ ਦਾ ਅੰਤਲਾ

ਦਿਨ ਵੀ ਪਹਿਲੇ ਦਿਨ ਵਰਗਾ ਹੀ ਹੁੰਦਾ ਹੈ।

ਤੂੰ ਧਨ ਨੂੰ ਕੱਠਾ ਕਰਨ ਦਾ ਯਤਨ ਨਾ ਕਰ ਅਤੇ ਨਾ ਹੀ ਇਹ ਸਮਝ ਕਿ ਧਨ ਨੂੰ ਕੱਠਾ ਕਰਕੇ ਪਿੱਛੋਂ ਮੈਂ ਆਨੰਦ ਲੁੱਟਾਂਗਾ, ਮਤਾਂ "ਬੰਦਾ ਜੋੜੇ ਪਲੀ ਪਲੀ ਤੇ ਰਾਮ ਰੜ੍ਹਾਵੇ ਕੁੱਪਾ" ਵਾਲਾ ਲੇਖ ਹੀ ਬਨ ਜਾਵੇ। ਜੋ ਆਦਮੀ ਵਰਤਮਾਨ ਸਮੇ ਆਉਂਦਾ ਹੈ, ਓਹ ਮਾਨੋਂ ਆਪਣਾ ਮਾਲ ਅਸਬਾਬ ਵੰਜਾਉਂਦਾ ਹੈ। ਜਿਸ ਤਰਾਂ ਅਵਾਣ ਤੀਰ ਚਲਾਉਣ ਵਾਲੇ ਨੂੰ ਤੀਰ ਉਲਟਾ ਵਿੰਨ੍ਹ ਸੁੱਟਦਾ ਹੈ, ਓਸੇ ਤਰਾਂ ਤੇਰੀ ਉਮਰਾ ਖੁੱਸ ਜਾਵੇਗੀ ਅਤੇ ਤੈਨੂੰ ਏਸਦੇ ਜਾਣਦਾ ਪਤਾ ਭੀ ਨਾਂ ਲੱਗੇਗਾ।

ਜੀਊਣਾ ਕੀ ਹੈ ? ਜਿਸਦੀ ਲੋਕ ਐਨੀ ਚਾਹ ਰਖਦੇ ਹਨ ? ਕੇਵਲ ਸਾਹ ਲੈਣ ਦਾ ਨਾਉਂ ਹੀ ਜੀਊਣਾ ਹੈ ? ਕੀ ਤੈਨੂੰ ਸਾਹ ਲੈਣ ਦਾ ਲੋਭ ਹੈ ? ਕੀ ਤੇਰਾ ਜੀਊਣਾ ਪਾਪਾਂ ਦੀ ਲੜੀ ਨਹੀਂ ਹੈ ? ਕੀ ਇਹ ਜੀਵਨ ਚਿੰਤਾ ਤੇ ਫ਼ਿਕਰਾਂ ਦਾ ਘਰ ਨਹੀਂ ਹੈ? ਕੀ ਇਹ ਗੁਨਾਹਾਂ ਤੇ ਬਦੀਆਂ ਦੀ ਜ਼ੰਜੀਰ ਨਹੀਂ ਹੈ ? ਏਸ ਦੇ ਆਰੰਭ ਵਿਚ ਮੂਰਖਤਾ, ਏਸਦੇ ਮੱਧ ਵਿਚ ਦੁੱਖ ਅਤੇ ਅੰਤ ਵਿਚ ਚਿੰਤਾ ਤੇ ਗਮ ਹਨ।

ਜਿਸ ਤਰਾਂ ਪਾਣੀ ਦੀ ਲਹਿਰ ਦੂਜੀ ਨੂੰ ਧੱਕਦੀ ਹੈ ਅਤੇ ਫੇਰ ਦੋਵੇਂ ਲਹਿਰਾਂ ਮਗਰੋਂ ਆਉਣ ਵਾਲੀ ਲਹਿਰ ਨਾਲ ਰਲ ਜਾਂਦੀਆਂ ਹਨ, ਓਸੇ ਤਰਾਂ ਆਦਮੀ ਦੇ ਜੀਵਨ ਦੇ ਦੁੱਖ ਹਨ। ਭੂਤਕਾਲ ਦੇ ਦੁੱਖ ਵਤਤਮਾਨ ਸਮੇ ਵਿੱਚ ਰਲ ਜਾਂਦੇ ਹਨ ਅਤੇ ਵੱਡੇ ਦੁਖਾਂ ਦੇ ਅੰਦਰ ਛੋਟੇ ਦੁੱਖ ਖਪ ਜਾਂਦੇ ਹਨ। ਸਾਡੇ ਡਰ ਹੀ ਤਕਲੀਫਾਂ ਹਨ,ਅਸੀ ਅਸੰਭਵ

ਗੱਲਾਂ ਦੀ ਆਸ ਕਰਦੇ ਹਾਂ।

ਮੌਤ ਪਾਸੋਂ ਮੂਰਖ ਡਰਦੇ ਹਨ ਅਤ ਸਦਾ ਜੀਊਂਦੇ ਰਹਿਣ ਦੀ ਚਾਹ ਬਿਅਕਲ ਕਰਦੇ ਹਨ। ਤੈਨੂੰ ਆਪਣੇ ਜੀਵਨ ਦਾ ਕੇਹੜਾ ਹਿੱਸਾ ਮੁੜ ਪਰਾਪਤ ਕਰਨ ਦੀ ਚਾਹ ਹੈ ? ਕੀ ਤੈਨੂੰ ਜੁਆਨੀ ਭਾਉਂਦੀ ਹੈ? ਕੀ ਤੂੰ ਭੋਗ ਬਿਲਾਸ ਦੇ ਆਨੰਦ ਪਸਿੰਦ ਕਰਦਾ ਹੈਂ ? ਕੀ ਤੈਨੂੰ ਬੁਢੇਪਾ ਚੰਗਾ ਲਗਦਾ ਹੈ? ਫੇਰ ਤਾਂ ਮਾਨੋ ਤੂੰ ਨਿਰਬਲਤਾ ਅਤੇ ਕਮਜ਼ੋਰੀ ਦਾ ਆਸ਼ਕ ਹੈਂ।

ਕਹਿੰਦੇ ਹਨ ਕਿ ਚਿੱਟੇ ਵਾਲਾਂ ਦੀ ਇੱਜ਼ਤ ਹੁੰਦੀ ਹੈ, ਏਸ ਵਾਸਤੇ ਬੁੱਢੇ ਲੋਕਾਂ ਨੂੰ ਲੋਕ ਮਾਨ ਤੇ ਅਦਬ ਦੀ ਨਜ਼ਰ ਨਾਲ ਦੇਖਦੇ ਹਨ, ਪਰ ਨੇਕੀ ਨਾਲ ਜੁਆਨੀ ਦਾ ਰੂਪ ਵੀ ਦੂਨਾ ਹੋ ਜਾਂਦਾ ਹੈ ਅਤੇ ਨੇਕੀ ਤੋਂ ਸੱਖਣਾ ਬੁਢੇਪਾ ਆਦਮੀ ਦੇ ਆਤਮਾ ਦੇ ਦੁੱਖ ਨੂੰ ਦਸ ਗੁਣਾਂ ਕਰ ਦੇਂਦਾ ਹੈ।

ਤੂੰ ਜੁਆਨੀ ਵਿਚ ਨੇਕ ਤੇ ਭਲਾ ਬਣ, ਬੁਢੇਪੇ ਵਿੱਚ ਤੇਰੀ ਇਜ਼ਤ ਹੋਵੇਗੀ ਅਤੇ ਪ੍ਰਲੋਕ ਵਿਚ ਤੈਨੂੰਮਾਨ ਮਿਲੇਗਾ।

ਬੈਂਤ:-ਜੀਵੇ ਲਖ ਵਰਿਹਾਂ, ਜਾਂ ਕਰੋੜ ਵਰਿਹਾਂ,
ਇਸਤੋਂ ਵੱਧ ਜੀਵੇ, ਫਿਰ ਭੀ ਅੰਤ ਮਰਨਾ।
ਬੀਤੀ ਉਮਰ ਨੇਕੀ, ਓਨ੍ਹਾਂ ਲਈ ਤਾਂ ਹੈ
ਮਾਨੋ ਪਹੁੰਚਣਾ ਚਰਨ ਭਗਵੰਤ ਮਰਨਾ।
ਅਹੋ ਭਾਗ ਹਨ ਜੇਕਰ ਨਸੀਬ ਹੋਵੇ,
ਅੰਦਰ ਗ੍ਰਿਹਸਤ ਰਹਿਕੇ ਵਾਂਗਰ ਸੰਤ ਮਰਨਾ।
ਪਾਪਾਂ ਲਈ ਜੀਊਣਾ ਕੇਹੜੇ ਕੰਮ ਬੀਬਾ!
ਚੰਗਾ ਏਸ ਨਾਲੋਂ ਸੋਭਾਵੰਤ ਮਰਨਾ।

ਪਾਪਾਂ, ਐਸ਼, ਬਦੀਆਂ ਐਬਾਂ ਨਾਲ ਭਰਿਆ
ਨੇਕੀ ਹੀਨ ਜੀਵਨ ਓਹ ਬੀ ਜੀਊਣ ਕਾਹਦਾ ?
ਭਰਕੇ ਢਿੱਡ, ਕਰ ਪਾਪ, ਧਰ ਟੰਗ, ਸੁੱਤੇ,
ਚੰਗਾ ਕੰਮ ਨਾ ਕੋ, ਓਹ ਭੀ ਜੀਊਣ ਕਾਹਦਾ ?
ਰੋਂਦੇ ਰਹੇ ਹਰ ਹਾਲ ਨਾ ਸ਼ੁਕਰ ਕੀਤਾ,
ਚੀਕਣ ਵਿੱਚ ਬੀਤੇ ਓਹ ਭੀ ਜੀਊਣ ਕਾਹਦਾ ?
ਕੀਤੀ ਪ੍ਰਭੂ ਦੇ 'ਚਰਨ' ਸਿਉਂ ਨਾਹਿੰ ਪ੍ਰੀਤੀ,
ਆਖਰ ਪਏ ਨਰਕੀਂ ਓਹ ਬੀ ਜੀਊਣ ਕਾਹਦਾ?

ਸ੍ਰੀ ਗੁਰੂ ਗ੍ਰੰਥ ਪ੍ਰਮਾਣ:-

(੧) ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ।
ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ।
ਚੰਗਾ ਨਾਉ ਰਖਾਇਕੈ ਜਸੁ ਕੀਰਤਿ ਜਗਿ ਲੇਇ ।
ਜੇ ਤਿਸੁ ਨਦਰਿ ਨ ਆਵਈ ਤਾਂ ਵਾਤ ਨ ਪੁਛੈ ਕੇ ।

-----

# ਮਨੁਖ ਦੀਆਂ ਕਮਜ਼ੋਰੀਆਂ ਤੇ ਉਹਨਾਂ ਦਾ ਅਸਰ

## ੩੩—ਖੁਦਪਸੰਦੀ

ਆਦਮੀ ਦੇ ਸੁਭਾ ਵਿਚ ਅਦਲਾ ਬਦਲੀ ਹੈ, ਬੇਸਮਝੀ ਤੇ ਦੇ ਕੈਦਗੀ ਏਸਨੂੰ ਜਿੱਧਰ ਚਾਹੇ ਲੈ ਜਾਂਦੀ ਹੈ, ਨਿਰਾਸਤਾ ਏਸਨੂੰ ਹਰ ਪਾਸੇ ਹਰਾਨ ਕਰਦੀ ਰਹਿੰਦੀ

ਹੈ ਅਤੇ ਭੈੇ ਆਖਦਾ ਹੈ ਕਿ "ਦੇਖ ਮੈਂ ਏਥੇ ਬੇਡਰ ਹੋਕੇ ਬੈਠਾ ਹਾਂ" ਪਰ ਖੁਦਪਸੰਦੀ (ਆਪਣੇ ਆਪ ਨੂੰ ਸਭ ਤੋਂ ਚੰਗਾ ਜਾਣਨਾ) ਏਹਨਾਂ ਸਾਰੇ ਔਗੁਣਾਂ ਨਾਲੋਂ ਵਧਕੇ ਹੈ।

ਕਿਸੇ ਦੀ ਦੁਖੀ ਦਸ਼ਾ ਅਤੇ ਬਿਪਤਾ ਦੇਖਕੇ ਨਾ ਰੋ, ਸਗੋਂ ਓਸਦੀਆਂ ਮੂਰਖਤਾਂ ਤੇ ਨਲੈਕੀਆਂ ਦੇਖਕੇ ਹੱਸ। ਖੁਦਪਸੰਦ ਆਦਮੀ ਦੇ ਹੱਥ ਵਿੱਚ ਜ਼ਿੰਦਗੀ ਐਉਂ ਹੈ, ਜਿਸ ਤਰਾਂ ਸੁਪਨੇ ਦੇ ਤਮਾਸ਼ੇ। ਬਹਾਦਰ ਆਦਮੀ-ਜੋ ਆਪਣੇ ਜਾਤ-ਭਾਈਆਂ ਵਿਚ ਵੱਡਾ ਹੈ-ਕਮਜ਼ੋਰੀ ਦਾ ਬੁਲਬੁਲਾ ਹੈ, ਲੋਕਾਂ ਦੀ ਰਾਇ ਦਾ ਕੋਈ ਇਤਬਾਰ ਨਹੀਂ, ਦੁਨੀਆ ਅਕ੍ਰਿਤਘਣ ਹੈ, ਫੇਰ ਸਿਆਣਾ ਆਦਮੀ ਮੂਰਖਾਂ ਦੀ ਖਾਤਰ ਆਪਣੇ ਆਪਨੂੰ ਕਿਉਂ ਖਤਰੇ ਵਿਚ ਪਾਵੇ ?

ਜੇਹੜਾ ਆਦਮੀ ਆਪਣੀਆਂ ਵਰਤਮਾਨ ਹਾਲਤਾਂ ਤੋਂ ਬੇ ਪਰਵਾਹੀ ਕਰਦਾ ਹੈ ਅਤੇ ਬੁਰਿਆਈ ਦੀਆਂ ਵਿਉਂਤਾਂ ਸੋਚਦਾ ਰਹਿੰਦਾ ਹੈ,ਓਹ ਆਪ ਤਾਂ ਹਵਾ ਤੇ ਗੁਜ਼ਾਰਾ ਕਰਦਾ ਹੈ ਅਤੇ ਓਸਦੀ ਰੋਟੀ ਦੂਜੇ ਖਾ ਜਾਂਦੇ ਹਨ।

ਆਪਣਾ ਰਹਿਣ ਬਹਿਣ ਆਪਣੀ ਵਰਤਮਾਨ ਹੈਸੀਅਤ ਦੇ ਅਨੁਸਾਰ ਬਣਾ,ਫਿਰ ਤੈਨੂੰ ਵਡੇ ਵਡੇ ਲੋਕਾਂ ਦੇ ਸਾਹਮਣੇ ਕਦੀ ਸ਼ਰਮਿੰਦਿਆਂ ਨਹੀਂ ਹੋਣਾ ਪਵੇਗਾ। ਖੁਦਪਸੰਦੀ ਨਾਲੋਂ ਵਧਕੇ ਹੋਰ ਕੇਹੜੀ ਚੀਜ਼ ਅਜੇਹੀ ਹੈ ਜੋ ਆਦਮੀ ਦੀਆਂ ਅੱਖਾਂਉਤੇ ਪੱਟੀ ਬੰਨ੍ਹਦੀ ਹੈ ?ਜਾਂ ਏਸਦੀ ਅਸਲ ਹਾਲਤ ਨੂੰ ਏਹਦੇ ਪਾਸੋਂ ਲੁਕਾਉਂਦੀ ਹੈ ? ਜਿਸ ਵੇਲੇ ਤੂੰ ਆਪਣੇ ਵਲ ਨਹੀਂ ਵੇਖਦਾ ਓਸ ਵੇਲੇ ਦੂਜੇ ਲੋਕ ਵੱਡੀ ਚੰਗੀ ਤਰਾਂ ਤੇਰਾ ਭੇਤ ਪਾ ਲੈਂਦੇ ਹਨ।

ਲਾਲਾ ਦੇ ਫੁੱਲ ਨੂੰ ਦੇਖੋ, ਕਿਹਾ ਸੋਹਣਾ ਹੁੰਦਾ ਹੈ, ਪਰ ਨਾਂ ਓਹਦੇ ਵਿਚ ਸੁਗੰਧੀ ਹੈ ਅਤੇ ਨਾ ਓਹ ਕਿਸੇ ਹੋਰ ਕੰਮ ਆਉਂਦਾ ਹੈ। ਏਹੋ ਹਾਲਤ ਓਸ ਆਦਮੀ ਦਾ ਹੈ, ਜਿਸ ਦੇ ਅੰਦਰ ਕੋਈ ਯੋਗਤਾ ਜਾਂ ਗੁਣ ਤਾਂ ਨਹੀਂ; ਪਰ ਫੇਰ ਬੀ ਆਪਣੇ ਆਪ ਨੂੰ ਬੜਾ ਸਿਆਣਾ ਤੇ ਬੁੱਧੀਮਾਨ ਸਮਝਦਾ ਹੈ ("ਨਾਨਕ ਤੇ ਨਰ ਅਸਲ ਖਰ ਜੇ ਬਿਨ ਗੁਣ ਗਰਬ ਕਰੰਤ" ਗੁਰਵਾਕ )

ਖੁਦਪਸੰਦ ਦਾ ਦਿਲ ਸਦਾ ਬੇਚੈਨ ਰਹਿੰਦਾ ਹੈ ਭਾਵੇਂ ਉੱਤੋਂ ਉੱਤੋਂ ਓਹ ਵੰਡਾ ਖੁਸ਼ ਤੇ ਅਚਿੰਤ ਦਿਸਦਾ ਹੈ, ਪਰ ਓਸ ਦੀਆਂ ਚਿੰਤਾ ਭਰੀਆਂ ਸੋਚਾਂ ਓਸਦੀਆਂ ਖੁਸ਼ੀਆਂ ਨਾਲੋਂ ਕਿਤੇ ਵਧਕੇ ਹਨ।

ਤੂੰ ਜਦ ਤਕ ਜੀਉਂਦਾ ਹੈਂ, ਨੇਕੀ ਕਰ, ਅਤੇ ਜੋ ਕੁਝ ਲੋਕ ਆਖਣ ਓਸਦਾ ਖਿਆਲ ਨਾ ਕਰ। ਤੂੰ ਏਸੇ ਗਲ ਉੱਤੇ ਸੰਤੋਖ ਕਰ ਕਿ ਜਿੰਨੀ ਉਪਮਾ ਤੇਰਾ ਹੱਕ ਹੈ, ਓਨੀ ਤੈਨੂੰ ਮਿਲੇ ਅਤੇ ਮਗਰੋਂ ਤੇਰੀ ਉਲਾਦ ਲੋਕਾਂ ਦੇ ਮੂੰਹੋਂ ਤੇਰੀ ਉਪਮਾ ਸੁਣਕੇ ਪ੍ਰਸੰਨ ਹੋਵੇ।

ਜਿਸ ਤਰਾਂ ਤਿੱਤਰੀ ਆਪਣੇ ਸੋਹਣੇ ਰੰਗਾਂ ਵਾਲੇ ਪਰਾਂ ਨੂੰ ਨਹੀਂ ਵੇਖ ਸਕਦੀ ਅਤੇ ਜਿਸ ਤਰਾਂ ਚੰਬੇਲੀ ਨੂੰ ਆਪਣੀ ਸੁਗੰਧੀ ਦਾ ਪਤਾ ਨਹੀਂ ਅਤੇ ਓਹਨਾਂ ਦੇ ਗੁਣ ਕੇਵਲ ਦੂਜਿਆਂ ਨੂੰ ਹੀ ਮਲੂਮ ਹਨ; ਠੀਕ ਏਸੇ ਤਰਾਂ ਓਹ ਆਦਮੀ ਹੈ, ਜੋ ਬਜ਼ਾਰ ਵਿਚ ਆਕੜਕੇ ਤੁਰਦਾ ਅਤੇ ਦੂਜੇ ਲੋਕਾਂ ਦਾ ਧਿਆਨ ਆਪਣੀ ਵਲ ਖਿਚਦਾ ਹੈ। ਓਹ ਕਹਿੰਦਾ ਹੈ ਕਿ ਜ਼ਰੀ ਵਾਲਾ ਮਖਮਲ ਦਾ ਕੋਟ ਪਾਉਣ ਦਾ

ਕੀ ਲਾਭ ਹੈ ਜੇਕਰ ਲੋਕ ਦੇਖਕੇ ਓਸਦੀ ਤਾਰੀਫ਼ ਨਾ ਕਰਨ ? ਚੰਗੇ ਖਾਣੇ ਖਾਣ ਦਾ ਕੀ ਫੈਦਾ ਜੇਕਰ ਦੁਨੀਆਂ ਓਹਨਾਂ ਨੂੰ ਵੇਖਕੇ ਵਾਹ ਵਾਹ ਨਾ ਕਰੇ ? ਤੂੰ ਏਸ ਫੋਕੀ ਉਪਮਾ ਨੂੰ ਲੱਤ ਮਾਰ। ਤੂੰ ਨੰਗੇ ਦਾ ਸਰੀਰ ਢੱਕ ਅਤੇ ਭੁੱਖੇ ਦਾ ਢਿੱਡ ਭਰ, ਫੇਰ ਤੇਰੀ ਉਪਮਾ ਹੋਵੇਗੀ ਜੋ ਕਿ ਤੇਰਾ ਹੱਕ ਹੈ।

ਤੂੰ ਹਰੇਕ ਆਦਮੀ ਦੀ ਅਕਾਰਨ ਕਿਓਂ ਉਪਮਾ ਕਰਦਾ ਹੈਂ ? ਜਦ ਓਹ ਏਸੇ ਤਰਾਂ ਤੇਰੀ ਉਪਮਾ ਕਰਦਾ ਹੈ ਤਾਂ ਤੂੰ ਰਤਾ ਵੀ ਪ੍ਰਵਾਹ ਨਹੀਂ ਕਰਦਾ। ਝੂਠੀ ਕੁਸ਼ਾਮਤ ਕਰਨ ਵਾਲਾ ਝੋਲੀਚੁੱਕ ਜਾਣਦਾ ਹੈ ਕਿ ਓਹ ਤੇਰੇ ਅਗੇ ਝੂਠ ਬਕ ਰਿਹਾ ਹੈ, ਪਰ ਫੇਰ ਵੀ ਓਸਨੂੰ ਭਰੋਸਾ ਹੈ ਕਿ ਏਸ ਉਪਮਾ ਤੇ ਕੁਸ਼ਾਮਤ ਦੇ ਬਦਲੇ ਤੂੰ ਓਸਦਾ ਧੰਨਵਾਦ ਕਰੇਂਗਾ। ਸੱਚ ਬੋਲ, ਫੇਰ ਤੂੰ ਸਿਆਣਪ ਦੀਆਂ ਗਲਾਂ ਸੁਣੇ ਗਾ। ਖੁਦਪਸੰਦ ਆਦਮੀ ਆਪਣੀ ਉਪਮਾ ਦੀਆਂ ਗੱਲਾਂ ਹੀ ਕਰ ਸੁਣਕੇ ਪ੍ਰਸੰਨ ਹੁੰਦਾ ਹੈ, ਪਰ ਓਹ ਨਹੀਂ ਜਾਣਦਾ ਕਿ ਲੋਕ ਏਸਨੂੰ ਪਸੰਦ ਨਹੀਂ ਕਰਦੇ। ਜੇਕਰ ਓਸਨੇ ਕੋਈ ਉਪਮਾ ਯੋਗ ਕੰਮ ਕੀਤਾ ਹੋਵੇ ਜਾਂ ਓਹਦੇ ਅੰਦਰ ਕੋਈ ਗੁਣ ਹੋਵੇ ਤਾਂ ਓਹ ਵੱਡੇ ਚਾਉ ਨਾਲ ਓਸਦਾ ਢੰਢੋਰਾ ਫੇਰਦਾ ਫਿਰਦਾ ਹੈ ਅਤੇ ਜਦ ਕੋਈ ਓਸਦੇ ਕੰਮ ਦਾ ਜ਼ਿਕਰ ਕਰਦਾ ਹੈ ਤਾਂ ਓਹ ਖੁਸ਼ੀ ਨਾਲ ਫੁੱਲਕੇ ਕੁੱਪਾ ਹੋ ਜਾਂਦਾ ਹੈ। ਅਜੇਹੇ ਖੁਦਪਸੰਦ ਆਦਮੀ ਦੀ ਮਨੋ ਕਾਮਨਾ ਮਰ ਜਾਂਦੀ ਹੈ, ਕੋਈ ਆਦਮੀ ਓਸਦੀ ਉਪਮਾ ਕਰਕੇ ਇਹ ਨਹੀਂ ਆਖਦਾ ਕਿ ਫਲਾਣਾ ਕੰਮ ਏਸ ਨੇ ਕੀਤਾ ਹੈ, ਜਾਂ

ਏਹਦੇ ਵਿਚ ਏਹ ਗੁਣ ਹ, ਸਗੋਂ ਸਾਰੇ ਇਹ ਕਹਿੰਦੇ ਹਨ ਕਿ ਦੇਖੋ ਓਹ ਕੇਹਾ ਹੰਕਾਰੀ ਤੇ ਗੱਪੀ ਆਦਮੀ ਹੈ।

ਮਨੁੱਖ ਦਾ ਦਿਲ ਇਕ ਦਮ ਬਹੁਤ ਸਾਰੀਆਂ ਗੱਲਾਂ ਵਲ ਧਿਆਨ ਨਹੀਂ ਕਰ ਸਕਦਾ। ਜੇਹੜਾ ਆਦਮੀ ਆਪਣੇ ਆਪ ਨੂੰ ਵਡਿਆਉਂਦਾ ਹੈ, ਓਹ ਅਸਲ ਉਪਮਾ ਤੋਂ ਵਾਂਜਿਆ ਰਹਿ ਜਾਂਦਾ ਹੈ, ਓਹ ਵਾ ਵਰੋਲੇ ਦੇ ਮਗਰ ਭੱਜਦਾ ਹੈ, ਪਰ ਓਸਨੂੰ ਫੜ ਨਹੀਂ ਸਕਦਾ। ਜਿਨ੍ਹਾਂ ਗੱਲਾਂ ਨਾਲ ਓਸਨੂੰ ਵਡਿਆਈ ਮਿਲ ਸਕਦੀ ਹੈ, ਓਹਨਾਂ ਨੂੰ ਓਹ ਪੈਰਾਂ ਤੱਲੇ ਮਲਕੇ ਸਗੋਂ ਉਲਟੀ ਬਦਨਾਮੀ ਖੱਟ ਲੈਂਦਾ ਹੈ।

ਬੈਂਤ:-

ਹਟੋ! ਦਿਓ ਲੰਘਣ ਖੁਦ ਪਸੰਦ ਤਾਈਂ!
ਵਰਨਾ ਮਾਰ ਧੱਕਾ ਦਿਲ ਦੁਖਾਵਸੇਗਾ।
ਓਹ ਹੈ ਆਪਣੇ ਆਪ ਵਿਚ ਰੱਬ ਬਣਿਆ,
ਘ੍ਰਿਣਾ ਨਾਲ ਤੈਂ ਰਿਦਾ ਕਲਪਾਵਸੇਗਾ।
ਖੜਾ ਹੋਇਆ ਤਾਂ ਕੋਈ ਨਾ ਗੱਲ ਕਰਸੀ,
ਉਪਮਾ ਆਪਣੀ ਦੇ ਗੀਤ ਗਾਵਸੇਗਾ।
ਕਦੇ ਕੋਟ, ਪਤਲੂਣ ਤੇ ਬੂਟ ਅਪਨੇ,
ਆਕੜ ਆਕੜ ਕੇ ਤੈਨੂੰ ਦਿਖਾਵਸੇਗਾ।
ਐਸੇ ਮੂੜ੍ਹ ਦੀ ਸ਼ਕਲ ਤੇ ਅਕਲ ਤਾਈਂ,
ਦੇਖ ਦੇਖਕੇ ਲੋਕ ਸਭ ਹੱਸਦੇ ਨੇ।
"ਵੇਖੋ! ਔਹ ਤੁਰਿਆ ਖੁਦਪਸੰਦ ਜਾਂਦਾ"
ਸੈਨਤ ਨਾਲ ਇਕ ਦੂਜੇ ਨੂੰ ਦੱਸਦੇ ਨੇ।

ਨੇਕੀ, ਪਿਆਰ, ਮਿੱਠਤ, ਦਰਦ, ਉਪਕਾਰ ਨਾਹੀਂ,
ਖੁਦਪਸੰਦ ਦੇ ਰਿਦੇ ਵਿਚ ਵੱਸਦੇ ਨੇ।
ਸਿਰ ਤੋਂ "ਚਰਨ" ਤਕ ਰੱਤੇ ਹੰਕਾਰ ਉਸਨੂੰ,
ਦੂਤ ਧਰਮ ਦੇ ਅੰਤ ਆ ਗੁੱਸਦੇ ਨੇ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:-

(੧) ਬਿਖਿਆ ਸਕਤ ਰਹਿਓ ਨਿਸਬਾਸੁਰ
ਕੀਨੋ ਅਪਨੋ ਭਾਇਓ ॥

(੨) ਹੰਕਾਰੀਆਂ ਨਿੰਦਕਾਂ ਪਿਠ ਦੇਇ
ਨਾਮ ਦੇਉ ਮੁਖ ਲਾਇਓ ॥

----

## ੩੪—ਦ੍ਰਿੜ੍ਹਤਾ ਦੀ ਅਣਹੋਂਦ

ਆਦਮੀ ਦੇ ਅੰਦਰ ਦ੍ਰਿੜ੍ਹਤਾ ਦਾ ਨਾ ਹੋਣਾ ਇਕ ਵੱਡੀ ਭਾਰੀ ਕਮਜ਼ੋਰੀ ਹੈ। ਅਜਿਹਾ ਆਦਮੀ ਪਲ ਵਿਚ ਰੋਂਦਾ ਤੇ ਪਲ ਵਿਚ ਹੱਸਦਾ ਹੈ। ਹੁਣੇ ਹੀ ਨਿਰਾਸਤਾ ਓਸਦੇ ਚੇਹਰੇ ਨੂੰ ਪੀਲਾ ਭੂਕ ਕਰ ਦੇਂਦੀ ਹੈ, ਪਰ ਫੇਰ ਓਸੇ ਵੇਲੇ ਆਸ ਓਸਦੇ ਚੇਹਰ ਨੂੰ ਖਿੜਾ ਦੇਂਦੀ ਹੈ। ਓਸਦੀ ਖੁਸ਼ੀ ਰੇਤਥਲੇ ਦੇ ਮਹਿਲ ਵਾਕੁਰ ਹੈ, ਜੋ ਹਨੇਰੀ ਦੇ ਪਹਿਲੇ ਹੀ ਧੱਕੇ ਨਾਲ ਡਿੱਗ ਪੈਂਦਾ ਹੈ। ਏਹ ਗੱਲ ਕੁਦਰਤੀ ਹੈ, ਏਹਦੇ ਵਿਚ ਅਸਚਰਜ ਹੀ ਕੀ ਹੈ?

ਪਰ ਔਹ ਦੇਖੋ! ਔਹ ਕੌਣ ਹੈ? ਜਿਸਦੀ ਚਾਲ ਵਿਚ ਗੰਭੀਰਤਾ ਹੈ, ਜਿਸਦਾ ਪੈਰ ਤਾਂ ਧਰਤੀ ਉੱਤੇ ਹੈ, ਪਰ ਸਿਰ ਅਕਾਸ਼ ਤੋਂ ਬੀ ਉਤਾਹਾਂ ਹੈ। ਓਸਦੇ ਮੱਥੇ ਉੱਤੇ ਤੇਜ, ਚੇਹਰੇ ਉੱਤੇ ਗੰਭੀਰਤਾ ਅਤੇ ਦਿਲ ਵਿਚ ਸ਼ਾਂਤੀ ਤੇ

ਅਚਿੰਤਤਾ ਹੈ। ਭਾਵੇਂ ਏਸਦੇ ਰਸਤੇ ਵਿਚ ਕਠਨਾਈਆਂ ਦੀਆਂ ਰੁਕਾਵਟਾਂ ਹਨ, ਪਰ ਓਹ ਓਹਨਾਂ ਦੀ ਪਰਵਾਹ ਨਹੀਂ ਕਰਦਾ, ਭਾਵੇਂ ਧਰਤੀ ਤੇ ਅਸਮਾਨ ਓਸਦੇ ਰਸਤੇ ਵਿਚ ਕਈ ਠੋਕਰਾਂ ਖੜੀਆਂ ਕਰ ਦੇਣ, ਪਰ ਓਹ ਓਹਨਾਂ ਨੂੰ ਆਪਣੇ ਪੈਰ ਦੇ ਇਕ ਧੱਕੇ ਨਾਲ ਪਰੇ ਕਰ ਦੇਂਦਾ ਹੈ, ਡਰਾਉਣੇ ਪਹਾੜ ਓਸਦੇ ਚਰਨਾਂ ਨੂੰ ਚੁੰਮਦੇ ਹਨ ਅਤੇ ਸਮੁੰਦਰ ਓਸ ਦੀਆਂ ਤਲੀਆਂ ਝੱਸਦਾ ਹੈ, ਸ਼ੇਰ ਓਸਦੇ ਰਾਹ ਵਿਚ ਅਟਕ ਨਹੀਂ ਸਕਦਾ। ਓਹ ਵੱਡੇ ਵੱਡੇ ਲਸ਼ਕਰਾਂ ਦੇ ਵਿੱਚੋਂ ਬੇਖੌਫ਼ ਲੰਘ ਜਾਂਦਾ ਹੈ ਅਤੇ ਆਪਣੇ ਹੱਥ ਨਾਲ਼ ਮੌਤ ਦੇ ਭੈ ਨੂੰ ਦੂਰ ਸੁੱਟ ਦੇਂਦਾ ਹੈ।

ਸਖਤ ਤੂਫ਼ਾਨ ਓਸਦੇ ਪੈਰਾਂ ਨੂੰ ਨਹੀਂ ਉਖੇੜ ਸਕਦਾ, ਬੱਦਲਾਂ ਦਾ ਗੱਜਣਾ ਓਸਦੇ ਦਿਲ ਉੱਤੇ ਡਰ ਨਹੀਂ ਬਿਠਾ ਸਕਦਾ, ਬਿਜਲੀ ਦੀ ਕੜਕ ਓਸਦੀਆਂ ਅੱਖੀਆਂ ਨੂੰ ਚੁੰਧਿਆਉਨ ਦੀ ਥਾਂ ਸਗੋਂ ਓਸਦੇ ਚੇਹਰੇ ਨੂੰ ਉੱਜਲ ਕਰਦੀ ਹੈ। ਏਸਦਾ ਨਾਓਂ 'ਦ੍ਰਿੜ੍ਹਤਾ' ਹੈ। ਓਹ ਦੁਨੀਆ ਦੇ ਸਿਰ ਉਤੇ ਰਹਿੰਦਾ ਹੈ,ਸੁਖ,ਸ਼ਾਂਤੀ ਤੇ ਸਫਲਤਾ ਦਾ ਘਰ ਓਸ ਨੂੰ ਬਹੁਤ ਦੂਰ ਤੋਂ ਦਿਸ ਪੈਂਦਾ ਹੈ, ਓਸਦੀ ਅੱਖ ਓਸਦੇ ਘਰ ਨੂੰ ਦੁਨੀਆ ਦੇ ਪਾਰਲੇ ਸਿਰੇ ਤੇ ਬੀ ਵੇਖ ਲੈਂਦੀ ਹੈ, ਓਹ ਓਸਦੇ ਪਾਸ ਜਾਂਦਾ ਹੈ ਅਤੇ ਬੜੇ ਹੌਸਲੇ ਨਾਲ ਓਸ ਦੀ ਢਿਓਢੀ ਦੇ ਅੰਦਰ ਵੜ ਜਾਂਦਾ ਹੈ ਅਤੇ ਆਪਣਾ ਟਕਾਣਾ ਸਦਾ ਲਈ ਓਥੇ ਬਣਾ ਲੈਂਦਾ ਹੈ।

ਹੇ ਮਨੁੱਖ ! ਤੂੰ ਆਪਣਾ ਦਿਲ ਦਿੜ੍ਹਤਾ ਨਾਲ ਸੱਚ ਅਤੇ ਨੇਕ ਕੰਮਾਂ ਵਲ ਲਾ, ਫਰ ਦੁਨੀਆ ਦੀ ਵੱਡੀ ਤੋਂ

ਵੱਡੀ ਵਡਿਆਈ ਵੀ ਤੇਰੇ ਦਿਲ ਉਤੇ ਕੋਈ ਅਸਰ ਨਹੀਂ ਪਾ ਸਕੇਗੀ।

ਬੈਂਤ:-

ਦ੍ਰਿੜ੍ਹਤਾ ਨਾਲ ਕਾਰਜ ਸਾਰੇ ਰਾਸ ਹੁੰਦੇ,
ਦ੍ਰਿੜ੍ਹਤਾ ਨਾਲ ਦੁਖੜੇ ਸਾਰੇ ਦੂਰ ਹੁੰਦੇ।
ਜਿਨ੍ਹਾਂ ਦਿਲਾਂ ਅੰਦਰ ਹੈ ਅਣਹੋਂਦ ਇਸਦੀ,
ਗਮਾਂ ਨਾਲ ਓਹ ਸਦਾ ਭਰਪੂਰ ਹੁੰਦੇ।
ਚਿੰਤਾਂ, ਗਮਾਂ, ਫ਼ਿਕਰਾਂ, ਦੁੱਖਾਂ ਹੇਠ ਦੱਬਕੇ,
ਖਾਂਦੇ ਮਾਰ ਹਰਦਮ ਚਕਨਾਚੂਰ ਹੁੰਦੇ।
'ਹੁਣ ਕੀ ਹੋਇਗਾ''ਹਾਇ!''ਏਹ ਦੁਖਡਾਢਾ'
ਏਹ ਕੁਝ ਆਖਿਆਂ ਦੁੱਖ ਨ ਦੂਰ ਹੁੰਦੇ।
ਦ੍ਰਿੜ੍ਹਤਾ ਨਾਲ ਕਰ ਟਾਕਰਾ ਸੰਕਟਾਂ ਦਾ,
ਫੌਰਨ ਨੱਸ ਜਾਸਣ, ਪਾਸਣ ਜ਼ੋਰ ਨਾਹੀਂ।
ਦੁਖ ਤਾਂ ਆਣ ਸਭ ਨੂੰ, ਐਪਰ ਦੁਖੀ ਵੱਡਾ
ਦ੍ਰਿੜ੍ਹਤਾ ਹੀਣ ਨਾਲੋਂ ਕੋਈ ਹੋਰ ਨਾਹੀਂ।
ਪ੍ਰਭੂ ਪ੍ਰਾਪਤੀ ਮਾਲ, ਧਨ ਅਤੇ ਇੱਜ਼ਤ,
ਜੇਕਰ ਚਾਹੇਂ, ਦ੍ਰਿੜ੍ਹਤਾ ਕਦੇ ਛੋੜ ਨਾਹੀਂ।
ਦੁਖ ਨੂੰ ਦੇਖ,ਦ੍ਰਿੜ੍ਹਤਾ ਛੋੜ'ਵਰਨ'ਡਿੱਗਣ,
ਦੂਰ ਓਹਨਾਂ ਦੀ ਮੌਤ ਅਰ ਗੋਰ ਨਾਹੀਂ।

---

## ੩੫–ਕਮਜ਼ੋਰੀ

ਹੇ ਆਦਮੀ ! ਤੂੰ ਜੋ ਪਲ ਪਲ ਵਿੱਚ ਬਦਲਨ ਵਾਲਾ ਅਤੇ ਖੁਦਪਸੰਦ ਹੈਂ, ਇਖ਼ਲਾਕੀ ਕਮਜ਼ੋਰੀ ਪਾਸੋਂ

ਕਿਸਤਰਾਂ ਬਚ ਸਕਦਾ ਹੈਂ ? ਕੀ ਪਲ ਪਲ ਵਿੱਚ ਬਦਲਨਾ ਤੇਰੀ ਕਮਜ਼ੋਰੀ ਦੀ ਨਿਸ਼ਾਨੀ ਨਹੀਂ ਹੈ ? ਕੀ ਤੇਰੀ ਖ਼ੁਦੀ ਕਮਜ਼ੋਰੀ ਦਾ ਚਿੰਨ੍ਹ ਨਹੀਂ ਹੈ ? ਤੂੰ ਇਕ ਔਗੁਣ ਪਾਸੋਂ ਬਚ, ਦੂਜੇ ਪਾਸੋਂ ਆਪ ਹੀ ਬਚ ਜਾਵੇਂਗਾ।

ਤੂੰ ਕਿਸ ਗੱਲ ਵਿੱਚ ਸਭ ਤੋਂ ਵਧੀਕ ਕਮਜ਼ੋਰ ਹੈ ? ਜਿਸ ਵਿੱਚ ਤੂੰ ਆਪਣੇ ਆਪ ਨੂੰ ਬਹੁਤ ਦ੍ਰਿੜ੍ਹ ਸਮਝਦਾ ਹੈਂ ਅਤੇ ਜਿਦ੍ਹੇ ਉਤੇ ਤੂੰ ਸਾਰਿਆਂ ਨਾਲੋਂ ਵਧੀਕ ਮਾਨ ਕਰਦਾ ਹੈਂ, ਜੇਹੜੀਆਂ ਚੀਜ਼ਾਂ ਤੇਰੇ ਹੱਥ ਵਿੱਚ ਹਨ, ਓਹਨਾਂ ਦੇ ਕਾਰਨ ਵੀ ਤੂੰ ਕਮਜ਼ੋਰ ਹੈਂ।

ਕੀ ਤੇਰੀਆਂ ਖ਼ਾਹਸ਼ਾਂ ਕਮਜ਼ੋਰ ਨਹੀਂ ਹਨ ? ਕੀ ਤੂੰ ਜਾਣਦਾ ਹੈਂ ਕਿ ਤੇਰੀ ਅਸਲ ਕਾਮਨਾ ਕੀ ਹੈ ? ਜਿਸ ਚੀਜ਼, ਦੀ ਭਾਲ ਵਿਚ ਤੂੰ ਐਨੇ ਚਿਰ ਤੋਂ ਸਿਰ ਮਾਰ ਰਿਹਾ ਸੈਂ ਜਦ ਓਹ ਤੈਨੂੰ ਮਿਲ ਜਾਵੇ ਤਦ ਵੀ ਤਾਂ ਤੇਰੀ ਮਨੋ ਕਾਮਨਾ ਪੂਰੀ ਨਹੀਂ ਹੁੰਦੀ।

ਜੇਹੜੀ ਚੀਜ਼ ਤੇਰੇ ਪਾਸ ਹੈ ਤੂੰ ਉਸਦਾ ਸੁਆਦ ਕਿਉਂ ਗੁਆਉਂਦਾ ਹੈਂ ? ਅਤੇ ਜੇਹੜੀ ਤੇਰੇ ਪਾਸ ਨਹੀਂ ਹੈ, ਓਹ ਤੈਨੂੰ ਕਿਓਂ ਐਨੀ ਚੰਗੀ ਲਗਦੀ ਤੇ ਭਾਉਂਦੀ ਹੈ? ਏਸਦਾ ਕਾਰਨ ਇਹ ਹੈ ਕਿ ਪਾਸ ਵਾਲੀ ਚੀਜ਼ ਦੇ ਆਨੰਦ ਤੋਂ ਤੇਰਾ ਦਿਲ ਅੱਕ ਗਿਆ ਹੈ ਅਤੇ ਆਉਣ ਵਾਲੀ ਚੀਜ਼ ਦੀ ਕੁੜੱਤਣ ਦਾ ਤੈਨੂੰ ਪਤਾ ਨਹੀਂ। ਏਸ ਗਲ ਨੂੰ ਯਾਦ ਰਖ ਕਿ ਸੰਤੋਖ ਕਰਨਾ ਹੀ ਖੁਸ਼ੀ ਰਹਿਣਾ ਹੈ। ਜਿਸ ਚੀਜ਼ ਨੂੰ ਤੇਰਾ ਜੀ ਕਰਦਾ ਹੈ, ਜੇਕਰ ਵਾਹਿਗੁਰੂ ਉਸਦੇ ਢੇਰ ਵੀ ਤੇਰੇ ਸਾਮ੍ਹਣੇ ਲਾ ਦੇਵੇ ਤਾਂ ਕੀ ਤੇਰਾ ਦਿਲ ਰੱਜ ਜਾਵੇਗਾ ? ਫੇਰ

ਕੀ ਤੂੰ ਖੁਸ਼ ਹੋ ਜਾਵੇਂਗਾ? ਅਤੇ ਕੀ ਓਹ ਖੁਸ਼ੀ ਸਦਾ ਵਾਸਤੇ ਤੇਰੇ ਪਾਸ ਰਹੇਗੀ ? ਸ਼ੋਕ ! ਕਦੇ ਨਹੀਂ ("ਬਿਨਾ ਸੰਤੋਖ ਨਹੀ ਕੋਊ ਰਾਜੈ" ਗੁਰਵਾਕ) ਤੇਰੀ ਕਮਜ਼ੋਰੀ ਏਸਦੇ ਵਿਰੁੱਧ ਹੈ। ਕਿਉਂਕਿ ਜਿਸ ਚੀਜ਼ ਤੋਂ ਅਮੁੱਕ ਖੁਸ਼ੀ ਮਿਲਨੀ ਹੋਵੇ ਓਹ ਆਪ ਵੀ ਅਨਾਸ ਹੋਣੀ ਚਾਹੀਦੀ ਹੈ। ਜਦੋਂ ਓਹ ਚੀਜ਼ ਤੇਰੇ ਪਾਸੋਂ ਜਾਂਦੀ ਰਹਿੰਦੀ ਹੈ ਤਾਂ ਤੂੰ ਪਛਤਾਉਂਦਾ ਹੈਂ, ਭਾਵੇਂ ਜਿਸ ਵੇਲੇ ਓਹ ਤੇਰੇ ਪਾਸ ਸੀ ਓਸ ਵੇਲੇ ਤੈਨੂੰ ਓਸਦੀ ਰਤਾ ਵੀ ਪ੍ਰਵਾਹ ਨਹੀਂ ਸੀ, ਜੇਹੜੀ ਚੀਜ਼ ਉਸਦੀ ਥਾਂ ਮਿਲਦੀ ਹੈ,ਓਸਤੋਂ ਵੀ ਤੈਨੂੰ ਖੁਸ਼ੀ ਨਹੀਂ ਹੁੰਦੀ, ਫੇਰ ਵੀ ਤੂੰ ਆਪਣੇ ਆਪ ਨੂੰ ਹੀ ਮੰਦਾ ਚੰਗਾ ਆਖਦਾ ਹੈਂ।

ਕੀ ਤੇਰੀ ਕਮਜ਼ੋਰੀ ਤੇਰੇ ਲੋਭ ਨਾਲੋਂ ਵਧ ਕਿਸੇ ਹੋਰ ਗਲ ਵਿਚ ਪ੍ਰਗਟ ਹੁੰਦੀ ਹੈ ? ਜਦ ਕਿਸੇ ਚੰਗੀ ਚੀਜ਼ ਦਾ ਆਨੰਦ ਮਿਲ ਜਾਂਦਾ ਹੈ ਤਾਂ ਓਹ ਭੈੜੀ ਤੇ ਨਿਕੰਮੀ ਹੋ ਜਾਂਦੀ ਹੈ। ਕੁਦਰਤ ਨੇ ਜਿਨ੍ਹਾਂ ਚੀਜ਼ਾਂ ਨੂੰ ਨਿਰੋਲ ਮਿੱਠੀਆਂ ਬਣਾਇਆ ਹੈ, ਓਹ ਸਾਨੂੰ ਕੌੜੀਆਂ ਲਗਦੀਆਂ ਹਨ। ਜਿਹਾਕਿ 'ਸੱਚ' ਅਸਲ ਵਿਚਬਹੁਤ ਮਿੱਠਾ ਹੈ, ਪਰ ਸਾਨੂੰ ਮਿਰਚਾਂ ਵਤ ਲਗਦਾ ਹੈ।

ਜੇਕਰ ਤੂੰ ਹਰੇਕ ਚੀਜ਼ ਪਾਸੋਂ ਯੋਗ ਆਨੰਦ ਲਵੇਂ ਤਾਂ ਓਹ ਸਦਾ ਹੀ ਤੇਰੇ ਵਾਸਤੇ ਆਨੰਦ ਦਾਇਕ ਰਹਿਣਗੀਆਂ। ਤੇਰੀ ਖੁਸ਼ੀ ਦਾ ਸੋਮਾ ਅਕਲ ਵਿਚ ਹੋਣਾ ਚਾਹੀਦਾ ਹੈ।

ਪ੍ਰੇਮ ਦੀਆਂ ਖੁਸ਼ੀਆਂ ਦਾ ਆਰੰਭ ਠੰਢੇ ਹਾਹੁਕਿਆਂ ਤੋਂ ਹੁੰਦਾ ਹੈ ਅਤੇ ਅੰਤ ਚਿੰਤਾ ਤੇ ਨਿਰਾਸਤਾ ਵਿਚ ਹੁੰਦਾ ਹੈ।

ਜਿਸ ਚੀਜ਼ ਦੇ ਪ੍ਰਾਪਤ ਕਰਨ ਲਈ ਤੇਰਾ ਦਿਲ ਐਨਾ ਚਾਹਵਾਨ ਸੀ ਜਦੋਂ ਓਹ ਤੇਰੇ ਪਾਸ ਆ ਜਾਂਦੀ ਹੈ ਤਾਂ ਤੇਰਾ ਦਿਲ ਭਰ ਜਾਂਦਾ ਹੈ ਅਤੇ ਜੋਸ਼ ਠੰਢਾ ਪੈ ਜਾਂਦਾ ਹੈ।

ਵੱਡੇ ਦਾਤੇ ਨੇ ਤੈਨੂੰ ਕੋਈਚੀਜ਼ ਅਜੇਹੀ ਨਹੀਂ ਦਿੱਤੀ, ਜਿਸ ਵਿਚ ਹਾਨ ਤੇ ਲਾਭ, ਅਤੇ ਬੁਰਿਆਈ ਤੇ ਭਲਿਆਈ ਰਲੇ ਮਿਲੇ ਨਾ ਹੋਣ। ਪਰ ਓਸਨੇ ਤੈਨੂੰ ਇਹ ਅਕਲ ਵੀ ਦਿੱਤੀ ਹੈ ਕਿ ਤੂੰ ਬੁਰਿਆਈ ਨਾਲੋਂ ਭਲਿਆਈ ਅਤੇ ਮੰਦੇ ਨਾਲੋਂ ਚੰਗਾ ਵੇਖ ਕਰ ਲਵੇਂ।

ਜਿਸਤਰਾਂ ਕੋਈ ਖੁਸ਼ੀ ਰੰਜ ਤੋਂ ਖਾਲੀ ਨਹੀਂ ਹੈ, ਏਸੇਤਰਾਂ ਰੰਜ ਦੇ ਨਾਲ ਵੀ ਖੁਸ਼ੀ ਦਾ ਹਿੱਸਾ ਰਲਿਆ ਹੋਇਆ ਹੈ। ਖੁਸ਼ੀ ਅਤੇ ਰੰਜ ਭਾਵੇਂ ਇਕ ਦੂਜੇ ਦੇ ਵਿਰੋਧੀ ਹਨ,ਪਰ ਫੇਰ ਵੀ ਇਕ ਦੂਜੇ ਦੇ ਨਾਲ ਰਲੇ ਮਿਲੇ ਹੋਏ ਹਨ, ਏਹਨਾਂ ਵਿੱਚੋਂ ਜਿਸ ਚੀਜ਼ ਨੂੰ ਅਸੀ ਚੁਣ ਲੈਂਦੇ ਹਾਂ, ਓਹੋ ਸਾਨੂੰ ਮਿਲ ਜਾਂਦੀ ਹੈ।

ਰੰਜ ਤੋਂ ਵੀ ਕਈ ਵਾਰੀ ਖੁਸ਼ੀ ਮਿਲ ਜਾਂਦੀ ਹੈ ਅਤੇ ਖੁਸ਼ੀ ਦਾ ਅੰਤ ਤਾਂ ਸਦਾ ਰੰਜ ਦੇ ਅਥਰੂ ਹੁੰਦੇ ਹਨ, ਮੂਰਖ ਦੇ ਹੱਥ ਵਿਚ ਚੰਗੀ ਚੀਜ਼ ਜਾਕੇ ਵੀ ਹਾਨੀ ਪੁਚਾਉਂਦੀ ਹੈ ਅਤੇ ਸਿਆਣੇ ਨੂੰ ਜੇ ਮਾੜੀ ਚੀਜ਼ ਵੀ ਲੱਭ ਪਵੇ ਤਾਂ ਓਹ ਓਸ ਤੋਂ ਵੀ ਲਾਭ ਲੈਂ ਲੈਂਦਾ ਹੈ।

ਤੇਰੀ ਬਨਾਵਟ ਵਿਚ ਕਮਜ਼ੋਰੀ ਦਾ ਹਿੱਸਾ ਇਸ ਪ੍ਰਕਾਰ ਮਿਲਿਆ ਹੋਇਆ ਹੈ ਕਿ ਤੂੰ ਨਾ ਬਿਲਕੁਲ ਨੇਕ ਹੀ ਬਣ ਸਕਦਾ ਹੈਂ ਅਤੇ ਨਾ ਹੀ ਬਿਲਕੁਲ ਪਾਪੀ। ਪਰ ਤੂੰ ਇਸ ਗਲ ਉਤੇ ਪ੍ਰਸੰਨ ਹੋਣ ਦਾ ਯਤਨ ਕਰ ਕਿ ਤੂੰ ਪਾਪੀ

ਵਿਚ ਬਹੁਤ ਵਧਿਆ ਹੋਇਆ ਨਹੀਂ ਹੈਂ।

ਨੇਕੀਆਂ ਦੇ ਵੀ ਕਈ ਦਰਜੇ ਹਨ, ਤੂੰ ਅਸੰਭਵ ਗੁਣਾਂ ਦੇ ਪ੍ਰਾਪਤ ਕਰਨ ਦਾ ਯਤਨ ਨਾ ਕਰ ਅਤੇ ਓਹਨਾਂ ਸਾਰਿਆਂ ਦੇ ਹੱਥ ਆ ਜਾਣ ਦਾ ਸ਼ੋਕ ਨਾ ਕਰ। ਕੀ ਤੂੰ ਇਕ ਦਮ ਧਨਵਾਨਾਂ ਵਰਗਾ ਦਾਨ ਅਤੇ ਨਿਰਧਨਾਂ ਵਰਗਾ ਸੰਤੋਖ ਪ੍ਰਾਪਤ ਕਰਨਾ ਚਾਹੁੰਦਾ ਹੈਂ? ਕੀ ਤੂੰ ਆਪਣੀ ਪਤਿੱਬ੍ਰਤਾ ਇਸਤ੍ਰੀ ਨੂੰ ਏਸ ਲਈ ਘ੍ਰਿਣਾ ਕਰਦਾ ਹੈਂ ਕਿ ਓਹ ਆਪਣੇ ਆਪ ਨੂੰ ਵਿਧਵਾ ਇਸਤ੍ਰੀ ਸਤਵੰਤੀ ਤੇ ਧਰਮਣ ਪ੍ਰਗਟ ਨਹੀਂ ਕਰਦੀ?

ਜੇ ਤੇਰਾ ਪਿਤਾ ਤੇਰੇ ਸਾਮਣੇ ਦੇਸ ਦੇ ਝਗੜਿਆਂ ਵਿਚ ਪੈਕੇ ਕਿਸੇ ਸੰਕਟ ਵਿਚ ਫਸ ਜਾਵੇ ਤਾਂ ਕੀ ਤੇਰਾ ਨਿਆਓਂ ਅਤੇ ਸਪੁਤ੍ਰਾਂ ਵਾਲਾ ਫ਼ਰਜ਼ ਓਸਦੀ ਸਹਾਇਤਾ ਨਹੀਂ ਕਰੇਗਾ?

ਜੇ ਤੂੰ ਆਪਣੇ ਭਰਾ ਨੂੰ ਘੁਲ ਘੁਲ ਕੇ ਮਰਦਾ ਵੇਖੇਂ ਤਾਂ ਕੀ ਤੇਰਾ ਭ੍ਰਾਤਰੀ-ਪ੍ਰੇਮ ਓਸਨੂੰ ਓਸਦੇ ਦੇ ਦੁਖ ਵਿੱਚੋਂ ਛੁਡੌਣ ਦਾ ਯਤਨ ਨਾ ਕਰੇਗਾ?

ਸੱਚ ਇੱਕ ਹੈ, ਪਰ ਸ਼ੰਕੇ ਤੇਰੇ ਦਿਲ ਦੇ ਹਨ। ਜਿਸਨੇ ਨੇਕੀਆਂ ਬਣਾਈਆਂ ਹਨ, ਓਸਨੇ ਤੇਰੇ ਦਿਲ ਵਿਚ ਓਹਨਾਂ ਦੇ ਗੁਣਾਂ ਦਾ ਗਿਆਨ ਵੀ ਰੱਖਜਾ ਹੈ। ਤੂੰ ਆਤਮਾ ਦੀ ਅਵਾਜ਼ ਸੁਣ ਤੇਰਾ ਦਿਲ ਜੋ ਕੁਝ ਕਹੇ ਤੂੰ ਓਹ ਕੰਮ ਕਰ, ਫੇਰ ਨਤੀਜਾ ਸਦਾ ਚੰਗਾ ਹੀ ਨਿਕਲੇਗਾ।

ਬੈਂਤ:-ਹਾਇ! ਧਨੀ ਹੋਵਾਂ, ਹਾਇ! ਮਿਲੇ ਇੱਜ਼ਤ;
ਆਖ ਆਖ ਸੜਨਾ ਏਹ ਕਮਜ਼ੋਰੀਆਂ ਨੇ।

ਪੱਲੇ ਮਾਲ, ਔਲਾਦ ਹੈ, ਵਹੁਟੀਆਂ ਵੀ,
ਕੋਹੇ ਸੁਖੀ ਹਨ, ਜਿਨ੍ਹਾਂ ਦੀਆਂ ਝੋਰੀਆਂ ਨੇ।
ਹਾਇ ਭਗਤ ਹੁੰਦਾ! ਕੀਤਾ ਰੱਬ ਨੇ ਕੀ ?
ਗੱਲਾਂ ਸੋਹਣਿਆ!ਏਹ ਅਕਲੋਂ ਕੋਰੀਆਂ ਨੇ!
ਸੋਚ ਸਮਝ ਹੈ ਬਖ਼ਸ਼ਦਾ ਦਾਤ ਸਭ ਨੂੰ,
ਜਿਦ੍ਹੇ ਹੱਥ ਸੰਸਾਰ ਦੀਆਂ ਡੋਰੀਆਂ ਨੇ!
ਨਿਰਬਲਤਾਈ ਵੱਡੀ ਤੇਰੀ 'ਕਾਮਨਾ' ਹੈ,
ਇਸ ਨੂੰ ਵੱਸ ਕਰ ਬਣੇਂ ਬਲਵਾਨ ਫਿਰ ਤੂੰ!
ਜੇਕਰ ਆਤਮਾ ਤੇਰਾ ਬਲਵਾਨ ਹੋਵੇ,
ਦੋ ਜਹਾਨ ਅੰਦਰ ਪਾਵੇਂ ਮਾਨ ਫਿਰ ਤੂੰ!
ਹਰ ਇਕ ਕੰਮ ਵਿਚ ਅਕਲ ਤੋਂ ਰਾਇ ਪੁੱਛੇਂ,
ਸਦਾ ਪਰਖ ਲੈਸੇਂ ਲਾਭ ਹਾਨ ਫਿਰ ਤੂੰ!
"ਚਰਨ" ਮਾਰ ਕਰ ਦੂਰ ਕਮਜ਼ੋਰੀਆਂ ਨੂੰ,
ਹੋ ਬਲਵਾਨ,ਪਿਖ ਆਪਣੀ ਸ਼ਾਨ ਫਿਰ ਤੂੰ!

ਸ੍ਰੀ ਗੁਰੂ ਗ੍ਰੰਥ ਪ੍ਰਮਾਣ:-

(੧) ਕਾਹੂ ਦੀਨੇ ਪਾਟ ਪਟੰਬਰ ਕਾਹੂ ਪਲਘ ਨਿਵਾਰਾ।
ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ॥
(੨) ਰੁਖੀ ਸੁਖੀ ਖਾਇ ਕੇ ਠੰਢਾ ਪਾਣੀ ਪੀ।
ਫਰੀਦਾ ਵੇਖ ਪਰਾਈ ਚੋਪੜੀ ਨਾ ਤਰਸਾਈਂ ਜੀ।

----

## ੩੬—ਦੁੱਖ

ਹੇ ਮਨੁੱਖ! ਨੇਕੀਆਂ ਕਰਨ ਵਿਚ ਤੂੰ ਕਮਜ਼ੋਰ ਤੇ ਨਿਰਬਲ ਹੈਂ,ਖ਼ੁਸ਼ੀ ਵਿਚ ਬੀ ਤੂੰ ਇਕ ਰਸ ਨਹੀਂ, ਰਹਿੰਦਾ,

ਕੀ ਕੋਈ ਅਜਿਹੀ ਗੱਲ ਹੈ, ਜਿਸ ਵਿਚ ਤੂੰ ਦ੍ਰਿੜ੍ਹ ਤੇ ਇਕਰਸ ਰਹਿੰਦਾ ਹੈਂ ? ਉਸਦਾ ਨਾਮ 'ਦੁੱਖ' ਹੈ।

ਦੁਖ ਤੇਰੇ ਸਰੀਰ ਦੇ ਨਾਲ ਹੈ, ਤੇਰਾ ਦਿਲ ਏਸਦੇ ਰਹਿਣ ਦੀ ਥਾਂ ਹੈ, ਏਸ ਦੇ ਬਾਹਰ ਏਸਦਾ ਨਾ ਥੇਹ ਬੀ ਨਹੀਂ। ਏਸਦੇ ਉਤਪੰਨ ਹੋਣ ਦਾ ਕਾਰਨ ਕੀ ਹੈ ? ਕੇਵਲ ਤੇਰੀਆਂ ਕਾਮਨਾਂ ਤੇ ਚਾਹਾਂ। ਜਿਸ ਨੇ ਤੈਨੂੰ ਇਹ ਕਾਮਨਾਵਾਂ ਦਿੱਤੀਆਂ ਹਨ, ਓਸਨੇ ਇਹਨਾਂ ਨੂੰ ਵੱਸ ਕਰਨ ਦੀ ਅਕਲ ਦਿੱਤੀ ਹੈ। ਏਸ ਅਕਲ ਪਾਸੋਂ ਕੰਮ ਲੈ, ਫੇਰ ਤੂੰ ਏਸ ਦੁਖ ਨੂੰ ਪੈਰ ਥੱਲੇ ਮਲ ਸੁੱਟੇਂਗਾ।

ਭਾਵੇਂ ਆਦਮੀ ਦੇ ਹਿੱਸੇ ਲੋੜ ਨਾਲੋਂ ਵੱਧ ਦੁਖ ਆਉਂਦੇ ਹਨ, ਪਰ ਓਹ ਰੋ ਰੋ ਕੇ ਓਹਨਾਂ ਦੀ ਪੀੜ ਨੂੰ ਹੋਰ ਬੀ ਵਧਾ ਲੈਂਦਾ ਹੈ।

ਆਦਮੀ ਦੇ ਸਾਰੇ ਦੁਖਾਂ ਵਿੱਚੋਂ ਵੱਡਾ ਦੁਖ ਚਿੰਤਾ ਹੈ, ਜੋ ਜੰਮਣ ਦਿਨ ਤੋਂ ਹੀ ਆਰੰਭ ਹੋ ਜਾਂਦੀ ਹੈ। ਤੂੰ ਏਸਨੂੰ ਆਪਣੀਆਂ ਕਰਤੂਤਾਂ ਨਾਲ ਹੋਰ ਨਾ ਵਧਾ।

ਦੁਖ ਤੇਰੇ ਵਾਸਤੇ ਕੁਦਰਤੀ ਹੈ, ਤੇਰੇ ਆਲੇ ਦੁਆਲੇ ਦੁਖ ਹੀ ਦੁਖ ਹੈ। ਖੁਸ਼ੀ ਤਾਂ ਇਕ ਮੁਸਾਫਰ ਹੈ, ਜੋ ਕਦੀ ਕਦੀ ਤੇਰੇ ਘਰ ਆਉਂਦੀ ਹੈ। ਆਪਣੀ ਅਕਲ ਪਾਸੋਂ ਪੂਰਾ ਪੂਰਾ ਕੰਮ ਲੈ, ਫੇਰ ਰੰਜ ਤੈਥੋਂ ਦੂਰ ਰਹੇਗਾ। ਹੁਸ਼ਿਆਰੀ ਤੇ ਸਿਆਣਪ ਤੋਂ ਕੰਮ ਲੈ, ਫੇਰ ਖੁਸ਼ੀ ਤੇਰੇ ਪਾਸ ਬਹੁਤਾ ਚਿਰ ਠਹਿਰਿਆ ਕਰੇਗੀ।

ਤੇਰੀ ਉਮਰ ਦਾ ਹਰੇਕ ਖਿਨ ਤੈਨੂੰ ਦੁੱਖ ਪੁਚਾਉਣ ਵਾਲਾ ਹੋ ਸਕਦਾ ਹੈ, ਪਰ ਖੁਸ਼ੀ ਦੇ ਘਰ ਨੂੰ ਜਾਣ ਵਾਲੇ

ਅੱਜ ਦੁੱਖ, ਕੱਲ ਸੁੱਖ ਹੈ ਨਿਯਮ ਰੱਬੀ,
ਹੈ ਫ਼ਜ਼ੂਲ ਐਵੇਂ ਤੀਨ ਪੰਜ ਕਰਨਾ।
ਪੀਵੇ ਵਾਂਗ ਪਾਨੀ ਦੁਖ ਸੁਖ ਦੋਹਾਂ ਤਾਈਂ,
ਚਾਹੀਏ ਰਿਦਾ ਨਿਜ ਐਸਾ ਅਸਫੰਜ ਕਰਨਾ।
ਦੁਖ ਹਨ ਬਹੁਤ ਸੁਖ ਥੋੜੇ ਘਬਰਾ ਨਾ ਤੂੰ,
ਨਜ਼ਰ ਮਾਰ, ਹੈ ਦੁਖੀ ਸੰਸਾਰ ਸਾਰਾ।
ਨੇੜੇ, ਦੂਰ, ਚੌਗਿਰਦੇ ਜੇ ਝਾਤ ਮਾਰੇਂ,
ਦੁਖ ਹੀ ਦੁਖ ਦਿੱਸੇ ਅੰਦਰ ਬਾਹਰ ਸਾਰਾ।
ਐਪਰ ਦੁਖੀ ਓਹ ਹਨ ਜੇਹੜੇ ਦੁਖ ਮੰਨਣ,
ਚੁੱਕਣ ਸ਼ਹਿਰ ਕਰ ਹਾਲ ਪੁਕਾਰ ਸਾਰਾ।
'ਚਰਨ' ਨਾਲ ਜੋ ਦੁਖ ਨੂੰ ਮਿੱਧ ਸੁੱਟਣ,
ਓਹਨਾਂ ਲਈ ਸੁਖ ਅਪਰ ਅਪਾਰ ਸਾਰਾ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:-

(੧) ਮੈ ਜਾਨਿਆ ਦੁਖ ਮੁਝ ਕੋ, ਦੁਖ ਸਬਾਇਆ ਜਗ।
ਊਚੇ ਚੜਕੈ ਦੇਖਿਆ ਘਰ ਘਰ ਏਹਾ ਅਗ॥

(੨) ਸੁਖ ਨਾਹੀ ਰੇ ਹਰਿ ਭਗਤ ਬਿਨਾ। ਜੀਤ ਜਨਮ ਇਹੁ ਰਤਨ ਅਮੋਲਕ ਸਾਧੂ ਸੰਗ ਜਪ ਏਕ ਖਿਨਾ॥

----

## ੩੭—ਹੰਕਾਰ

ਹੰਕਾਰ ਅਤੇ ਨੀਚਤਾ ਇਕ ਦੂਜੇ ਦੇ ਵਿਰੋਧੀ ਹਨ, ਪਰ ਤਦ ਵੀ ਆਦਮੀ ਦੇ ਸੁਭਾਵ ਵਿਚ ਏਹ ਦੋਵੇਂ ਚੀਜ਼ਾਂ ਲੱਭਦੀਆਂ ਹਨ, ਓਹ ਬੜਾ ਬਦਨਸੀਬ ਅਤੇ ਬੜਾ ਹੰਕਾਰੀ ਵੀ ਹੈ, ਹੰਕਾਰ ਅਕਲ ਦਾ ਵੱਡਾ ਰੋਗ ਅਤੇ ਮੂਰਖਤਾ ਦਾ

ਦਾਦਾ ਹੈ, ਪਰ ਓਹ ਸਾਡੀ ਕੁਦਰਤੀ ਅਕਲ ਦੇ ਅੰਦਰ ਬਹੁਤ ਘੁਸੜਿਆ ਹੋਯਾ ਹੈ।

ਕੀ ਕੋਈ ਅਜੇਹਾ ਆਦਮੀ ਵੀ ਹੈ ਜੋ ਆਪਣੇ ਆਪ ਵਿਚ ਆਪਣੇ ਆਪ ਨੂੰ ਬਹੁਤ ਵੱਡਾ ਅਤੇ ਦੂਜਿਆਂ ਨੂੰ ਘਟੀਆ ਨਾ ਸਮਝਦਾ ਹੋਵੇ ?

ਸਾਡਾ ਸਿਰਜਨਹਾਰ ਵੀ ਸਾਡੇ ਘੁਮੰਡ ਨਾਲੋਂ ਉੱਚਾ ਨਹੀਂ ਹੈ, ਫੇਰ ਅਸੀਂ ਇਕ ਦੂਜੇ ਦੇ ਹੰਕਾਰ ਤੋਂ ਕਿਸਤਰਾਂ ਬਚ ਸਕਦੇ ਹਾਂ ?

ਵਹਿਮਾਂ ਦੀ ਪੂਜਾ ਕਿੱਥੋਂ ਅਰੰਭ ਹੋਈ ? ਅਤੇ ਝੂਠੇ ਦੇਵੀ ਦਿਓਤਿਆਂ ਦੀ ਭਗਤੀ ਕਿਓਂ ਹੋਣ ਲਗ ਪਈ ? ਕੇਵਲ ਏਸ ਵਾਸਤੇ ਕਿ ਅਸੀਂ ਆਪਣੀ ਅਕਲ ਨਾਲ ਓਸ ਰੱਬ ਦਾ ਪਤਾ ਕੱਢਣ ਦਾ ਯਤਨ ਕੀਤਾ ਜੋ ਏਸ ਅਕਲ ਦੀ ਹੱਦ ਤੋਂ ਬਾਹਰ ਹੈ, ਅਸੀਂ ਸਮਝ ਵਿਚ ਨਾ ਆਉਣ ਵਾਲੀ ਚੀਜ਼ ਨੂੰ ਸਮਝ ਵਿਚ ਲਿਆਉਣ ਦਾ ਯਤਨ ਕੀਤਾ।

ਹੰਕਾਰੀ ਬੰਦਾ ਕਹਿੰਦਾ ਤਾਂ ਹੈ ਕਿ ਮੈਂ ਵਾਹਿਗੁਰੂ ਦਾ ਸਭ ਤੋਂ ਵੱਡਾ ਭਗਤ ਹਾਂ, ਪਰ ਅਜੇਹਾ ਬਣਕੇ ਕਿਉਂ ਨਹੀਂ ਦਸਦਾ ? ਏਸਦੀ ਕਥਨੀ ਤੇ ਕਰਨੀ ਵਿਚ ਫਰਕ ਕਿਉਂ ਹੈ ?

ਆਦਮੀ ਜੋ ਏਸ ਬੇਹੱਦ ਕੁਦਰਤੀ ਧਰਤੀ ਉਤੇ ਇਕ ਤੁੱਛ ਕਿਣਕੇ ਮਾਤ੍ਰ ਹੈ, ਕਿਓਂ ਧਰਤੀ-ਆਕਾਸ਼ ਨੂੰ ਕੇਵਲ ਆਪਣੇ ਹੀ ਲਾਭ ਵਾਸਤੇ ਬਣਾਏ ਗਏ ਸਮਝਦਾ ਹੈ ? ਓਹ ਕਿਓਂ ਸਮਝਦਾ ਹੈ ਕਿ ਸ ਰੇ ਜੀਵ ਜੰਤੂ ਮੇਰੇ ਹੀ ਭਲੇ ਵਾਸਤੇ ਹਨ ?

ਓਹ ਸੂਰਜ ਦੀ ਗਰਮੀ ਤੇ ਚੰਦ੍ਰਮਾ ਦੇ ਉਜਾਲੇ ਨੂੰ ਕੇਵਲ਼ ਆਪਣੇ ਹੀ ਵਾਸਤੇ ਸਮਝਦਾ ਹੈ। ਹੇ ਮੂਰਖ! ਤੂੰ ਕਿਉਂ ਆਪਣੇ ਹੀ ਹੰਕਾਰ ਉਤੇ ਮਰਦਾ ਜਾ ਰਿਹਾ ਹੈ? ਨੀਵਾਂ ਬਣ ਅਤੇ ਸਮਝ ਕਿ ਦੁਨੀਆਂ ਤੇਰਾ ਦਿਲ ਪ੍ਰਸੰਨ ਕਰਨ ਵਾਸਤੇ ਨਹੀਂ ਬਣਾਈ ਗਈ। ਰੁਤਾਂ ਦੀ ਅਦਲਾ ਬਦਲੀ ਤੇਰੇ ਵਾਸਤੇ ਨਹੀਂ।

ਜੇਕਰ ਸਾਰੇ ਜੀਵ ਜੰਤੂ ਮਰ ਖਪ ਜਾਣ ਤਾਂ ਵੀ ਓਹਨਾਂ ਦੇ ਮਰਨ ਨਾਲ ਕੁਦਰਤ ਦੇ ਨਿਯਮਾਂ ਵਿਚ ਕੋਈ ਅਦਲਾ ਬਦਲੀ ਨਹੀਂ ਹੋ ਸਕਦੀ। ਤੂੰ ਕ੍ਰੋੜਾਂ ਤੇ ਅਰਬਾਂ ਆਦਮੀਆਂ ਵਿੱਚੋਂ ਕੇਵਲ ਇੱਕ ਹੈਂ, ਜਿਸਨੂੰ ਇਹ ਨਿਆਮਤਾਂ ਮਿਲੀਆਂ ਹੋਈਆਂ ਹਨ।

ਤੂੰ ਆਪਣੇ ਆਪਨੂੰ ਆਕਾਸ਼ ਉਤੇ ਨਾ ਚੜ੍ਹਾ ਓਥੇ ਦਿਓਤੇ ਹਨ, ਜੋ ਤੇਰੇ ਨਾਲੋਂ ਕਿਤੇ ਵਧਕੇ ਹਨ। ਤੂੰ ਆਪਣੇ ਸਾਥੀਆਂ ਨੂੰ ਆਪਣੇ ਨਾਲੋਂ ਨਵੇਂ ਨਾ ਸਮਝ, ਭਾਵੇਂ ਓਹ ਤੇਰੇ ਨਾਲੋਂ ਘਟੀਆ ਦਰਜੇ ਦੇ ਹੀ ਹੋਣ, ਫੇਰ ਵੀ ਓਹ ਤੇਰੇ ਹੀ ਰਚਨ ਹਾਰੇ ਦੇ ਰਚੇ ਹੋਏ ਹਨ।

ਤੂੰ ਜੋ ਵਾਹਿਗੁਰੂ ਦੀ ਕ੍ਰਿਪਾ ਨਾਲ ਖੁਸ਼ ਹੈਂ, ਆਪਣਾ ਮੂਰਖਤਾ ਨਾਲ ਦੂਜਿਆਂ ਨੂੰ ਕਿਉਂ ਦੁਖ ਪੁਚਾਉਂਦਾ ਹੈ? ਖਬਰਦਾਰ! ਅਜੇਹਾ ਨਾ ਹੋਵੇ ਕਿ ਕਿਤੇ ਤੂੰ ਵੀ ਦੁਖ ਵਿਚ ਗ੍ਰਸਤ ਹੋ ਜਾਵੇਂ।

ਕੀ ਓਹ ਵੀ ਓਸੇ ਸਰਬ ਸ਼ਕਤੀਮਾਨ ਦੇ ਬਣਾਏ ਹੋਈ ਨਹੀਂ ਹਨ? ਕੀ ਓਸਨੂੰ ਆਪਣੇ ਏਹਨਾਂ ਬੰਦਿਆਂ

ਦੀ ਰੱਖਜਾ ਦਾ ਖਿਆਲ ਨਹੀਂ ਹੈ ? ਫੇਰ ਵੀ ਤੂੰ ਓਸਦੀ ਆਗਜਾ ਦੇ ਵਿਰੁੱਧ ਕਰਦਾ ਹੈਂ !

ਜਿੱਥੋਂ ਤਕ ਹੋ ਸਕੇ ਨੇਕੀ ਕਰ, ਫੇਰ ਤੂੰ ਖੁਸ਼ ਹੋਵੇਂਗਾ। ਏਥੇ ਤੇਰਾ ਕੰਮ ਕੇਵਲ ਨੇਕ ਬਣਨਾ ਹੈ, ਸਿਆਣਾ ਬਣਨਾ ਨਹੀਂ ।

ਕੇਹੜਾ ਅ ਦਮੀ ਹਠ ਕਰਦਾ ਹੈ ? ਕੇਹੜਾ ਆਦਮੀ ਕਹਿੰਦਾ ਹੈ ਕਿ ਮੇਰੀ ਗੱਲ ਹੀ ਠੀਕ ਹੈ ? ਕੇਵਲ ਓਹੋ ਆਦਮੀ ਜੋ ਮੂਰਖ, ਅਣਜਾਣ ਅਤੇ ਹੰਕਾਰੀ ਵੀ ਹੈ ?

ਦੈਂਤ–

ਸ਼ਾਨ ਰੱਬ ਦੀ, ਬੂੰਦ ਤਾਂ ਇਕ ਗੰਦੀ,
ਐਪਰ ਏਸਦਾ ਰਤਾ ਹੰਕਾਰ ਦੇਖੋ ।
ਹਸਤੀ ਭੁੱਲ ਕੇ, ਖ਼ਾਕ ਦਾ ਤੁੱਛ ਬੰਦਾ,
ਕਰੇ ਤੱਲਤਾ ਨਾਲ ਕਰਤਾਰ ਦੇਖੋ ।
ਏਸ 'ਬੁਲਬੁਲੇ' ਦੀ ਤੱਰਰ ਫੱਰਰ ਦੇਖੋ,
ਅਤੇ ਆਕੜਾਂ ਵਾਲੀ ਰਫ਼ਤਾਰ ਦੇਖੋ ॥
ਨਿਸਚਾ ਨਹੀਂ ਦਸਦਾ, ਐਪਰ ਸਮਝਦਾ ਹੈ,
"ਮੇਰੇ ਲਈ ਬਣਿਆ ਸਭ ਸੰਸਾਰ" ਦੇਖੋ ॥
ਕਰ ਲੈ ਪੂਤਲੇ ਮਿੱਟੀ ਦੇ, ਚਾਰ ਦਿਨ ਤੂੰ
ਜੋ ਕੁਝ ਦਿਲੇ ਆਵੇ ਸੋਈ ਕਾਰ ਕਰਲੈ ।
ਤਜ ਕੇ ਨਿੰਮ੍ਰਤਾ, ਪਾਪ ਬਦਫੈਲੀਆਂ ਤੇ
ਖੂਦੀ, ਨਿੰਦਜਾ, ਚੋਰੀ, ਹੰਕਾਰ ਕਰਲੈ ।
ਘ੍ਰਿਣਾ ਨਾਲ ਭਾਈਆਂ, ਆਕੜ ਵਿਚ ਮੱਤਾ
ਜ਼ੁਲਮ, ਲੋਭ, ਹਠ, ਵੈਰ ਤੇ ਖਾਰ ਕਰਲੈ ।

ਐਪਰ 'ਚਰਨ' ਇਕ ਮਿਟ ਓਹ ਯਾਦ ਵੇਲਾ,
ਹਾਜ਼ਰ ਹੋਣਾ ਜਦ ਸੱਚੇ ਦਰਬਾਰ ਕਰਲੈ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:—

(੧) ਮਾਟੀ ਕੋ ਪੂਤਰਾ ਕੈਸੇ ਨਚਤ ਹੈ।
ਦੇਖੈ ਦੇਖੈ ਸੁਨੈ ਬੋਲੈ ਦੌੜਿਓ ਫਿਰਤ ਹੈ।

(੨) ਹੈ ਕੋਈ ਐਸਾ ਹਉਮੈ ਤੋਰੈ।
ਇਸ ਮੀਠੀ ਤੇ ਇਹ ਮਨ ਹੋਰੈ॥

(੩) ਮੇਰੇ ਮਨ ਤਜ ਨਿੰਦਾ ਹਉਮੈ ਹੰਕਾਰ॥

(੪) ਨਾਨਕ ਸੋ ਸੂਰਾ ਵਰਿਆਮ
ਜਿਨ ਵਿਚਹੁ ਦੁਸਟ ਅਹੰਕਰਣ ਮਾਰਿਆ॥

(੫) ਜੇ ਕੋ ਬਹੁਤ ਕਰੈ ਹੰਕਾਰ।
ਓਹ ਖਿਨ ਮਹਿ ਰਲਤਾ ਖਾਕੂ ਨਾਲ॥

(੬) ਚਤੁਰ ਸਿਆਣਾ ਸੁਘੜ ਸੋਇ
ਜਿਨ ਤਜਿਆ ਅਭਿਮਾਨ।

———

## ਮਨੁੱਖ ਦੀਆਂ ਭੈੜੀਆਂ ਵਾਸ਼ਨਾਂ

### ੩੯—ਲੌਭ

ਮਾਯਾ ਦਾ ਗੋੱਲਾ ਅਤੇ ਧਨ ਦਾ ਢੱਗਾ ਨਾਂ ਬਣ, ਕਿਉਂਕਿ ਇਹਨਾਂ ਨੂੰ ਆਪਣੇ ਸਾਰੇ ਬਲ ਨਾਲ ਪ੍ਰਾਪਤ ਕਰਨਾ ਯੋਗ ਨਹੀਂ ਹੈ।

ਧਨ ਕੱਠਾ ਕਰਨ ਦੀ ਚਾਹ ਅਤੇ ਉਸਦੇ ਪ੍ਰਾਪਤ ਕਰ

ਲੈਣ ਤੋਂ ਜੋ ਖੁਸ਼ੀ ਹੁੰਦੀ ਹੈ, ਓਹ ਬਿਲਕੁਲ ਫ਼ਜ਼ੂਲ ਹੁੰਦੀ ਹੈ। ਹਰੇਕ ਚੀਜ਼ ਦੀ ਅਸਲੀ ਕੀਮਤ ਨੂੰ ਪਰਖ ਫੇਰ ਤੂੰ ਲੋਭ ਦਾ ਦਾਸ ਨਹੀਂ ਹੋਵੇਂਗਾ।

ਧਨ ਕੱਠਾ ਕਰਨ ਦੀ ਕਾਮਨਾ ਆਤਮਾ ਵਾਸਤੇ ਜ਼ਹਿਰ ਹੈ, ਇਹ ਓਸਨੂੰ ਗੰਦਾ ਕਰ ਦੇਂਦੀ ਹੈ ਅਤੇ ਓਸਦੀ ਪਵਿੱਤ੍ਰਤਾ ਨੂੰ ਓਸਦੇ ਸਾਰੇ ਗੁਣਾਂ ਸਣੇ ਬਰਬਾਦ ਕਰ ਦੇਂਦੀ ਹੈ। ਜਿਉਂ ਹੀ ਏਹ ਕਾਮਨਾ ਦਿਲ ਵਿਚ ਉਤਪੰਨ ਹੁੰਦੀ ਹੈ ਨੇਕੀ, ਈਮਾਨਦਾਰੀ ਅਤੇ ਪਰਸਪਰ ਪ੍ਰੇਮ ਰੁੱਸ ਕੇ ਗੰਢ ਬੂਚਕਾ ਚੁਕ ਕੇ ਤੁਰ ਜਾਂਦੇ ਹਨ-(ਲੋਭ ਪਾਪ ਦਾ ਮੂਲ ਹੈ॥)

ਲੋਭੀ ਆਦਮੀ ਆਪਣੇ ਬਾਚਿਆਂ ਨੂੰ ਧਨ ਦੇ ਬਦਲੇ ਵੇਚ ਦੇਂਦਾ ਹੈ। ਓਸਦੇ ਮਾਂ ਪਿਓ ਭਾਵੇਂ ਤੜਫ ਕੇ ਮਰ ਜਾਣ, ਪਰ ਓਹ ਆਪਣੀ ਵਾਂਸਲੀ ਦਾ ਮੂੰਹ ਨਹੀਂ ਖੋਹਲਦਾ। ਓਹ ਖੁਸ਼ੀ ਦੀ ਭਾਲ ਵਿਚ ਸਗੋਂ ਆਪਣੇ ਆਪ ਨੂੰ ਦੁਖੀ ਕਰ ਲੈਂਦਾ ਹੈ।

ਧਨ ਦਾ ਲੋਭੀ ਓਸ ਮੂਰਖ ਵਾਂਗ ਹੈ ਜੋ ਆਪਣੇ ਰਹਿਣ ਦਾ ਘਰ ਵੇਚਕੇ ਓਸਦੇ ਮੁੱਲ ਨਾਲ ਆਪਣੇ ਸਰੀਰ ਨੂੰ ਸਜਾਉਣ ਲਈ ਗਹਿਣੇ ਖਰੀਦਦਾ ਹੈ। ਓਹ ਹਾਰਦਕ ਸ਼ਾਂਤੀ ਨੂੰ ਤਿਆਗ ਕੇ ਧਨ ਦੇ ਮਗਰ ਲੱਗ ਜਾਂਦਾ ਹੈ। ਓਸਨੂੰ ਧਨ ਕੱਠਾ ਹੋਜਾਣ ਪਰ ਸੁਖ ਪ੍ਰਾਪਤ ਹੋਣ ਦੀ ਆਸ ਹੈ।

ਲੋਭੀ ਆਦਮੀ ਦਾ ਆਤਮਾ ਭੁੱਖਾ ਰਹਿੰਦਾ ਹੈ। ਜੋ ਆਦਮੀ ਧਨ ਨੂੰ ਸਾਰਿਆਂ ਨਾਲੋਂ ਵੱਡੀ ਨਿਆਮਤ ਨਹੀਂ ਸਮਝਦਾ, ਓਹ ਸਾਰੀਆਂ ਚੀਜ਼ਾਂ ਨੂੰ ਓਹਦੇ ਉੱਤੋਂ ਕੁਰਬਾਨ ਨਹੀਂ ਕਰਦਾ। ਜੇਹੜਾ ਆਦਮੀ ਗਰੀਬੀ ਨੂੰ ਮਨੁੱਖੀ ਜੀਵਨ

ਦਾ ਸਾਰਿਆਂ ਨਾਲੋਂ ਵੱਡਾ ਦੁਖ ਨਹੀਂ ਸਮਝਦਾ, ਓਹ ਏਸ ਪਾਸੋਂ ਬਚਣ ਲਈ ਹੋਰ ਅਨੇਕਾਂ ਦੁਖ ਨਹੀਂ ਸਹੇੜਦਾ।

ਹੇ ਮੂਰਖ ! ਕੀ ਨੇਕੀ ਹੀਰੇ ਜਵਾਹਰਾਂ ਨਾਲੋਂ ਵਧੀਕ ਵਡਮੁੱਲੀ ਨਹੀਂ ਹੈ।(Virtue is more Value than Beauty.) ਕੀ ਪਾਪ ਗਰੀਬੀ ਨਾਲੋਂ ਵਧੀਕ ਘ੍ਰਿਣਾ ਯੋਗ ਨਹਾਂ ਹਨ? ਵਾਹਿਗੁਰੂ ਨੇ ਹਰੇਕ ਆਦਮੀ ਨੂੰ ਉਸਦੀ ਲੋੜ ਅਨੁਸਾਰ ਕਾਫੀ ਧਨ ਦਿੱਤਾ ਹੈ, ਤੂੰ ਏਸੇ ਉਤੇ ਸੰਤੋਖ ਕਰ। ਫੇਰ ਦੇਖੀਂ ਕਿ ਤੇਰੀ ਖੁਸ਼ੀ ਧਨ ਦੇ ਟੱਟੂ ਨੂੰ ਮਖੌਲ ਉਡਾਵੇਗੀ। ਕੁਦਰਤ ਨੇ ਸੋਨੇ ਨੂੰ ਧਰਤੀ ਦੇ ਹੇਠਾਂ ਲੁਕਾਯਾ ਹੈ, ਅਰਥਾਤ ਏਹ ਚੀਜ਼ ਦੇਖਣ ਦੇ ਯੋਗ ਨਹੀਂ ਹੈ। ਪਰ ਚਾਂਦੀ ਤੇਰੇ ਪੈਰਾਂ ਦੇ ਪਾਸ ਹੀ ਪਈ ਰਹਿੰਦੀ ਹੈ।

ਲੋਭ ਹਜ਼ਾਰਾਂ ਲੱਖਾਂ ਬੇਨਸੀਬਾਂ ਨੂੰ ਅਗਲੇ ਜਹਾਨ ਪੁਚਾ ਦੇਂਦਾ ਹੈ। ਓਹ ਆਪਣੇ ਬੇ-ਰੱਜ ਮਾਲਕ ਵਾਸਤੇ ਧਰਤੀਆਂ ਪੁੱਟਦੇ ਹਨ, ਪਰ ਓਹ ਏਹਨਾਂ ਦਾ ਰਤਾ ਵੀ ਖਿਆਲ ਨਹੀਂ ਕਰਦਾ, ਓਹ ਲੋਕ ਮਾਨੋ ਏਸਦੇ ਗੁਲਾਮ ਹਨ। ਧਰਤੀ ਦੇ ਅੰਦਰ ਜਿੱਥੇ ਖਜ਼ਾਨਾ ਦੱਬਿਆ ਹੋਇਆ ਹੁੰਦਾ ਹੈ, ਓਥੇ ਕਿਸੇ ਭਾਂਤ ਦੀ ਚੰਗੀ ਚੀਜ਼ ਨਹੀਂ ਹੁੰਦੀ। ਜਿੱਥੇ ਸੋਨਾ ਹੁੰਦਾ ਹੈ, ਓਥੇ ਰਤਾ ਵੀ ਗਿੱਲ ਨਹੀਂ ਹੁੰਦੀ।

ਜਿਸਤਰਾਂ ਪਹਾੜ ਵਿਚ ਸੋਨੇ ਦੀ ਖਾਨ ਵਾਲੀ ਥਾਂ ਤੇ ਘੋੜੇ ਵਾਸਤੇ ਘਾਹ ਅਤੇ ਖੱਚਰ ਵਾਸਤੇ ਦਾਣਾ ਨਹੀਂ ਹੁੰਦਾ, ਜਿਸਤਰਾਂ ਓਥੇ ਅਨਾਜ ਦੇ ਖੇਤ ਨਹੀਂ ਹੁੰਦੇ ਨਾ ਹੀ ਗਰੀ ਦਾ ਬ੍ਰਿਛ ਹੁੰਦਾ ਹੈ ਅਤੇ ਨਾ ਅੰਗੂਰ ਹੁੰਦੇ ਹਨ, ਓਸੇ ਤਰਾਂ ਓਸ ਆਦਮੀ ਦੇ ਦਿਲ ਦੇ ਅੰਦਰ ਕੋਈ ਨੇਕੀ ਅਤੇ

ਭਲਿਆਈ ਨਹੀਂ ਲਭਦੀ, ਜੋ ਹਰ ਵੇਲੇ ਰੁਪੱਯਾ ਕੱਠਾ ਕਰਨ ਦੀ ਚਿੰਤਾ ਵਿਚ ਰਹਿੰਦਾ ਹੈ ।

ਦੌਲਤ ਸਿਆਣਪ ਦੀ ਗੋੱਲੀ ਹੈ ਪਰ ਮੂਰਖ ਵਾਸਤੇ ਓਹ ਜੱਲਾਦ ਹੈ। ਲੋਭੀ ਆਦਮੀ ਰੁਪੈ ਦੇ ਮਗਰ ਪਿਆ ਰਹਿੰਦਾ ਹੈ,ਪਰ ਓਹ ਏਹਦੇ ਪਾਸੋਂ ਕੋਈ ਲਾਭ ਨਹੀਂ ਲੈਂਦਾ। ਜਿਸਤਰਾਂ ਰੋਗੀ ਵਾਸਤੇ ਬੁਖਾਰ ਹੁੰਦਾ ਹੈ, ਓਸੇ ਤਰਾਂ ਲੋਭੀ ਵਾਸਤੇ ਧਨ ਹੈ। ਲੋਭ ਬੁਖਾਰ ਵਾਂਗ ਓਸਦੇ ਸਰੀਰ ਨੂੰ ਸਾੜਦਾ ਅਤੇ ਸਤਾਉਂਦਾ ਹੈ ਅਤੇ ਮਰਦੇ ਦਮ ਤਕ ਓਸਦਾ ਪਿੱਛਾ ਨਹੀਂ ਛੱਡਦਾ। ਕੀ ਦੌਲਤ ਨੇ ਹਜ਼ਾਰਾਂ ਆਦਮੀਆਂ ਦੀਆਂ ਨੇਕੀਆਂ ਤੇ ਗੁਣਾਂ ਨੂੰ ਬਰਬਾਦ ਨਹੀਂ ਕਰ ਦਿੱਤਾ? ਕੀ "ਮਾਇਆ ਧਾਰੀ ਅਤਿ ਅੰਨਾ ਬੋਲਾ" ਵਾਲਾ ਗੁਰਵਾਕ ਅੱਖਰ ਅੱਖਰ ਪ੍ਰਤੱਖ ਤੇ ਸੱਚਾ ਨਹੀਂ ?

ਕੀ ਓਹਨਾਂ ਆਦਮੀਆਂ ਪਾਸ ਦੌਲਤ ਦੇ ਢੇਰ ਨਹੀਂ ਹਨ, ਜੋ ਸਭ ਤੋਂ ਬੁਰੇ ਤੇ ਪਾਪੀ ਹਨ ? ਫੇਰ ਤੇਰੀ ਏਹ ਵਾਸ਼ਨਾ ਕਿਸ ਕੰਮ ਕਿ ਤੇਰੇ ਪਾਸ ਬਹੁਤੀ ਦੌਲਤ ਹੋਵੇ ਤਾਂ ਤੂੰ ਮਸ਼ਹੂਰ ਹੋਵੇਂ ?

ਕੀ ਸਤਗੁਰੂ ਨਾਨਕ ਦੇਵ ਦੇ ਪਾਸ ਦੌਲਤ ਸੀ ? ਕੀ ਕਬੀਰ ਤੇ ਫਰੀਦ ਆਦਿ ਭਗਤ ਦੌਲਤ ਦੇ ਕਾਰਨ ਜਗਤ ਪ੍ਰਸਿੱਧ ਹੋਏ ਹਨ ? ਕਾਰੂ ਨੂੰ ਕਿਉਂ ਲੋਕ ਬੁਰਾ ਕਹਿੰਦੇ ਹਨ ? ਕੀ ਓਹਦੇ ਪਾਸ ਦੌਲਤ ਦੇ ਬੇਅੰਤ ਖ਼ਜ਼ਾਨੇ ਨਹੀਂ ਸਨ ? ਕੀ ਔਰੰਗਜ਼ੇਬ ਅਤੇ ਨਾਦਰਸ਼ਾਹ ਪਾਸ ਦੌਲਤ ਨਹੀਂ ਸੀ ? ਫੇਰ ਲੋਕ ਓਹਨਾਂ ਨੂੰ ਪਾਪੀ ਤੇ ਜ਼ਾਲਮ ਕਿਉਂ ਆਖਦੇ ਹਨ ?

ਗਰੀਬ ਨੂੰ ਕਈਆਂ ਚੀਜ਼ਾਂ ਦੀ ਲੋੜ ਹੈ, ਪਰ ਲੋਭੀ ਨਿੱਕੇ ਨਿੱਕੇ ਕੱਖਾਂ ਵਾਸਤੇ ਬੀ ਝੋਲੀ ਅੱਡ ਖਲੋਂਦਾ ਹੈ ? ਲੋਭੀ ਜਿੰਨਾ ਜ਼ੁਲਮ ਆਪਣੇ ਆਪ ਤੇ ਕਰਦਾ ਹੈ,ਓਨਾ ਹੋਰ ਕਿਸੇ ਤੇ ਨਹੀਂ ਕਰਦਾ।

ਮੇਹਨਤ ਨਾਲ ਦਸਾਂ ਨਹੁੰਆਂ ਦੀ ਕਿਰਤ ਕਰਕੇ ਧਨ ਖੱਟ ਅਤੇ ਓਸਨੂੰ ਖੁਲ੍ਹੇ ਦਿਲ ਨਾਲ ਵਾਹਿਗੁਰੂ ਦੇ ਰਾਹ ਵਿਚ ਖਰਚ ਕਰ। ਆਦਮੀ ਨੂੰ ਸੱਚੀ ਖੁਸ਼ੀ ਓਦੋਂ ਪ੍ਰਾਪਤ ਹੁੰਦੀ ਹੈ ਜਦੋਂ ਕਿ ਓਹ ਦੂਜਿਆਂ ਦੀ ਪ੍ਰਸੰਨਤਾ ਦਾ ਕਾਰਨ ਬਣਦਾ ਹੈ।

ਬੈਂਤ—

ਲੋਭ ਪਾਪ ਦਾ ਮੂਲ ਤੇ ਨਰਕ ਰਸਤਾ,
ਜ਼ੁਲਮ, ਬੇ ਨਿਆਈਂ ਆਦਿਕ ਯਾਰ ਇਸਦੇ।
ਹਿਰਸ, ਧੱਕਾ ਕਠੋਰਤਾ ਭੁੱਖ ਮਰਨਾ,
ਏਹਨਾਂ ਨਾਲ ਹਨ ਗੂੜ੍ਹੇ ਪਿਆਰ ਇਸ ਦੇ।
ਪ੍ਰੇਮੀ ਲੋਭ ਦਾ, ਲਾਨ੍ਹਤਾਂ ਲੱਖ ਸਹਿੰਦਾ,
ਅੰਤ ਸਿਰੇ ਪੈਂਦੀ ਭਰਕੇ ਛਾਰ ਇਸ ਦੇ।
ਗਿਆ ਗੁਜ਼ਰਿਆ ਲੋਕ ਪ੍ਰਲੋਕ ਤੋਂ ਓਹ,
ਜਿਸਨੇ ਆਣ ਪਾਇਆ ਨਾਲ ਪਿਆਰ ਇਸ ਦੇ।
ਡਰੋ ਇਸ ਗੁਨਾਹਾਂ ਦੇ ਬਾਪ ਕੋਲੋਂ,
ਦੂਰੋਂ ਦੂਰੋਂ ਹੀ ਕਰੋ ਸਲਾਮ ਸੌ ਸੌ।
ਇਸ ਦੇ ਪ੍ਰੇਮ ਦੇ ਵਿੱਚ ਨਾ ਮੂਲ ਫਸਨਾ,
ਅੱਗੇ ਆਣ ਲਾਵੇ ਭਾਵੇਂ ਡਾਮ ਸੌ ਸੌ।

ਸੋਚੋ ਕਿੰਨੀ ਬਦਨਾਮੀਆਂ ਖੱਟ ਕੇ ਗਏ,
ਮੋਏ ਜੋੜ ਜੇਹੜੇ ਦੌਲਤ ਧਾਮ ਸੌ ਸੌ।
ਲੋਭ ਮਾਰ ਜਿਸ ਨੇ ਜੀਵਨ ਸੁਖੀ ਕੀਤਾ,
ਚੁੰਮੋ 'ਚਰਨ' ਉਸ ਦੇ ਸੁਬਹ ਸ਼ਾਮ ਸੌ ਸੌ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:-

(੧) ਲਾਲਚ ਛੋਡਹੁ ਅੰਧਿਅਹੁ ਲਾਲਚ ਦੁਖ ਭਾਰੀ।
(੨) ਲਾਲਚ ਝੂਠ ਵਿਕਾਰ ਮੋਹ ਵਿਆਪਤ ਮੂੜੇ ਅੰਧ।
ਲਾਗ ਪਰੇ ਦੁਰਗੰਧ ਸਿਉ ਨਾਨਕ ਮਾਇਆ ਬੰਧ।
(੩) ਲੋਭ ਲਹਿਰ ਸਭਸੁ ਆਨ ਹਲਕ ਹੈ,
ਹਲਕਿਓ ਸਭੈ ਬਿਗਾਰੇ।
(੪) ਲਬ ਵਿਣਾਹੇ ਮਾਣਸਾ ਜਿਉ ਪਾਣੀ ਬੂਰ।
(੫) ਜਿਉ ਕੂਕਰ ਹਰਕਾਇਆ ਧਾਵੈ ਦਹਿਦਿਸ ਜਾਇ।
ਲੋਭੀ ਜੰਤ ਨ ਜਾਣਈ ਭਖ ਅਭਖ ਸਭ ਖਾਇ।
(੬) ਸਾਕਤ ਸੁਆਨ ਕਹੀਅਹਿ ਬਹੁ ਲੋਭੀ
ਬਹੁ ਦੁਰਮਤ ਮੈਲ ਭਰੀਜੈ।
(੭) ਲੋਭੀ ਕਾ ਵੇਸਾਹੁ ਨ ਕੀਜੈ ਜੇਕਾ ਪਾਰ ਵਸਾਇ।

-----

## ੩੯—ਧਨ ਦੀ ਬਹੁਲਤਾ

ਜੇਕਰ ਧਨ ਕੱਠਾ ਕਰਨ ਤੋਂ ਕੋਈ ਵੱਡੀ ਬੁਰਿਆਈ ਉਤਪੰਨ ਹੁੰਦੀ ਹੈ ਤਾਂ ਓਹ ਦੌਲਤ ਤੋਂ ਕੋਈ ਚੰਗਾ ਕੰਮ ਨਾ ਲੈਣਾ ਹੈ, ਜੋ ਆਦਮੀ ਆਪਣੀਆਂ ਲੋੜਾਂ ਦਾ ਪ੍ਰਬੰਧ ਕਰਕੇ ਬਾਕੀ ਧਨ ਫ਼ਜ਼ੂਲੀਆਂ ਵਿਚ ਉੜਾ ਦੇਂਦਾ ਹੈ, ਓਹ ਗ਼ਰੀਬਾਂ ਨੂੰ ਓਹਨਾਂ ਦੇ ਇਕ ਕੁਦਰਤੀ ਹੱਕ ਤੋਂ ਵਾਂਜਦਾ

ਹੈ ਅਤੇ ਆਪਣੇ ਆਪ ਨੂੰ ਨੇਕੀ ਦੇ ਫਲ ਤੋਂ ਵਿਰਵਾ ਰੱਖਦਾ ਹੈ; ਜੋ ਕਿ ਦਾਨ ਤੋਂ ਮਿਲ ਸਕਦਾ ਹੈ । ਓਹ ਆਦਮੀ ਆਪਣੀ ਹੀ ਖ਼ੁਸ਼ੀ ਦਾ ਸਾਰਿਆਂ ਨਾਲੋਂ ਵੱਧ ਖ਼ਿਆਲ ਰੱਖਦਾ ਹੈ। ਦੌਲਤ ਦੇ ਨਾ ਹੋਣ ਨਾਲ ਆਦਮੀ ਬਹੁਤਾ ਰਾਜ਼ੀ ਨਹੀਂ ਹੋ ਸਕਦਾ, ਪਰ ਜਦੋਂ ਏਹ ਓਸ ਦੇ ਹੱਥ ਆ ਜਾਵੇ ਤਾਂ ਓਹ ਬਹੁਤ ਪ੍ਰਸੰਨ ਹੁੰਦਾ ਹੈ, ਗ਼ਰੀਬੀ ਵਿਚ ਆਦਮੀ ਆਪਣੇ ਆਪ ਉੱਤੇ ਬਹੁਤ ਵੱਸ ਰੱਖਦਾ ਹੈ, ਪਰ ਧਨਵਾਨੀ ਵੇਲੇ ਆਪਣੇ ਆਪ ਤੋਂ ਬਾਹਰ ਹੋ ਜਾਂਦਾ ਹੈ। ਗ਼ਰੀਬੀ ਵਾਸਤੇ ਕੇਵਲ ਇੱਕੋ ਗੁਣ ਦੀ ਲੋੜ ਹੈ, ਜਿਸ ਦਾ ਨਾਓਂ ਸੰਤੋਖ ਹੈ, ਪਰ ਜੇ ਧਨਵਾਨ ਆਦਮੀ ਨੇਕਦਿਲ ਦਾਨੀ, ਦੂਰ ਦੀ ਸੋਝੀ ਵਾਲਾ ਤੇ ਆਪਣੇ ਆਪ ਨੂੰ ਸੰਭਾਲ ਸਕਣ ਵਾਲਾ ਨਾ ਹੋਵੇ ਤਾਂ ਓਹ ਕਈ ਪਾਪਾਂ ਦਾ ਕਾਰਨ ਹੁੰਦਾ ਹੈ।

ਗ਼ਰੀਬ ਆਦਮੀ ਨੂੰ ਕੇਵਲ ਆਪਣਾ ਢਿੱਡ ਭਰਨ ਦੀ ਚਿੰਤਾ ਹੁੰਦੀ ਹੈ, ਪਰ ਧਨਵਾਨ ਦੇ ਸਪੁਰਦ ਵਾਹਿਗੁਰੂ ਨੇ ਹਜ਼ਾਰਾਂ ਦੀ ਪਾਲਣਾ ਕੀਤੀ ਹੈ।

ਜੋ ਆਦਮੀ ਸਿਆਣਪ ਨਾਲ ਆਪਣੀ ਦੌਲਤ ਖਰਚ ਕਰਦਾ ਹੈ, ਓਹ ਮਾਨੋ ਆਪਣੇ ਆਪ ਨੂੰ ਕਈ ਬੁਰਿਆਈਆਂ ਤੋਂ ਬਚਾਉਂਦਾ ਹੈ। ਜੋ ਆਦਮੀ ਧਨ ਕੱਠਾ ਕਰਦਾ ਹੈ, ਓਹ ਆਪਣੇ ਵਾਸਤੇ ਕਈ ਦੁੱਖ ਕੱਠੇ ਕਰਦਾ ਹੈ।

ਰਾਹੀ ਨੂੰ ਓਸ ਦੀ ਲੋੜ ਦੇ ਅਨੁਸਾਰ ਦੇਹ, ਜਿਸ ਚੀਜ਼ ਦੀ ਤੈਨੂੰ ਲੋੜ ਹੈ ਓਹ ਆਪਣੇ ਭਰਾ ਨੂੰ ਦੇਣ ਤੋਂ ਨਾਂਹ ਨਾ ਕਰ। ਯਾਦ ਰੱਖ ਕਿ ਦਾਨ ਕਰਨ ਨਾਲ ਓਹ

ਪ੍ਰਸੰਨਤਾ ਹਾਸਲ ਹੁੰਦੀ ਹੈ, ਜੋ ਉਜੇਹੇ ਕ੍ਰੋੜਾਂ ਰੁਪੈ ਆਪਣੇ ਪਾਸ ਰੱਖਣ ਨਾਲ ਨਹੀਂ ਹੁੰਦਾ, ਜਿਨ੍ਹਾਂ ਦੇ ਕਿ ਵਰਤਣ ਦੀ ਤੈਨੂੰ ਜਾਚ ਨਹੀਂ। ਬੈਂਤ—

ਰਾਜੇ ਕਈ, ਕਈ ਲੱਖ ਧਨਵਾਨ ਗੁਜ਼ਰੇ,
ਜੋੜ ਜੋੜ ਦੌਲਤ ਬਣ ਕੇ ਸ਼ਾਹ ਮਰ ਗਏ।
ਭਰ ਭੰਡਾਰ, ਕਰ ਕੱਠੀਆਂ ਕਈ ਦੇਗਾਂ,
ਆਖਰ ਜ਼ਿਮੀਂ ਅੰਦਰ ਹੋਏਸੁਆਹ ਮਰ ਗਏ।
ਕਾਰੂੰ ਅਤੇ ਮਹਿਮੂਦ ਸਭ ਗਏ ਰੋਂਦੇ,
ਆਇਆ ਕੰਮ ਨਾ ਤੀਲੜਾਘਾਹ ਮਰ ਗਏ।
ਦੌਲਤ ਪ੍ਰੇਮੀਆਂ ਲੱਖਾਂ ਨੂੰ ਭੁੱਖ ਬੈਠੀ,
ਪੂਰੀ ਹੋਈ ਨਾ ਉਨ੍ਹਾਂ ਦੀ ਚਾਹ ਮਰ ਗਏ।
ਦੌਲਤ ਚੀਜ਼ ਚੰਗੀ ਹੈ ਪਰ ਲੋਕ ਬਹੁਤੇ
ਇਸ ਤੋਂ ਕੰਮ ਲੈਣਾ ਉੱਕਾ ਜਾਣਦੇ ਨਾ।
ਦੌਲਤ ਹੋਇ ਪੱਲੇ ਅੰਨ੍ਹੇ ਹੋਣ ਝੱਲੇ,
ਕਰ ਉਪਕਾਰ ਨੇਕੀ ਆਨੰਦ ਮਾਣਦੇ ਨਾ।
ਤੈਨੂੰ ਰੱਬ ਬਖ਼ਸ਼ੇ ਦੌਲਤ ਮੀਤ ! ਐਪਰ
ਪਿੱਛੇ ਕਦੇ ਲੱਗੀਂ ਭੈੜੀ ਬਾਣ ਦੇ ਨਾ।
ਦੌਲਤ "ਚਰਨ" ਕਾਹਦੀ? ਕੰਮ ਆਏ ਜੇਹੜੀ,
ਦਾਨ, ਭਲੇ, ਉਪਕਾਰ ਅਰ ਖਾਣ ਦੇ ਨਾ ?

ਸ੍ਰੀ ਗੁਰੂ ਗ੍ਰੰਥ ਪ੍ਰਮਾਣ:—

(੧) ਜਿਸ ਗ੍ਰਿਹਿ ਬਹੁਤ ਤਿਸੈ ਗ੍ਰਿਹਿ ਚਿੰਤਾ।
(੨) ਮਾਇਆ ਧਾਰੀ ਅਤਿ ਅੰਨਾ ਬੋਲਾ॥

----

## ੪੦—ਬਦਲਾ ਲੈਣਾ

ਬਦਲੇ ਦੀ ਜੜ੍ਹ ਆਤਮਾ ਦੀ ਕਮਜ਼ੋਰੀ ਵਿਚ ਹੈ। ਜੇਹੜਾ ਆਦਮੀ ਜਿੰਨਾ ਕਾਇਰ ਤੇ ਡਰਾਕਲ ਹੋਵੇਗਾ, ਓਹ ਓਨਾ ਹੀ ਵਧੀਕ ਬਦਲਾ ਲੈਣ ਦਾ ਚਾਹਵਾਨ ਰਹਿੰਦਾ ਹੈ।

ਜਦ ਆਦਮੀ ਨੂੰ ਕਿਸੇ ਦ ਹੱਥੋਂ ਨੁਕਸਾਨ ਪਹੁੰਚਦਾ ਹੈ ਤਾਂ ਓਹ ਬਦਲਾ ਲੈਕੇ ਆਪਣੇ ਦਿਲ ਨੂੰ ਠੰਢਿਆਂ ਕਰਦਾ ਹੈ। ਪਰ ਨੇਕ ਦਿਲ ਆਦਮੀ ਕਿਸੇ ਨੁਕਸਾਨ ਨੂੰ ਨੁਕਸਾਨ ਹੀ ਨਹੀਂ ਸਮਝਦਾ ਅਤੇ ਨਾ ਹੀ ਕਦੀ ਓਸ ਦਾ ਬਦਲਾ ਲੈਣ ਵਾਸਤੇ ਤਿਆਰ ਹੁੰਦਾ ਹੈ।

ਜਿਸ ਤਰਾਂ ਤੂਫਾਨ ਅਤੇ ਕੜਕ ਨਾਲ ਸੂਰਜ ਅਤੇ ਤਾਰਿਆਂ ਉਤੇ ਕੋਈ ਅਸਰ ਨਹੀਂ ਹੁੰਦਾ, ਸਗੋਂ ਓਹ ਬ੍ਰਿਛਾਂ ਅਤੇ ਪੱਥਰਾਂ ਉਤੇ ਆਪਣਾ ਗੁੱਸਾ ਕੱਢਦੇ ਹਨ, ਏਸੇ ਤਰਾਂ ਉੱਚੇ ਦਿਲ ਵਾਲਿਆਂ ਉਤੇ ਨੁਕਸਾਨ ਦਾ ਕੋਈ ਅਸਰ ਹੀ ਨਹੀਂ ਹੁੰਦਾ, ਸਗੋਂ ਓਸ ਦਾ ਅਸਰ ਓਸ ਆਦਮੀ ਤੇ ਹੁੰਦਾ ਹੈ ਜੋ ਕਿ ਨੁਕਸਾਨ ਪੁਚਾਉਣ ਦਾ ਯਤਨ ਕਰਦਾ ਹੈ। ਦਿਲ ਦਾ ਹੋਛਾ ਆਦਮੀ ਬਦਲਾ ਲੈਣ ਨੂੰ ਤਿਆਰ ਹੁੰਦਾਹੈ, ਪਰ ਨੇਕ ਆਦਮੀ ਨੁਕਸਾਨ ਦੀ ਪ੍ਰਵਾਹ ਹੀ ਨਹੀਂ ਕਰਦਾ।

ਜੋ ਆਦਮੀ ਬਦਲੇ ਨੂੰ ਆਪਣੇ ਦਿਲ ਵਿਚ ਥਾਂ ਦੇਂਦਾ ਹੈ, ਓਸ ਦਾ ਦਿਲ ਬੇਚੈਨ, ਅਸ਼ਾਂਤ ਅਤੇ ਘਾਬਰਦਾ ਰਹਿੰਦਾ ਹੈ, ਪਰ ਏਸ ਦੇ ਉਲਟ ਉਹ ਆਦਮੀ ਸਗੋਂ ਆਨੰਦ ਵਿਚ ਰਹਿੰਦਾ ਹੈ; ਜਿਸ ਪਾਸੋਂ ਕਿ ਓਹ ਬਦਲਾ ਲੈਣਾ ਚਾਹੁੰਦਾ ਹੈ।

———

ਬਦਲੇ ਦੇ ਖ਼ਿਆਲ ਤੋਂ ਜੋ ਦੁੱਖ ਹੁੰਦਾ ਹੈ ਓਹ ਕੁਦਰਤੀ ਨਹੀਂ। ਜਿਸ ਤੋਂ ਏਹ ਪ੍ਰਗਟ ਹੈ ਕਿ ਕੁਦਰਤ ਨੇ ਏਸਨੂੰ ਤੇਰ ਵਾਸਤੇ ਨਹੀਂ ਬਣਾਯਾ।

ਜੋ ਆਦਮੀ ਬਦਲਾ ਲੇਣਾ ਚਾਹੁੰਦਾ ਹੈ, ਓਹ ਸਹਿ ਚੁਕੇ ਦੁਖ ਨਾਲੋਂ ਵਧੀਕ ਦੁੱਖ ਝੱਲਦਾ ਹੈ। ਓਹ ਆਪਣੇ ਦਿਲ ਦੇ ਦੁੱਖ ਵਿਚ ਓਸ ਦੁੱਖ ਦਾ ਵਾਧਾ ਕਰਦਾ ਹੈ, ਜੋਕਿ ਦੂਜੇ ਨੂੰ ਝੱਲਣਾ ਚਾਹੀਦਾ ਹੈ। ਜਿਸਨੂੰ ਓਹ ਦੁੱਖ ਦੇਨਾ ਚਾਹੁੰਦਾ ਹੈ, ਓਹ ਆਨੰਦ ਵਿਚ ਰਹਿੰਦਾ ਹੈ ਅਤੇ ਸਗੋਂ ਏਸਦੇ ਦੁਖਾਂ ਵਿਚ ਵਾਧਾ ਦੇਖਕੇ ਪ੍ਰਸੰਨ ਹੁੰਦਾ ਹੈ।

ਦਿਲ ਵਿਚ ਬਦਲੇ ਦਾ ਖਿਆਲ ਰਖਣ ਨਾਲ ਦੁਖ ਅਤੇ ਬਦਲਾ ਲੈਣ ਵਾਲੀਆਂ ਤਜਵੀਜ਼ਾਂ ਉਤੇ ਅਮਲ ਕਰਨਾ ਖਤਰੇ ਦੀ ਜੜ੍ਹ ਹੁੰਦਾ ਹੈ। ਕੁਹਾੜਾ ਕਦੇ ਕਦਾਈਂ ਹੀ ਓਸ ਥਾਂ ਤੇ ਵੱਜਦਾ ਹੈ, ਜਿਥੇ ਕਿ ਮਾਰਨ ਵਾਲੇ ਦੀ ਮਰਜ਼ੀ ਹੋਵੇ। ਤੀਰ ਮਾਰਨ ਵਾਲੇ ਨੂੰ ਏਸ ਗੱਲ ਦਾ ਰਤਾ ਵੀ ਵਹਿਮ ਨਹੀਂ ਹੁੰਦਾ ਕਿ ਏਹ ਉਲਟ ਕੇ ਮੈਨੂੰ ਹੀ ਵਿੰਨ੍ਹ ਸੁੱਟੇਗਾ।

ਏਸੇ ਤਰਾਂ ਬਦਲਾ ਲੈਣ ਵਾਲਾ ਆਪਣੇ ਵੈਰੀ ਨੂੰ ਦੁੱਖ ਪੁਚਾਉਣਾ ਚਾਹੁੰਦਾ ਹੈ, ਪਰ ਆਪ ਹੀ ਦੁਖ ਵਿਚ ਪੈ ਜਾਂਦਾ ਹੈ, ਓਹ ਆਪਣੇ ਵੈਰੀ ਦੀ ਇਕ ਅੱਖ ਕਾਣੀ ਕਰਨ ਦੀ ਸਲਾਹ ਕਰਦਾ ਹੈ, ਪਰ ਓਸਦੀਆਂ ਆਪਣੀਆਂ ਦੋਵੇਂ ਅੱਖਾਂ ਅੰਨ੍ਹੀਆਂ ਹੋ ਜਾਂਦੀਆਂ ਹਨ। ਜੇਕਰ ਓਹ ਆਪਣੇ ਇਰਾਦੇ ਵਿਚ ਨਿਰਾਸ ਰਹੇ ਤਾਂ ਚਿੰਤਾ ਕਰਦਾ ਹੈ, ਪਰ ਜੇ ਉਸਦੀ ਮਰਜ਼ੀ ਪੂਰੀ ਹੋ ਜਾਵੇ ਤਾਂ ਪਛਤਾਉਂਦਾ ਹੈ। ਆਪਣੇ

ਕੀਤੇ ਕੁਕਰਮ ਦੀ ਸਜ਼ਾ ਦੇ ਡਰ ਨਾਲ ਓਸ ਦਾ ਦਿਲ ਸ਼ਾਂਤੀ ਤੇ ਚੈਨ ਤੋਂ ਖਾਲੀ ਹੋ ਜਾਂਦਾ ਹੈ। ਕੀ ਤੇਰੇ ਵੈਰੀ ਦੀ ਮੌਤ ਨਾਲ ਤੇਰੇ ਆਤਮਾ ਵਿਚ ਠੰਢ ਪੈ ਸਕਦੀ ਹੈ ?

ਕਾਇਰ ਆਦਮੀ ਨੁਕਸਾਨ ਝੱਲਕੇ ਆਪਣੇ ਵੈਰੀ ਨੂੰ ਕਤਲ ਕਰਨ ਲਈ ਤਿਆਰ ਹੁੰਦਾ ਹੈ, ਪਰ ਉਸਦੇ ਦਿਲ ਵਿਚ ਇਹ ਵੀ ਭੈ ਨਾਲ ਹੀ ਲਗਾ ਰਹਿੰਦਾ ਹੈ ਕਿ ਜੇ ਮੇਰਾ ਵਾਰ ਖਾਲੀ ਗਿਆ ਤਾਂ ਉਹ ਮੇਰੇ ਪਾਸੋਂ ਬਦਲਾ ਲੀਤੇ ਬਿਨਾ ਨਹੀਂ ਰਹੇਗਾ। ਨੁਕਸਾਨ ਨੂੰ ਬਦਲਾ ਲੈਕੇ ਪੂਰਾ ਕਰਨਾ ਸੁਖਾਲਾ ਕੰਮ ਹੈ, ਪਰ ਓਸਨੂੰ ਭੁੱਲ ਜਾਣਾ ਅਤੇ ਜਾਨ ਦੇਣਾ ਸੱਚੀ ਭਲਮਾਨਸੀ ਅਤੇ ਮਾਨ ਜੋਗ ਗੁਣ ਹੈ।

ਸਾਰਿਆਂ ਨਾਲੋਂ ਵਡੀ ਜਿੱਤ ਜੋ ਆਦਮੀ ਪ੍ਰਾਪਤ ਕਰ ਸਕਦਾ ਹੈ, ਆਪਣੇ ਆਪ ਅਤੇ ਮਨ ਨੂੰ ਵੱਸ ਵਿਚ ਕਰਨਾ ਹੈ। "ਜੋ ਮਾਰੇ ਨਫ਼ਸ ਕੋ ਔਰ ਕਰਤੇ ਅਪਨੇ ਗੁੱਸੇ ਕੋ ਜ਼ੇਰ। ਬਨਾਏ ਸਾਂਪ ਕੋ ਕੋੜਾ ਵੁਹ ਸ਼ੇਰ ਪਰ ਚੜ੍ਹ ਕਰ" ("ਮਨ ਜੀਤੇ ਜਗੁ ਜੀਤ" ਗੁਰ ਵਾਕ) ਜੋ ਆਦਮੀ ਨੁਕਸਾਨ ਨੂੰ ਨੁਕਸਾਨ ਨਹੀਂ ਸਮਝਦਾ, ਓਹ ਮਾਨੋ ਆਪਣੇ ਨੁਕਸਾਨ ਪੁਚਾਉਣ ਵਾਲੇ ਪਾਸੋਂ ਪੂਰਾ ਪੂਰਾ ਬਦਲਾ ਲੈਂਦਾ ਹੈ।

ਬਦਮਾਸ਼ ਆਦਮੀ ਪਾਸੋਂ ਸਾਰੇ ਡਰਦੇ ਅਤੇ ਓਸਨੂੰ ਸਾਰੇ ਘ੍ਰਿਣਾ ਦ੍ਰਿਸ਼ਟੀ ਨਾਲ ਵੇਖਦੇ ਹਨ, ਪਰ ਤਰਸਵਾਨ ਦੀ ਸਾਰੇ ਇੱਜ਼ਤ ਕਰਦੇ ਹਨ। ਓਸਦੇ ਗੁਣਾਂ ਦੀ ਲੋਕ ਹਰ ਵੇਲੇ ਸ਼ਲਾਘਾ ਕਰਦੇ ਰਹਿੰਦੇ ਹਨ ਅਤੇ ਦੁਨੀਆ ਦੀ ਮੁਹੱਬਤ ਤੇ ਅਸੀਸ ਸਦਾ ਹੀ ਓਸਦੇ ਭਲੇ ਦਾ ਕਾਰਨ ਬਣਦੀ ਰਹਿੰਦੀ ਹੈ।

ਬੈਂਤ:–

ਮੇਰੇ ਨਾਲ ਕੋਈ ਕਰੇ ਵੈਰ ਜੇਕਰ,
ਬਦਲਾ ਲੈਣ ਦਾ ਯਤਨ ਨਾ ਕਰਾਂਗਾ ਮੈਂ।
ਕੰਮ ਛੱਡ ਬਦਲਾ ਲੈਣ ਵਾਸਤੇ ਤਾਂ,
ਸਗੋਂ ਹੋਰ ਨੁਕਸਾਨ ਨਾ ਕਰਾਂਗਾ ਮੈਂ।
ਬਦਲੇ ਲਈ ਹਰਦਮ ਵਿਓਂਤਾਂ ਸੋਚ ਕਰਕੇ,
ਐਵੇਂ ਵਿੱਚ ਫਿਕਰਾਂ ਨਹੀਂ ਮਰਾਂਗਾ ਮੈਂ।
ਜਿਸਨੇ ਵੈਰ ਕੀਤਾ ਆਪੇ ਪਾਊ ਬਦਲਾ,
ਨਿਆਓਂ ਰੱਬ ਦੇ ਸਾਹਮਣੇ ਧਰਾਂਗਾ ਮੈਂ;
ਸਗੋਂ ਰੱਬ ਬਖਸ਼ੇ ਜੇ ਸੁਮੱਤ ਮੈਨੂੰ,
ਵੈਰੀ ਨਾਲ ਬੀ ਮਿੱਤ੍ਰਤਾ ਕਰਾਂਗਾ ਮੈਂ।
ਬਦਲੇ ਵੈਰ ਦੇ ਸਗੋਂ ਉਪਕਾਰ ਕਰਕੇ,
ਉਸਨੂੰ ਰੱਜ ਸ਼ਰਮਿੰਦਿਆਂ ਕਰਾਂਗਾ ਮੈਂ।
ਸਿਰਜਨਹਾਰ ਉਸ ਪ੍ਰਭੂ ਦਾ ਹੁਕਮ ਏਹੋ,
ਇਸ ਹੁਕਮ ਨੂੰ ਸਿਰੇ ਤੇ ਧਰਾਂਗਾ ਮੈਂ।
ਮੰਨ ਸਿੱਖਯਾ 'ਚਰਨ' ਦੀ ਛੋੜ ਬਦਲਾ,
ਦੁਖ, ਅਸ਼ਾਂਤੀਆਂ ਮੁਖਤ ਦੇ ਹਰਾਂਗਾ ਮੈਂ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:–

(੧) ਫਰੀਦਾ ਜੋ ਤੈਂ ਮਾਰਨ ਮੁਕੀਆਂ ਤਿਨਾਂ ਨ ਮਾਰੇ ਘੁੰਮ।
ਆਪਨੜੇ ਘਰਿ ਜਾਈਐ ਪੈਰ ਤਿਨਾਂ ਦੇ ਚੁੰਮ॥
(੨) ਫਰੀਦਾ ਬੁਰੇ ਦਾ ਭਲਾ ਕਰ ਗੁਸਾ ਮਨ ਨ ਹੰਢਾਇ।
ਦੇਹੀ ਰੋਗ ਨਾ ਲਗਈ ਪਲੈ ਸਭ ਕਿਛੁ ਪਾਇ॥

ਨੀਤੀ:-

(੩) ਬੁਰੇ ਨਾਲ ਕਈ ਕਰਨ ਬਰਾਈ ਮਾਫ਼ ਕਰਨ ਕਈ ਸਿਆਣੇ। ਬੁਰੇ ਨਾਲ ਫਿਰ ਨੇਕੀ ਕਰਨੀ ਇਹ ਗੁਰ ਨਾਨਕ ਜਾਣੇ।

----

## ੪੧—ਬੇਤਰਸੀ, ਘ੍ਰਿਣਾ ਤੇ ਈਰਖਾ

ਬਦਲਾ ਤਾਂ ਘ੍ਰਿਣਾ ਯੋਗ ਹੈ, ਪਰ ਬੇਤਰਸੀ ਕੇਹੀ ਹੈ ? ਏਹ ਤਾਂ ਓਹਦੇ ਨਾਲੋਂ ਵੀ ਗੰਦੀ ਹੈ, ਏਸਨੂੰ ਤਾਂ ਕੇਵਲ ਭੜਕਾਉਣ ਦਾ ਮੌਕਾ ਹੀ ਲੋੜੀਦਾ ਹੈ।

ਬੇਤਰਸੀ ਨੂੰ ਕੁਦਰਤ ਨੇ ਹੀ ਆਦਮੀ ਦੇ ਮਨੁੱਖਪੁਣੇ ਨਾਲੋਂ ਵੱਖ ਰੱਖਿਆ ਹੈ, ਏਸੇ ਵਾਸਤੇ ਸਾਰੇ ਲੋਕ ਏਸਨੂੰ ਬੁਰੀ ਜਾਣਦੇ ਹਨ ਅਤੇ ਬੇਤਰਸੀ ਮਨੁੱਖਪੁਣਾ ਨਹੀਂ ਸਮਝੀ ਜਾਂਦੀ।

ਫੇਰ ਇਹ ਕਿੱਥੋਂ ਜੰਮੀ ? ਇਹ ਭੈ ਦੀ ਪੁਤ੍ਰੀ ਹੈ। ਬਹਾਦਰ ਆਦਮੀ ਆਪਣੇ ਤਕੜੇ ਵੈਰੀ ਉਤੇ ਤਲਵਾਰ ਚੁਕਦਾ ਹੈ, ਪਰ ਜਦੋਂ ਓਹ ਅਗੋਂ ਹਥਿਆਰ ਰੱਖ ਦੇਂਦਾ ਹੈ ਤਾਂ ਓਹ ਓਹਦੇ ਨਾਲ ਮੇਹਰਬਾਨੀ ਦਾ ਵਰਤਾਓ ਕਰਦਾ ਹੈ। ਜੇਹੜਾ ਆਦਮੀ ਤੇਰੇ ਪਾਸੋਂ ਡਰਦਾ ਹੋਵੇ, ਓਹਦੇ ਉਤੇ ਧੱਕਾ ਕਰਨਾ ਕੋਈ ਵਡਿਆਈ ਦੀ ਗੱਲ ਨਹੀਂ। ਨਿਰ-ਬਲ ਤੇ ਮੋਏ ਨੂੰ ਮਾਰਨਾ ਭਲਮਣਸਊ ਤੇ ਨੇਕੀ ਦਾ ਕੰਮ ਨਹੀਂ ਹੈ। ਬੇਤਰਸ ਅਤੇ ਜ਼ਾਲਮ ਨੂੰ ਆਪਣੇ ਵੱਸ ਕਰ ਅਤੇ ਗਰੀਬ ਤੇ ਨਿਰਬਲ ਉਤੇ ਤਰਸ ਕਰ, ਫੇਰ ਤੇਰ ਜਿੱਤ ਹੀ ਜਿੱਤ ਹੈ।

ਜੇਹੜਾ ਆਦਮੀ ਸਾਰਿਆਂ ਪਾਸੋਂ ਡਰਦਾ ਹੈ, ਓਹ ਸਾਰਿਆਂ ਨੂੰ ਦੁੱਖ ਦੇਣ ਦੇ ਆਹਰ ਵਿਚ ਰਹਿੰਦਾ ਹੈ। ਜ਼ਾਲਮ ਹਾਕਮ ਕਿਉਂ ਜ਼ੁਲਮ ਕਰਦਾ ਹੈ ? ਏਸ ਵਾਸਤੇ ਕਿ ਓਹ ਸਾਰਿਆਂ ਪਾਸੋਂ ਡਰਦਾ ਹੈ।

ਬਾਜ਼ਾਰੀ ਕੁੱਤਾ ਓਸ ਜਾਨਵਰ ਦੀ ਲੋਥ ਨੂੰ ਚੀਰ ਪਾੜਕੇ ਬੋਟੀ ਬੋਟੀ ਕਰ ਦੇਂਦਾ ਹੈ, ਜਿਸਦੀ ਕਿ ਓਹ ਜੀਊਂਦੇ ਜੀ ਸੂਰਤ ਵੀ ਤੱਕਣ ਦਾ ਹੌਂਸਲਾ ਨਹੀਂ ਕਰ ਸਕਦਾ, ਪਰ ਸ਼ਿਕਾਰੀ ਕੁੱਤਾ ਕਿਸੇ ਨੂੰ ਮਾਰ ਸੁੱਟਣ ਪਰ ਬੋਟੀ ਬੋਟੀ ਨਹੀਂ ਕਰਦਾ।

ਤੂੰ ਆਪਣੇ ਆਪ ਨੂੰ ਘ੍ਰਿਣਾ ਪਾਸੋਂ ਬਚਾਈ ਰੱਖ, ਤਾਂ ਜੋ ਜ਼ਾਲਮ ਨਾ ਬਣੇ, ਤੂੰ ਈਰਖਾ ਨੂੰ ਆਪਣੇ ਦਿਲ ਵਿਚ ਨਾ ਧਸਣ ਦੇਹ ਤਾਂ ਜੋ ਬੇਤਰਸ ਨਾ ਬਣੇ।

ਜੇਕਰ ਤੂੰ ਕਿਸੇ ਮਾਨਨੀਜ, ਪਤਵੰਤੇ ਅਤੇ ਵੱਡੇ ਆਦਮੀ ਨਾਲ ਈਰਖਾ ਕਰਦਾ ਹੈਂ ਤਾਂ ਆਪਣੇ ਦਿਲ ਵਿਚ ਸੋਚ ਕਿ ਓਸਨੂੰ ਏਹ ਵਡਿਆਈ ਕਿਨ੍ਹਾਂ ਗੱਲਾਂ ਕਰਕੇ ਮਿਲੀ ਹੈ ? ਫੇਰ ਈਰਖਾ ਦੀ ਥਾਂ ਤੇਰੇ ਦਿਲ ਵਿਚ ਤਰਸ ਉਪਜੇਗਾ।

ਜੇਕਰ ਤੂੰ ਕਿਸੇ ਅਜੇਹੇ ਆਦਮੀ ਨੂੰ ਇੱਜ਼ਤ ਤੇ ਵਡਿਆਈ ਮਿਲਦੀ ਦੇਖੇਂ-ਜੋ ਕਿ ਏਸਦਾ ਹੱਕਦਾਰ ਹੈ-ਤਾਂ ਸਗੋਂ ਪ੍ਰਸੰਨ ਹੋ, ਕਿਉਂਕਿ ਨੇਕ ਆਦਮੀ ਨੇਕਾਂ ਦੀ ਵਡਿਆਈ ਵੇਖਕੇ ਪ੍ਰਸੰਨ ਹੁੰਦੇ ਹਨ। ਜੋ ਆਦਮੀ ਦੂਜਿਆਂ ਦੀ ਖੁਸ਼ੀ ਤੇ ਆਨੰਦ ਵੇਖਕੇ ਪ੍ਰਸੰਨ ਹੁੰਦਾ ਹੈ, ਓਹ ਮਾਨੋ ਆਪਣੀ ਖੁਸ਼ੀ ਨੂੰ ਵਧਾਉਂਦਾ ਹੈ।

ਬੈਂਤ:–

ਕਰੋ ਦੂਰ ਬੇ ਤਰਸ ਨੂੰ ਪਰੇ ਏਥੋਂ,
ਮੈਂ ਨਾ ਦੇਖਣੀ ਚਾਹੁੰਦਾ ਸ਼ਕਲ ਇਸਦੀ।
ਗੰਦਾ ਆਚਰਨ, ਗੰਦੇ ਹਨ ਅੰਗ ਇਸਦੇ,
ਗੰਦਾ ਰਿਦਾ ਤੇ ਗੰਦੀ ਹੈ ਅਕਲ ਇਸਦੀ।
ਕੋਮਲ ਆਤਮਾ ਨੂੰ, ਪੱਥਰ ਏਸ ਕੀਤਾ,
ਤਦੇ ਰਾਖਸ਼ਾਂ ਵਾਂਗ ਹੈ ਸ਼ਕਲ ਇਸਦੀ।
ਕਰਦਾ ਜ਼ੁਲਮ-ਬੇਤਰਸੀਆਂ, ਮੰਦ ਪਾਪੀ,
ਘ੍ਰਿਣਾ ਲੋਕ ਕਰਦੇ ਲਾਂਹਦੇ ਨਕਲ ਇਸਦੀ।
ਪਾਪਣ ਏਸ 'ਬੇਤਰਸੀ' ਦੀ ਕਰਨ ਮੱਦਦ,
ਘ੍ਰਿਣਾ, 'ਈਰਖਾ' ਦੋਵੇਂ ਸਹੇਲੀਆਂ ਨੇ।
ਅੱਗੇ ਏਹਨਾਂ ਦੇ ਨਾਲ ਕਈ ਐਬ ਕੁੱਤੇ,
ਅਤੇ ਹੋਰ ਹਜ਼ਾਰਾਂ ਬਦਫੈਲੀਆਂ ਨੇ।
ਏਹਨਾਂ ਨਾਲ ਛੋਹਿਆ, ਫੌਰਨ ਤੜਫ ਮੋਯਾ,
ਮਾਰੂ ਜ਼ਹਿਰ ਦੀਆਂ ਤਿੰਨੇ ਢੇਲੀਆਂ ਨੇ।
ਚੁੰਮਣ ਯੋਗ ਹਨ 'ਚਰਨ' ਉਸ ਮਰਦ ਦੇ, ਜਿਸ
ਡੈਣਾਂ ਤਿੰਨੇ ਏਹ ਕੀਤੀਆਂ ਚੇਲੀਆਂ ਨੇ।

ਸ੍ਰੀ ਗੁਰੂ ਗਰੰਥ ਪ੍ਰਮਾਣ:–

(੧) ਅਹਿਰਖ ਵਾਦ ਨ ਕੀਜੈ ਰੇ ਮਨ।
ਸੁਕ੍ਰਿਤ ਕਰ ਕਰ ਲੀਜੈ ਰੇ ਮਨ॥
(੨) ਸੁਆਦ ਵਾਦ ਈਰਖ ਮਦ ਮਾਇਆ।
ਇਨ ਸੰਗ ਲਾਗ ਰਤਨ ਜਨਮ ਗਵਾਇਆ॥

----

## ੪੨–ਦਿਲਗੀਰੀ

ਹਸ-ਮੁਖਾ ਆਦਮੀ ਚਿੰਤਾਵਾਨ ਤੇ ਉਦਾਸ ਆਦਮੀ ਨੂੰ ਵੀ ਹਸਾ ਦੇਂਦਾ ਹੈ, ਪਰ ਸੜੇ ਮਜਾਜ ਵਾਲੇ ਆਦਮੀ ਦੀ ਚਿੜ ਚਿੜ ਦੂਜਿਆਂ ਦੀ ਖੁਸ਼ੀ ਨੂੰ ਵੀ ਦੂਰ ਕਰ ਦੇਂਦੀ ਹੈ।

ਉਦਾਸੀ ਦਾ ਅਸਲ ਕਾਰਨ ਆਤਮਾ ਦੀ ਕਮਜ਼ੋਰੀ ਹੈ, ਹਿੰਮਤ ਦੇ ਨਾ ਹੋਣ ਕਰਕੇ ਉਦਾਸੀ ਆ ਜਾਂਦੀ ਹੈ, ਏਸ ਵਾਸਤੇ ਤੂੰ ਏਸ ਨੂੰ ਕੱਢਣ ਲਈ ਸਦਾ ਤਿਆਰ ਰਹੁ, ਫੇਰ ਓਹ ਤੇਰੇ ਨੇੜੇ ਢੁਕਣ ਦਾ ਹੌਂਸਲਾ ਨਹੀਂ ਕਰੇਗੀ। ਉਦਾਸੀ ਤੇਰੇ ਸਰੀਰ ਅਤੇ ਤੇਰੇ ਸਾਥੀਆਂ ਦੀ ਵੈਰਨ ਹੈ,ਇਸ ਵਾਸਤੇ ਓਸਨੂੰ ਆਪਣੇ ਤੋਂ ਬਹੁਤ ਦੂਰ ਰੱਖ।

ਓਹ ਤੇਰੇ ਰਤਾ ਜਿੰਨੇ ਨੁਕਸਾਨ ਨਾਲ ਤੇਰੇ ਧਨ ਨੂੰ ਉਜਾੜ ਦੇਂਦੀ ਹੈ। ਓਹ ਰਤਾ ਰਤਾ ਜਿੰਨੀਆਂ ਗੱਲਾਂ ਨਾਲ ਤੈਨੂੰ ਹੈਰਾਨ ਕਰ ਦੇਂਦੀ ਹੈ ਅਤੇ ਤੇਰੇ ਧਿਆਨ ਨੂੰ ਜ਼ਰੂਰੀ ਗੱਲਾਂ ਵਲੋਂ ਹਟਾਕੇ ਫਜ਼ੂਲ ਚਿੰਤਾ ਵਲ ਲਾ ਦੇਂਦੀ ਹੈ। ਜੋ ਕੁਝ ਓਹ ਤੈਨੂੰ ਦਸਦੀ ਹੈ, ਓਸਨੂੰ ਮਾਨੋ ਓਹ ਪੂਰਾ ਕਰਕੇ ਛੱਡੇਗੀ। ਓਹ ਤੇਰੇ ਹੋਰ ਗੁਣਾਂ ਨੂੰ ਦੂਰ ਕਰ ਦੇਂਦੀ ਹੈ। ਉਦਾਸੀ ਤੇ ਦਿਲਗੀਰੀ ਤੈਨੂੰ ਸਤਾਉਂਦੀ ਹੈ ਅਤੇ ਤੈਨੂੰ ਕਮਜ਼ੋਰ ਤੇ ਨਿਰਬਲ ਕਰ ਦੇਂਦੀ ਹੈ, ਤਾਂ ਜੋ ਤੂੰ ਓਸਦੇ ਅਸਹਿ ਭਾਰ ਨੂੰ ਦੂਰ ਨਾ ਸੁੱਟ ਸਕੇਂ।

ਜੇ ਤੂੰ ਕਾਇਰਤਾ, ਨਮਰਦੀ, ਨੀਚਤਾ, ਬੇਤਰਸੀ, ਬਦਨਾਮੀ ਡਰ ਤੇ ਭੈ ਨੂੰ ਆਪਣੇ ਪਾਸੋਂ ਦੂਰ ਰੱਖਣਾ ਚਾਹੁੰਦਾ ਹੈਂ ਤਾਂ ਉਦਾਸੀ ਤੇ ਦਿਲਗੀਰੀ ਨੂੰ ਆਪਣੇ ਪਾਸ ਬਿਲਕੁਲ ਨਾ ਆਉਣ ਦੇਹ।

ਆਦਮੀ ਬਿਪਤਾ ਅਤੇ ਦੁਖ ਵੇਲੇ ਕਿਓਂ ਉਦਾਸ ਹੁੰਦਾ ਹੈ ? ਕੀ ਏਹ ਦੁਖ ਦੇ ਵਾਸਤੇ ਦੁਖ ਝੱਲਣਾ ਨਹੀਂ ਹੈ ?

ਕੋਈ ਸਮਾ ਦੁਖ ਭਰਿਆ ਨਹੀਂ ਹੁੰਦਾ, ਕਿਉਂਕਿ ਜਿਸ ਸਮੇ ਤੈਨੂੰ ਦੁਖ ਹੁੰਦਾ ਹੈ ਓਸੇ ਵੇਲੇ ਹੋਰ ਕਈਆਂ ਨੂੰ ਖੁਸ਼ੀ ਹੁੰਦੀ ਹੈ।

ਲੋਕਾਂ ਪਾਸੋਂ ਪੁੱਛੋ ਕਿ ਕੀ ਚਿੰਤਾ ਕਰਨ ਨਾਲ ਕੋਈ ਕੰਮ ਸੌਰ ਜਾਂਦਾ ਹੈ ? ਫੇਰ ਓਹ ਆਪ ਹੀ ਮੰਨਣਗੇ ਕਿ ਚਿੰਤਾ ਕਰਨੀ ਉੱਕੀ ਹੀ ਮੂਰਖਤਾ ਹੈ । ਜੇਹੜਾ ਆਦਮੀ ਸੰਤੋਖ, ਸਬਰ ਨਾਲ ਦੁਖ ਝੱਲਦਾ ਹੈ, ਲੋਕ ਓਸ ਦੀ ਉਪਮਾ ਕਰਦੇ ਹਨ। ਪਰ ਨਿਰੀ ਵਾਹ ਵਾਹ ਕਰਨ ਦਾ ਕ। ਲਾਭ ਹੈ ? ਜੇਕਰ ਤੁਸੀ ਕਿਸੇ ਦੇ ਸਬਰ ਸੰਤੋਖ ਦੀ ਉਪਮਾ ਕਰਦੇ ਹੋ ਤਾਂ ਤੁਸੀਂ ਓਸਦੇ ਏਸ ਗੁਣ ਦੀ ਰੀਸ ਬੀ ਕਰੋ।

ਉਦਾਸੀ ਕੁਦਰਤ ਦੀ ਵਿਰੋਧਣ ਹੈ, ਕਿਉਂਕਿ ਜਿਨ੍ਹਾਂ ਚੀਜ਼ਾਂ ਨੂੰ ਕੁਦਰਤ ਨੇ ਮਨ ਮੋਹਣੀਆਂ ਤੇ ਦਿਲ ਲੁਭਾਉਣ ਵਾਲੀਆਂ ਬਣਾਇਆ ਹੈ, ਉਦਾਸੀ ਨਾਲ ਓਹ ਬੁਰੀਆਂ ਤੇ ਭੈੜੀਆਂ ਲੱਗਲ ਲੱਗ ਪੈਂਦੀਆਂ ਹਨ।

ਜਿਸਤਰਾਂ ਸ਼ਾਹਬਲੂਤ ਦਾ ਵੱਡਾ ਬ੍ਰਿਛ ਸਖਤ ਹਨੇਰੀ ਨਾਲ ਡਿੱਗਕੇ ਧਰਤੀ ਨਾਲ ਲੱਗ ਜਾਂਦਾ ਹੈ, ਓਸੇ ਤਰਾਂ ਤਕੜੇ ਤੋਂ ਤਕੜਾ ਆਦਮੀ ਬੀ ਉਦਾਸੀ ਦੇ ਭਾਰ ਹੇਠਾਂ ਦੱਬਕੇ ਉੱਠਣ ਜੋਗਾ ਨਹੀਂ ਰਹਿਦਾ ਅਤੇ ਜਿਸ ਤਰਾਂ ਮੀਂਹ ਨਾਲ ਪਹਾੜਾਂ ਦੀ ਬਰਫ ਢਲ ਜਾਂਦੀ ਹੈ, ਓਸੇ ਤਰਾਂ ਅੱਥਰੂਆਂ ਨਾਲ ਚੇਹਰੇ ਦੀ ਸੁੰਦਰਤਾ ਢਲ ਜਾਂਦੀ ਹੈ, ਜੋ ਮੁੜ

ਕਦੀ ਆਪਣੇ ਰੂਪ ਵਿਚ ਨਹੀਂ ਆਉਂਦੀ।

ਜਿਸ ਤਰਾਂ ਚਮਕਦਾ ਵਡਮੁੱਲਾ ਮੋਤੀ ਸਿਰਕੇ ਵਿਚ ਘੁਲ ਜਾਂਦਾ ਹੈ,ਓਸੇ ਤਰਾਂ ਖੁਸ਼ੀ ਚਿੰਤਾ ਵਿਚ ਘੁਲ ਜਾਂਦੀ ਹੈ। ਉਦਾਸੀ ਨੂੰ ਬਜ਼ਾਰਾਂ ਤੇ ਬਾਗਾਂ ਵਿਚ ਲੱਭੋ, ਓਥੇ ਏਸਦਾ ਨਾਓਂ ਥੇਹ ਵੀ ਨਹੀਂ ਲੱਭੇਗਾ।

ਚਿੰਤਾ ਦਾ ਸਿਰ ਓਸ ਕਲੀ ਵਾਂਗ ਝੁਕਿਆ ਹੋਇਆ ਹੈ ਜੋ ਬੂਟੇ ਨਾਲੋਂ ਟੁੱਟਕੇ ਥੱਲੇ ਡਿੱਗੀ ਹੋਵੇ, ਓਸਦੀਆਂ ਅੱਖਾਂ ਧਰਤੀ ਵਲ ਗੱਡੀਆਂ ਹੋਈਆਂਹਨ ਅਤੇ ਅੱਥਰੂਆਂ ਦੀ ਝੜੀ ਲੱਗੀ ਹੋਈ ਹੈ। ਓਸਦੀ ਜ਼ਬਾਨ ਬੰਦ ਹੈ, ਓਸਦਾ ਦਿਲ ਮਿਲਨ ਗਿਲਨ ਤੋਂ ਘ੍ਰਿਣਾ ਕਰਦਾ ਹੈ। ਓਸਨੂੰ ਏਹ ਮਲੂੰਮ ਨਹੀਂ, ਓਹ ਆਪਣੇ ਦੁਖ ਸਾਗਰ ਵਿੱਚੋਂ ਬਾਹਰ ਨਹੀਂ ਨਿਕਲਦੀ ਅਤੇ ਏਸੇ ਦਸ਼ਾ ਨਾਲ ਮੜ੍ਹੀਆਂ ਵਿਚ ਜਾ ਪਹੁੰਚਦੀ ਹੈ।

ਬੰਦਿਆ ! ਵਾਹਿਗੁਰੂ ਨੇ ਤੈਨੂੰ ਕ੍ਰਿਪਾਲਤਾ ਕਰਕੇ ਉਤਪੰਨ ਕੀਤਾ ਹੈ, ਓਹਦੇ ਹੁਕਮ ਪਰ ਤੂੰ ਹਰ ਹਾਲਤ ਵਿਚ ਪ੍ਰਸੰਨ ਰਹੁ। ਜੇਕਰ ਤੂੰ ਚਿੰਤਾ ਕਰਦਾ ਜਾਂ ਉਦਾਸ ਹੁੰਦਾ ਹੈਂ ਤਾਂ ਇਹ ਓਸਦੀ ਆਗਿਆ ਦੇ ਵਿਰੁੱਧ ਹੈ।

ਦੁਨੀਆ ਦੀ ਹਰੇਕ ਚੀਜ਼ ਬਦਲਦੀ ਰਹਿੰਦੀ ਹੈ, ਕੁਦਰਤ ਦਾ ਏਹੋ ਨਿਯਮ ਤੇਰੇ ਤੇ ਬੀ ਵਰਤਦਾ ਹੈ, ਫੇਰ ਤੂੰ ਕਿਓਂ ਰੋਂਦਾ ਹੈਂ ?

ਜੇ ਅਸੀਂ ਕੁਦਰਤ ਦੇ ਨਿਯਮਾਂ ਨੂੰ ਜਾਣਦੇ ਹਾਂ ਤਾਂ ਸਾਡਾ ਰੋਣਾ ਨਿਸਫਲ ਹੈ, ਅਤੇ ਜੇ ਏਹਨਾਂ ਨਿਯਮਾਂ ਨੂੰ ਨਹੀਂ ਜਾਣਦੇ ਤਾਂ ਏਹ ਸਾਡੀ ਮੂਰਖਤਾ ਹੈ। ਯਾਦ ਰੱਖ ਕਿ

ਨਿਯਮ ਬੰਨ੍ਹਣ ਵਾਲਾ ਤੂੰ ਨਹੀਂ ਹੈਂ। ਤੇਰਾ ਕੰਮ ਕੇਵਲ ਏਹ ਹੈ ਕਿ ਤੂੰ ਬਿਨਾ ਹੀਲ ਹੁੱਜਤ ਆਪਣੇ ਸਿਰਜਨਹਾਰ ਦੇ ਹੁਕਮਾਂ ਅੱਗੇ ਸਿਰ ਨਿਵਾ। ਜੇਕਰ ਤੈਨੂੰ ਦੁਖ ਪਹੁੰਚਦਾ ਹੈ ਤਾਂ ਰੋਣ ਚੀਕਣ ਨਾਲ ਓਹ ਦੁੱਖ ਹੋਰ ਬੀ ਵਧ ਜਾਵੇਗਾ।

ਦੁਖ, ਸੁਖ ਸਰੀਰ ਦੇ ਭੋਗ ਹਨ। ਭੈੜੇ ਨਸੀਬਾਂ ਦ ਤੀਰ ਹਰੇਕ ਆਦਮੀ ਨੂੰ ਲਗਦੇ ਹਨ, ਪਰ ਕੀ ਏਹ ਤੇਰਾ ਫ਼ਰਜ਼ ਨਹੀਂ ਕਿ ਤੂੰ ਬੜੇ ਹੌਸਲੇ ਨਾਲ ਏਹਨਾਂ ਦਾ ਟਾਕਰਾ ਕਰੇਂ ?

ਤੂੰ ਆਪਣੇ ਆਪਨੂੰ ਜਾਣ ਬੁੱਝਕੇ ਅਜੇਹੇ ਸੰਕਟਾਂ ਵਿਚ ਨਾ ਫਸਾ ਜਿੱਥੋਂ ਕਿ ਕੋਈ ਵੀ ਲਾਭ ਹੋਣ ਦੀ ਆਸ ਨਹੀਂ, ਅਤੇ ਨਾ ਹੀ ਨੇਕੀ ਨੂੰ ਬਦੀ ਉੱਤੇ ਕੁਰਬਾਨ ਕਰ।

ਬੈਂਤ—

ਹਸੂੰ ਹਸੂੰ ਕਰਦਾ ਖਿੜਿਆ ਦੇਖ ਚੇਹਰਾ,
ਹਰਿਕ ਆਦਮੀ ਹੋਇ ਪ੍ਰਸੰਨ ਜਾਂਦਾ।
ਐਪਰ ਰੋਂਦੂ ਦਿਲਗੀਰ ਦੀ ਦੇਖ ਸੂਰਤ,
ਖੁਸ਼ੀ ਆਦਮੀ ਵੀ ਅਪ੍ਰਸੰਨ ਜਾਂਦਾ।
ਖਿੜਿਆ ਆਦਮੀ ਤਾਂ ਭਲੀ ਭਾਂਤ ਜੀਵੇ,
ਪਰ ਦਿਲਗੀਰ ਸਮਝੋ ਭਰਕੇ ਡੈਨ ਜਾਂਦਾ।
ਪਾਣੀ, ਹਵਾ ਨਿਆਮਤਾਂ, ਹੋਰ ਸਭ ਕੁਝ,
ਹੈ ਵਿਅਰਥ ਉਸਦਾ ਖਾਧਾ ਅੰਨ ਜਾਂਦਾ।
ਰੋਣ ਨਾਲ ਹੋ ਜਾਂਵਦਾ ਦੁੱਖ ਦੂਣਾ,
ਮੂੰਹ ਮਲੀਨ, ਰੰਗ ਹੀਨ ਉਦਾਸ ਦਾ ਏ।

ਟਪਾ ਟਪ ਅੱਖਾਂ ਵਿੱਚੋਂ ਕਿਰਨ ਅਂਸੂ,
ਕੋਈ ਪੁੱਛੇ ਕਿ ਦੁੱਖ ਏਹ ਕਾਸ ਦਾ ਏ ?
"ਹਾਇ ਮੈਂ ਦੁਖੀਆ !" ਰੱਬਾ ਮਾਰ ਛੇਤੀ,
ਮਜ਼ਾ ਏਹਨੂੰ ਨਾ ਜ਼ਿੰਦਗੀ ਸੁਆਸ ਦਾ ਏ।
'ਚਰਨ' ਦੁੱਖ ਨੂੰ ਭੁੱਲਕੇ ਰਹੇ ਖਿੜਿਆ,
ਉਸਨੂੰ ਦੁੱਖ ਵੀ ਸੁੱਖ ਸਮ ਭਾਸਦਾ ਏ।

----

## ਮਨੁੱਖ ਆਪਣੇ ਸਾਥੀਆਂ ਵਿਚ ਕਿਸਤਰਾਂ ਵੱਡਾ ਹੋਸਕਦਾ ਹੈ ?

### ੪੩—ਭਲਮਣਸਊ ਤੇ ਗਿਜ਼ਤ

ਭਲਮਣਸਊ ਦਾ ਘਰ ਆਤਮਾ ਦੇ ਅੰਦਰ ਹੈ। ਨੇਕੀ ਨਾਲ ਸੱਚੀ ਇੱਜ਼ਤ ਤੇ ਮਾਨ ਪ੍ਰਾਪਤ ਹੁੰਦਾ ਹੈ, ਬਾਦਸ਼ਾਹੀ ਦੀ ਕ੍ਰਿਪਾ ਦ੍ਰਿਸ਼ਟੀ ਮੰਦਕਰਮ ਹੁੰਦਿਆਂ ਬੀ ਮਿਲ ਸਕਦੀ ਹੈ। ਖਿਤਾਬ ਰੁਪੈ ਨਾਲ ਖਰੀਦੇ ਜਾ ਸਕਦੇ ਹਨ, ਪਰ ਸੱਚੀ ਇੱਜ਼ਤ ਏਹਨਾਂ ਗੱਲਾਂ ਤੋਂ ਬਹੁਤ ਪਰੇ ਹੈ। ਜੋ ਆਦਮੀ ਵਡਿਆਈ ਪ੍ਰਾਪਤ ਕਰਨ ਲਈ ਬਦੀਆਂ ਕਰਦਾ ਹੈ, ਓਹ ਸੱਚੀ ਵਡਿਆਈ ਕਦੇ ਨਹੀਂ ਲੈ ਸਕਦਾ ਅਤੇ ਨਾ ਹੀ ਧਨ ਨਾਲ ਆਦਮੀ ਭਲਾਮਾਣਸ ਤੇ ਉੱਚਾ ਬਣਦਾ ਹੈ। ਜਦ ਨੇਕੀ ਦਾ ਸਿੱਟਾ ਮਾਨ ਤੇ ਇੱਜ਼ਤ, ਨੇਕਨਾਮੀ ਤੇ ਵਡਿਆਈ ਹੋਵੇ

ਅਤੇ ਜਦ ਕੌਮੀ ਸੇਵਾ ਕਰਨ ਵਾਲੇ ਨੂੰ ਆਗੂ ਦਾ ਦਰਜਾ ਮਿਲਦਾ ਹੈ ਤਾਂ ਇੱਜ਼ਤ,ਲੈਣ ਤੇ ਦੇਣ ਵਾਲੇ ਦੋਹਾਂ ਦੀ ਵਡਿ-ਆਈ ਹੁੰਦੀ ਹੈ ਅਤੇ ਦੁਨੀਆ ਨੂੰ ਏਸਤੋਂ ਲਾਭ ਪਹੁੰਚਦਾ ਹੈ।

ਇੱਜ਼ਤ ਤੇ ਵਡਿਆਈ ਕਿਸੇ ਦੇ ਪਿਓ ਦਾਦੇ ਦੀ ਨਹੀਂ। ਜੇਹੜਾ ਨਲੈਕ ਆਦਮੀ ਆਪਣੇ ਵੱਡਿਆਂ ਦੀ ਵਡਿਆਈ ਨੂੰ ਆਪਣੇ ਵਾਸਤੇ ਮਾਨਯੋਗ ਸਮਝਦਾ ਹੈ,ਓਹ ਓਸ ਚੋਰ ਵਾਂਗੂ ਹੈ ਜੋ ਮੰਦਰ ਵਿਚ ਜਾ ਲੁਕੇ। ਅੰਨ੍ਹੇ ਨੂੰ ਇਹ ਗੱਲ ਪ੍ਰਗਟ ਕਰਨ ਦਾ ਕੀ ਲਾਭ ਕਿ ਉਸਦੇ ਮਾਂ ਪਿਓ ਸੁਜਾਖੇ ਸਨ ? ਗੂੰਗੇ ਦਾ ਬਾਬਾ ਭਾਵੇਂ ਕਿੱਡਾ ਹੀ ਤਕੜਾ ਉਪਦੇਸ਼ਕ ਤੇ ਵਖਯਾਨਕ ਹੋਵੇ,ਪਰ ਓਸਨੂੰ ਕੀ ਫੈਦਾ ? ਏਸੇ ਤਰਾਂ ਨੀਚ ਨੂੰ ਕੀ ਫੈਦਾ ਜੇ ਓਸਦੇ ਪਿਓ ਦਾਦੇ ਭਲੇ-ਮਾਣਸ ਤੇ ਪਤਵੰਤੇ ਸਨ ?

ਨੇਕ ਆਦਮੀ ਨੂੰ ਵਡਿਆਈ ਮਿਲਦੀ ਹੈ, ਜੇਕਰ ਸਰਕਾਰ ਵਲੋਂ ਓਸਨੂੰ ਕੋਈ ਖਿਤਾਬ ਨਾ ਵੀ ਮਿਲੇ ਤਦ ਵੀ ਲੋਕਾਂ ਵਿਚ ਉਸਦਾ ਅਤੁੱਟ ਮਾਨ ਹੁੰਦਾ ਹੈ, ਓਸਦੀ ਇੱਜ਼ਤ ਆਪ ਤੋਂ ਆਪ ਵਧਦੀ ਹੈ। ਜਿਸ ਤਰਾਂ ਸਰੀਰ ਨਾਲੋਂ ਪਰਛਾਵਾਂ ਦੂਰ ਨਹੀਂ ਹੁੰਦਾ, ਏਸੇ ਤਰਾਂ ਨੇਕ ਆਦਮੀ ਪਾਸੋਂ ਸੱਚੀ ਇੱਜ਼ਤ ਕਦੇ ਪਰੇ ਨਹੀਂ ਹੁੰਦੀ।

ਇਹ ਨਾ ਸਮਝ ਕਿ ਬਹਾਦਰ ਤੇ ਸੂਰਮੇ ਆਦਮੀ ਹੀ ਮਾਨ ਪ੍ਰਾਪਤ ਕਰਦੇ ਹਨ ਅਤੇ ਨਾ ਹੀ ਖਿਆਲ ਕਰ ਕਿ ਜਾਨ ਖਤਰੇ ਵਿਚ ਪਾਉਣ ਨਾਲ ਹੀ ਇੱਜ਼ਤ ਮਿਲਦੀ ਹੈ। ਨੇਕਨਾਮੀ ਬਹਾਦਰੀ ਨਾਲ ਨਹੀਂ ਸਗੋਂ ਨੇਕੀ ਨਾਲ ਮਿਲਦੀ ਹੈ।

ਹਰੇਕ ਆਦਮੀ ਵਿਦਵਾਨ ਜਾਂ ਰਾਜ ਦਾ ਪ੍ਰਬੰਧਕ ਨਹਾਂ ਬਣ ਸਕਦਾ ਅਤੇ ਨਾ ਹੀ ਸਾਰੇ ਲੋਕ ਫੌਜਾਂ ਦੇ ਸੈਨਾਪਤੀ ਬਣ ਸਕਦੇ ਹਨ। ਤੂੰ ਆਪਣੇ ਫਰਜ਼ ਨੂੰ ਚੰਗੀ ਤਰਾਂ ਪਾਲ, ਫੇਰ ਹਰ ਪਾਸੇ ਤੇਰੀ ਵਾਹ ਵਾਹ ਹੋਵੇਗੀ।

ਇਹ ਨਾਂ ਸਮਝ ਕਿ ਵਡਿਆਈ ਪ੍ਰਾਪਤ ਕਰਨ ਵਾਸਤੇ ਕਠਨਾਈਆਂ ਨੂੰ ਵੱਸ ਕਰਨਾ ਅਤੇ ਖਤਰਿਆਂ ਵਿਚ ਪੈਣਾ ਹੀ ਜ਼ਰੂਰੀ ਹੈ, ਜਾਂ ਸਖਤ ਮਿਹਨਤ ਹੀ ਅਵੱਸ਼ਕ ਹੈ। ਕੀ ਪਤਿਬ੍ਰਤਾ ਇਸਤਰੀ ਦੀ ਉਪਮਾ ਨਹੀਂ ਹੁੰਦੀ? ਕੀ ਈਮਾਨਦਾਰ ਆਦਮੀ ਦੀ ਵਾਹ ਵਾਹ ਨਹੀਂ ਹੁੰਦੀ? ਏਹਨਾਂ ਗੁਣਾਂ ਉਤੇ ਕੀ ਹਿੰਗ ਫਟਕੜੀ ਲਗਦੀ ਹੈ?

ਵਡੇ ਬਣਨ ਦੀ ਕਾਮਨਾ ਵੱਡੀ ਤਕੜੀ ਅਤੇ ਇੱਜ਼ਤ ਪ੍ਰਾਪਤ ਕਰਨ ਦੀ ਖਾਹਸ਼ ਬੜੀ ਪ੍ਰਬਲ ਹੁੰਦੀ ਹੈ, ਪਰ ਏਹ ਚੀਜ਼ਾਂ ਚੰਗੇ ਤੇ ਵੱਡੇ ਕੰਮ ਕਰਨ ਪਰ ਹੀ ਮਿਲ ਸਕਦੀਆਂ ਹਨ।

ਨੇਕ ਆਦਮੀ ਇੱਜ਼ਤ ਪਾਕੇ ਪ੍ਰਸੰਨ ਹੁੰਦਾ ਹੈ। ਓਸਦਾ ਹੱਕ ਹੀ ਓਸਦਾ ਵੱਡਾ ਫਖ਼ਰ ਹੈ। ਕੀ ਇਹ ਸੁਣਨਾ ਚੰਗਾ ਹੈ ਕਿ "ਏਸ ਆਦਮੀ ਦੀ ਯਾਦ ਵਿਚ ਕਿਉਂ ਕੋਈ ਬੁਤ ਨਹੀਂ ਖੜਾ ਕੀਤਾ ਗਿਆ?" ਜਾਂ ਇਹ ਕਿ "ਪਤਾ ਨਹੀਂ ਲਗਦਾ ਕਿ ਫਲਾਨੇ ਆਦਮੀ ਦੀ ਯਾਦਗਾਰ ਕਿਓਂ ਖੜੀ ਕੀਤੀ ਗਈ ਹੈ?"

ਵੱਡਾ ਆਦਮੀ ਸਦਾ ਲੋਕਾਂ ਦੀ ਭੀੜ ਦੇ ਮੋਹਰੇ ਰਹਿੰਦਾ ਹੈ, ਓਹ ਪਿਛਾਹਾਂ ਨਹੀਂ ਤੱਕਦਾ ਸਗੋਂ ਧੱਕੇ ਧੋੜੇ ਖਾਂਦਾ ਅਗਾਹਾਂ ਹੀ ਵਧਦਾ ਜਾਂਦਾ ਹੈ, ਆਪਣੇ ਤੋਂ ਅੱਗੇ ਕਿਸੇ ਹੋਰ ਨੂੰ ਦੇਖਕੇ ਓਹ ਈਰਖਾ ਨਹੀਂ ਕਰਦਾ ਅਤੇ ਨਾ

ਹੀ ਆਪਣੇ ਪਿੱਛੇ ਹਜ਼ਾਰਾਂ ਆਦਮੀਆਂ ਨੂੰ ਦੇਖਕੇ ਉਸ ਨੂੰ ਪ੍ਰਸੰਨਤਾ ਹੁੰਦੀ ਹੈ।

ਵੱਡਾ ਬਣਨ ਦੀ ਚਾਹ ਹਰੇਕ ਆਦਮੀ ਦੇ ਦਿਲ ਵਿਚ ਹੈ,ਪਰ ਓਹ ਪੂਰੀ ਹੋਣਾ ਨਹੀਂ ਚਾਹੁੰਦੀ। ਕਿਸੇ ਦੀ ਚਾਹ ਭੈ ਨਾਲ ਅਤੇ ਕਿਸੇ ਦੀ ਨਿੰਮ੍ਰਤਾ ਜਾਂ ਲੱਜਾ ਨਾਲ ਮਰ ਜਾਂਦੀ ਹੈ। ਏਹ ਖਾਹਸ਼ ਆਤਮਾ ਦੀ ਪੁਸ਼ਾਕ ਹੈ। ਏਸੇ ਵਾਸਤੇ ਏਹ ਖਾਹਸ਼ ਅੰਤਲੇ ਦਮ ਤਕ ਆਦਮੀ ਦੇ ਦਿਲ ਵਿਚ ਰਹਿੰਦੀ ਹੈ।

ਏਹ ਕਾਮਨਾ ਦਗ਼ੇਬਾਜ਼ ਆਦਮੀ ਦੇ ਦਿਲ ਵਿਚ ਵੀ ਹੁੰਦੀ ਹੈ, ਪਰ ਏਸ ਦੇ ਪੜਦੇ ਵਿਚ ਦਗ਼ੇਬਾਜ਼ੀ ਆਪਣਾ ਮੂੰਹ ਲੁਕਾਈ ਰੱਖਦੀ ਹੈ ਅਤੇ ਮਕਰ ਓਸ ਨੂੰ ਥਿੰਦੇ ਚੋਪੜੇ ਲਫ਼ਜ਼ਾਂ ਦੀ ਪੁਸ਼ਾਕ ਪੁਆਉਂਦਾ ਹੈ, ਪਰ ਅੰਤ ਵਿਚ ਲੋਕ ਓਸ ਦੇ ਅਸਲ ਹਾਲ ਤੋਂ ਜਾਣੂ ਹੋ ਜਾਂਦੇ ਹਨ ਅਤੇ ਇੱਜ਼ਤ ਦੀ ਥਾਂ ਓਸ ਨੂੰ ਦੂਰ ਦੂਰ ਕਰਦੇ ਹਨ।

ਸੱਪ ਭਾਵੇਂ ਠੰਢ ਨਾਲ ਆਕੜ ਜਾਵੇ,ਪਰ ਫੇਰ ਵੀ ਓਸ ਦਾ ਡੰਗ ਜ਼ਹਿਰ ਤੋਂ ਸੱਖਣਾ ਨਹੀਂ ਹੁੰਦਾ। ਸਰਦੀ ਨਾਲ ਨਾਗ ਦਾ ਮੂੰਹ ਭਾਵੇਂ ਬੰਦ ਹੋ ਜਾਵੇ, ਪਰ ਫੇਰ ਵੀ ਓਸ ਦੀ ਜ਼ਹਿਰ ਭਰੀ ਕੁਚਲੀ ਨਹੀਂ ਮਰਦੀ। ਜੇ ਤੂੰ ਓਹਦੇ ਉਤੇ ਤਰਸ ਕਰਕੇ ਗਰਮੀ ਪੁਚਾਵੇਂ ਤਾਂ ਓਹ ਡੰਗ ਮਾਰਨੋਂ ਕਦੇ ਨਹੀਂ ਟਲੇਗਾ। ਜੋ ਆਦਮੀ ਸਚ ਮੁੱਚ ਨੇਕ ਹੈ, ਓਹ ਨੇਕੀ ਨੂੰ ਪਿਆਰ ਕਰਦਾ ਹੈ, ਓਹ ਲੋਕਾਂ ਦੀ ਵਾਹ ਵਾਹ ਨੂੰ ਘ੍ਰਿਣਾ ਦ੍ਰਿਸ਼ਟੀ ਨਾਲ ਦੇਖਦਾ ਹੈ, ਜੇਕਰ ਨੇਕ ਆਦਮੀ ਦਾ ਦਿਲ ਖੁਸ਼ ਨਹੀਂ ਹੈ ਤਾਂ ਓਸ ਦੀ ਹਾਲਤ ਸੱਚ ਮੁੱਚ ਤਰਸਯੋਗ

ਹੈ । ਓਸ ਦਾ ਦਿਲ ਐਨਾ ਉੱਚਾ ਹੈ ਕਿ ਓਹ ਨੇਕੀ ਦੇ ਬਦਲੇ ਕਿਸੇ ਤਰਾਂ ਦੀ ਵਾਸ਼ਨਾ ਦਾ ਖਿਆਲ ਹੀ ਨਹੀਂ ਰੱਖਦਾ ।

ਸੂਰਜ ਜਿੰਨਾ ਵਧੀਕ ਉੱਚਾ ਹੋਵੇ ਓਨਾ ਹੀ ਓਸ ਦਾ ਪਰਛਾਵਾਂ ਘਟ ਹੁੰਦਾ ਹੈ, ਏਹੋ ਹਾਲ ਨੇਕੀ ਦਾ ਹੈ, ਏਹ ਜਿੰਨੀ ਉੱਚੀ ਹੁੰਦੀ ਜਾਂਦੀ ਹੈ ਓਨੀ ਹੀ ਘਟ ਓਹ ਬਦਲੇ ਦੀ ਚਾਹਵਾਨ ਹੁੰਦੀ ਹੈ, ਪਰ ਏਹ ਯਾਦ ਰੱਖੋ ਕਿ ਸੱਚੀ ਨੇਕੀ ਕਦੀ ਇਜ਼ਤ ਤੇ ਮਾਨ ਤੋਂ ਵਿਰਵੀ ਨਹੀਂ ਰਹਿ ਸਕਦੀ।

ਜੋ ਆਦਮੀ ਇੱਜ਼ਤ ਦੇ ਮਗਰ ਭਜਦਾ ਹੈ, ਓਹ ਓਹਦੇ ਪਾਸੋਂ ਦੂਰ ਨੱਸਦੀ ਹੈ। ਪਰ ਜੋ ਏਸ ਵਲ ਮੂੰਹ ਨਹੀਂ ਕਰਦਾ, ਏਹ ਉਸ ਦੇ ਪੈਰਾਂ ਨੂੰ ਚੁੰਮਦੀ ਹੈ । ਜੇਕਰ ਤੇਰੇ ਅੰਦਰ ਏਸ ਨੂੰ ਪ੍ਰਾਪਤ ਕਰਨ ਦੇ ਗੁਣ ਨਹੀਂ ਹਨ ਤਾਂ ਤੈਨੂੰ ਏਹ ਕਦੇ ਨਸੀਬ ਨਹੀਂ ਹੋਵੇਗੀ ਅਤੇ ਜੇਕਰ ਤੂੰ ਏਸ ਦਾ ਹੱਕਦਾਰ ਹੈਂ ਤਾਂ ਭਾਵੇਂ ਤੂੰ ਪਤਾਲ ਵਿਚ ਵੀ ਜਾ ਲੁਕੇਂ ਏਹ ਤੈਨੂੰ ਓਥੇ ਵੀ ਲੱਭ ਲਵੇਗੀ।

ਚੰਗੀਆਂ ਤੇ ਪਵਿੱਤ੍ਰ ਚੀਜ਼ਾਂ ਦੇ ਪ੍ਰਾਪਤ ਕਰਨ ਦੀ ਚਾਹ ਕਰ, ਯੋਗ ਤੇ ਠੀਕ ਕੰਮ ਕਰ, ਫੇਰ ਤੇਰਾ ਆਤਮਾ ਪ੍ਰਸੰਨ ਹੋਵੇਗਾ, ਏਹ ਅੰਦਰਲੀ ਹਾਰਦਕ ਪ੍ਰਸੰਨਤਾ ਲੋਕਾਂ ਦੀ ਵਾਹ ਵਾਹ ਨਾਲੋਂ ਕਈ ਗੁਣਾਂ ਚੰਗੀ ਹੈ।

ਬੈਂਤ:-

ਜਦੋਂ ਆਖਦੇ ਲੋਕ "ਔਹ ਭਲਾਮਾਣਸ"
ਤੇਰੇ ਰਿਦੇ ਵਿੱਚ ਉਪਜਦੀ ਰੀਸ ਨਾਹੀਂ ?
ਖ਼ਰਚ ਨਾਲ ਮਿਲਦੀ ਵਿੱਦਯਾ ਸਨਦ ਹੈ ਵੇ,
ਸਨਦ ਏਸਦੀ ਪਰ ਕੋਈ ਫ਼ੀਸ ਨਾਹੀਂ ।

ਭਲੇ ਕੰਮ ਜੋ ਕਰੇ ਓਹ 'ਭਲਾਮਾਣਸ',
ਏਥੇ ਚਾਹੀਦੇ ਦੌਲਤ ਤੇ ਸੀਸ ਨਾਹੀਂ।
ਕਰ ਲੈ ਨੇਕੀਆਂ ਜਿਨੀਆਂ ਹੋਇ ਆਵਣ!
ਉਮਰ ਆਪਣੀ ਨੂੰ ਮਾਰ ਖੀਸ ਨਾਹੀਂ!
ਨਿਰਮਲ ਕਰਮ, ਤੇ ਨੇਕੀਆਂ, ਭਲੇ ਕਰਕੇ,
ਇਸ ਸੰਸਾਰ ਵਿਚ ਮਿਲਣ ਵਡਿਆਈਆਂ ਨੇ।
ਜਿਨ੍ਹਾਂ ਸੱਚ ਤੇ ਭਲੇ ਨੂੰ ਮੁੱਖ ਕੀਤਾ,
ਸੋਭਾ ਓਹਨਾਂ ਦੇ ਹਿੱਸੇ ਹੀ ਆਈਆਂ ਨੇ।
ਲੀਤੀ ਉੂਚਤਾ ਨੀਚ ਤੋਂ, ਭਲੇ ਕਰਕੇ,
ਛੈੜੇ ਤੇਲੀਆਂ, ਮੋਚੀਆਂ, ਨਾਈਆਂ ਨੇ।
'ਚਰਨ' ਓਹਨਾਂ ਦੇ ਨਾਲ਼ ਲੱਗ ਕਈ ਤਰ ਗਏ,
ਭਲੇ ਨਾਲ ਜਿਨ੍ਹਾਂ ਪ੍ਰੀਤਾਂ ਲਾਈਆਂ ਨੇ।

----

## ੪੪—ਵਿੱਦਿਆ ਤੇ ਹੁਨਰ

ਮਨੁੱਖ ਦੀ ਅਕਲ ਦਾ ਚੰਗਾ ਰੁਝੇਵਾਂ ਏਹ ਹੈ ਕਿ ਓਹ ਸਿਰਜਨਹਾਰ ਦੀਆਂ ਕਾਰੀਗਰੀਆਂ ਵੱਲ ਧਿਆਨ ਕਰੇ, ਓਹ ਕੁਦਰਤ ਵੱਲ ਵੇਖ ਕੇ ਖ਼ੁਸ਼ ਹੁੰਦਾ ਹੈ, ਹਰੇਕ ਚੀਜ਼ ਤੋਂ ਓਸ ਨੂੰ ਵਾਹਿਗੁਰੂ ਦੇ ਹੋਣ ਦਾ ਸਬੂਤ ਮਿਲਦਾ ਹੈ ਅਤੇ ਓਸ ਦੇ ਦਿਲ ਵਿਚ ਸਰਬ ਸ਼ਕਤੀਮਾਨ ਦੀ ਉਪਮਾ ਤੇ ਭਗਤੀ ਕਰਨ ਦਾ ਖ਼ਿਆਲ ਉਤਪੰਨ ਹੁੰਦਾ ਹੈ।

ਇਸ ਦਾ ਦਿਲ ਹਰ ਖਿਨ ਅਕਾਸ਼ ਵੱਲ ਉੱਡਦਾ ਹੈ, ਓਸ ਦਾ ਜੀਵਨ ਲਗਾਤਾਰ ਭਗਤੀ ਹੈ, ਜਦ ਓਹ ਬੱਦਲਾਂ ਵੱਲ ਧਿਆਨ ਮਾਰਦਾ ਹੈ ਤਾਂ ਅਕਾਸ਼ ਉੱਤੇ ਅਜੀਬ ਝਾਕੇ

ਨਜ਼ਰ ਆਉਂਦੇ ਹਨ ਅਤੇ ਜਦ ਓਹ ਧਰਤੀ ਵੱਲ ਤੱਕਦਾ ਹੈ ਤਾਂ ੮੪ ਲੱਖ ਜੀਵ ਓਸ ਕਰਤਾ ਪੁਰਖ ਦੀ ਵਡਿਆਈ ਪ੍ਰਗਟ ਕਰਦੇ ਦਿਸਦੇ ਹਨ।

ਸਤਾਰੇ ਭੌਂਦੇ ਹਨ, ਪਰ ਸੂਰਜ ਆਪਣੀ ਥਾਂ ਤੇ ਖਲੋਤਾ ਹੈ, ਬੋਦੀ ਵਾਲੇ ਤਾਰੇ ਧਰਤੀ ਤੇ ਅਕਾਸ਼ ਦੇ ਮੱਧ ਵਿਚ ਚੱਕਰ ਲਾਉਂਦੇ ਫਿਰਦੇ ਹਨ ਅਤੇ ਫੇਰ ਆਪਣੀ ਥਾਂ ਤੇ ਚਲੇ ਜਾਂਦੇ ਹਨ। ਹੇ ਮਨੁੱਖ ! ਵਾਹਿਗੁਰੂ ਤੋਂ ਬਿਨਾ ਹੋਰ ਕੌਣ ਏਨ੍ਹਾਂ ਚੀਜ਼ਾਂ ਨੂੰ ਬਣਾ ਸਕਦਾ ਹੈ? ਓਸ ਸਰਬ ਸ਼ਕਤੀ ਮਾਨ ਤੋਂ ਬਿਨਾ ਕੌਣ ਓਹਨਾਂ ਦੀ ਚਾਲ ਦੇ ਨਿਯਮ ਬੰਨ੍ਹਦਾ ਹੈ ?

ਓਹਨਾਂ ਦੀ ਸ਼ਾਨ ਵੇਖੋ ਕੇਹੀ ਅਨੋਖੀ ਹੈ ? ਪਰ ਫੇਰ ਬੀ ਓਹ ਕੁਝ ਨਹੀਂ, ਓਹਨਾਂ ਦੀ ਤੇਜ਼ ਚਾਲ ਵੇਖੋ, ਪਰ ਤਦ ਵੀ ਓਹ ਇਕ ਦੂਜੇ ਨਾਲ ਟੱਕਰ ਨਹੀਂ ਖਾਂਦੇ। ਧਰਤੀ ਉਤੇ ਨਜ਼ਰ ਮਾਰੋ ਅਤੇ ਓਸ ਵਿੱਚੋਂ ਉਤਪੰਨ ਹੋਣ ਵਾਲੀਆਂ ਚੀਜ਼ਾਂ ਵਲ ਧਿਆਨ ਕਰੋ। ਧਰਤੀ ਦੇ ਢਿੱਡ ਵਿਚ ਵੜਕੇ ਦੇਖੋ ਕਿ ਓਥੇ ਕੀ ਹੈ ? ਕੀ ਓਸ ਵੱਡੇ ਅਕਾਲ ਕਾਰੀਗਰ ਨੇ ਏਹਨਾਂ ਸਾਰੀਆਂ ਚੀਜ਼ਾਂ ਨੂੰ ਪੈਦਾ ਨਹੀਂ ਕੀਤਾ ?

ਘਾਹ ਕਿਦ੍ਹੀ ਕੁਦਰਤ ਨਾਲ ਉੱਗਦਾ ਹੈ ? ਅਤੇ ਯੋਗ ਵੇਲੇ ਓਸਨੂੰ ਕੌਣ ਪਾਣੀ ਦੇਂਦਾ ਹੈ ? ਏਸੇ ਘਾਹ ਨੂੰ ਬਲਦ ਖਾਂਦੇ ਹਨ, ਘੋੜੇ ਚਰਦੇ ਹਨ। ਤੂੰ ਜੋ ਅਨਾਜ ਬੀਜਦਾ ਹੈਂ, ਓਸਨੂੰ ਕੌਣ ਉਗਾਉਂਦਾ ਅਤੇ ਇਕ ਦਾਣੇ ਦੇ ਹਜ਼ਾਰ ਦਾਣੇ ਕੌਣ ਕਰਦਾ ਹੈ ?

ਕੀ ਨਿੱਕੀ ਤੋਂ ਨਿੱਕੀ ਮੱਖੀ ਆਪੇ ਉਤਪੰਨ ਹੋ

ਸਕਦੀ ਹੈ ? ਕੀ ਜੇ ਤੂੰ ਰੱਬ ਨਾਲੋਂ ਰਤਾ ਵੀ ਘਟ ਹੁੰਦੋਂ ਤਾਂ ਏਸਨੂੰ ਪੈਦਾ ਕਰ ਸਕਦੋਂ ?

ਤੈਨੂੰ ਚਾਹੀਦਾ ਹੈ ਕਿ ਵਾਹਿਗੁਰੂ ਦੀ ਏਸ ਕੁਦਰਤ ਵੱਲ ਧਿਆਨ ਮਾਰੇਂ ਅਤੇ ਏਸਦਾ ਗਿਆਨ ਪ੍ਰਾਪਤ ਕਰੇਂ।

ਯਾਦ ਰੱਖ, ਧਰਤੀ ਤੋਂ ਕੋਈ ਚੀਜ਼ ਅਜੇਹੀ ਪੈਦਾ ਨਹੀਂ ਹੁੰਦੀ ਜੋ ਤੇਰੇ ਕੰਮ ਦੀ ਨਾ ਹੋਵੇ ? ਕੀ ਖੁਰਾਕ, ਪੁਸ਼ਾਕਾ ਤੇ ਦੁਆਵਾਂ ਧਰਤੀ ਵਿੱਚੋਂ ਨਹੀਂ ਨਿਕਲਦੀਆਂ ?

ਸਿਆਣਾ ਕੌਣ ਹੈ ? ਵਿੱਦਵਾਨ ਕੇਹੜਾ ਹੈ ? ਜੇਹੜਾ ਏਹ ਗੱਲਾਂ ਜਾਣਦਾ ਅਤੇ ਅਕਲ ਨਾਲ ਏਹਨਾਂ ਸਾਰੀਆਂ ਉੱਤੇ ਵਿਚਾਰ ਕਰਦਾ ਹੈ।

ਬਾਕੀ ਹੋਰ ਵਿੱਦਜਾ ਵਾਸਤੇ ਏਹ ਗੱਲ ਜ਼ਰੂਰੀ ਹੈ ਕਿ ਜੋ ਵਿੱਦਜਾ ਸਭ ਤੋਂ ਵਧੀਕ ਲਾਭਕਾਰੀ ਹੋਵੇ ਅਤੇ ਜਿਸ ਹੁਨਰ ਵਿਚ ਬਹੁਤ ਘਟ ਖੁਦੀ ਪਾਈ ਜਾਵੇ, ਓਸ ਨੂੰ ਪ੍ਰਾਪਤ ਕਰ। ਇਹ ਸਭ ਗੁਣ ਆਪਣੀ ਮਨੁੱਖ-ਜਾਤੀ ਦਾ ਭਲਾ ਕਰਨ ਲਈ ਪ੍ਰਾਪਤ ਕਰ। ਜੀਊਣਾ ਅਤੇ ਮਰਨਾ, ਹੁਕਮ ਕਰਨਾ ਤੇ ਟਹਿਲ ਕਰਨੀ, ਨੇਕੀ ਕਰਨੀ ਅਤੇ ਦੁੱਖ ਭੋਗਣਾ ਕੀ ਏਹ ਘਟ ਚਿੰਤਾ ਦਾਇਕ ਹੈ ? ਪਰਤਾਵਾ ਤੈਨੂੰ ਏਹ ਸਾਰੀਆਂ ਗੱਲਾਂ ਸਿਖਾ ਦੇਵੇਗਾ ?

ਦੇਖ ! ਏਹ ਗੱਲਾਂ ਤੂੰ ਅੱਗੇ ਹੀ ਜਾਣਦਾ ਹੈਂ, ਕੇਵਲ ਚੇਤਾਵਨੀ ਕਰਾਉਣ ਦੀ ਲੋੜ ਹੈ, ਏਹਨਾਂ ਦਾ ਵਰਤਣਾ ਸੁਖਾਲਾ ਹੈ, ਏਸ ਵਾਸਤੇ ਤਕੜਾ ਰਹੁ।

ਬਾਕੀ ਸਭ ਵਿੱਦਜਾ ਨਿਸਫਲ ਹਨ, ਇਲਮ ਨਿਕੰਮਾ ਹੈ, ਏਸਤੋਂ ਤੇਰੇ ਜੀਵਨ ਨੂੰ ਕੋਈ ਲਾਭ ਨਹੀਂ

ਪਹੁੰਚੇਗਾ। ਏਸਦੇ ਨਾਲ ਨਾ ਤੂੰ ਨੇਕ ਬਣ ਸਕਦਾ ਹੈਂ ਅਤੇ ਨਾ ਧਰਮੀ, ਰੱਬ ਦਾ ਭਉ ਤੇ ਲੋਕਾਂ ਦੀ ਭਲਿਆਈ ਤੇਰੇ ਫਰਜ਼ ਹਨ। ਏਹ ਫਰਜ਼ ਪੂਰੇ ਕਰ ਤਾਂ ਤੇਰਾ ਸਿਰਜਨਹਾਰ ਤੇਰੇ ਤੇ ਪ੍ਰਸੰਨ ਹੋਵੇਗਾ।

ਬੈਂਤ:-

ਪੜ੍ਹੀਆਂ ਪੁਸਤਕਾਂ ਲੱਖ, ਪਰ ਰਿਦਾ ਪੱਥਰ,
ਐਸਾ ਇਲਮ ਪੜ੍ਹਿਆ ਕਿਸੇ ਕਾਰ ਨਾਹੀਂ।
ਕੀੜਾ ਅੱਖਰਾਂ ਦਾ ਬਣਨਾ ਕੰਮ ਕੇਹੜੇ ?
ਕੁਦਰਤ ਵੱਲ ਕੀਤੇ ਜੇ ਵਿਚਾਰ ਨਾਹੀਂ।
ਪੜ੍ਹੇ ਹੋਏ ਨੂੰ ਮੂਰਖੋਂ ਹੀਣ ਜਾਣੋ,
ਜਿਸਨੂੰ ਆਪਣੇ ਆਪ ਦਾ ਸਾਰ ਨਾਹੀਂ।
ਖੋਤਾ ਲੱਦਿਆ ਪੁਸਤਕਾਂ ਨਾਲ ਸਮਝੋ,
ਪੜ੍ਹਕੇ ਦੂਰ ਜਿਸ ਕੀਤਾ ਹੰਕਾਰ ਨਾਹੀਂ।
ਪੜ੍ਹੋ ਵਿੱਦਯਾ ਸਿੱਖਿਆ ਲੈਣ ਖ਼ਾਤਰ,
ਸਿੱਖੋ ਹੁਨਰ ਕੋਈ ਖ਼ਾਤਰ ਕਾਰ ਪਿਆਰੇ।
ਪੜ੍ਹਕੇ ਰੱਬ ਦੇ ਖੇਲ ਪਿਖ, ਕਰੋ ਉਪਮਾ,
ਤੋਰੋ ਹੁਨਰ ਸੇ ਕਾਰ ਸੰਸਾਰ ਪਿਆਰੇ।
ਪੜ੍ਹਕੇ ਕਰੋ ਪਹਿਚਾਨ ਨਿਜ ਰੂਪ ਸੰਦੀ,
ਕਰੋ 'ਹੁਨਰ' ਦਾ ਨਹੀਂ ਹੰਕਾਰ ਪਿਆਰੇ।
'ਚਰਨ' ਵਿੱਦਯਾ ਲਗ ਕਰ ਗਯਾਨ ਪ੍ਰਾਪਤ,
ਹੁਨਰ ਨਾਲ ਕਰ ਜਗਤ ਉਪਕਾਰ ਪਿਆਰੇ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:-

(੧) ਵਿਦਿਆ ਵੀਚਾਰੀ ਤਾਂ ਪਰਉਪਕਾਰੀ।

(੨) ਅੰਧੇ ਅਕਲੀ ਬਾਹਰੇ ਮੂਰਖ ਅੰਧ ਗਿਆਨ।
ਨਾਨਕ ਨਦਰੀ ਬਾਹਰੇ ਕਬਹਿ ਨ ਪਾਵਹਿ ਮਾਨ।

(੩) ਬਿਨ ਵਿਦਿਆ ਕਹਾ ਕੋਈ ਪੰਡਤ ?

(੪) ਗੁਰ ਪਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ।

(੫) ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ। ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ। ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ। ਪੜੀਅਹਿ ਜੇਤੀ ਆਰਜਾ ਪੜੀਅਹਿ ਜੇਤੇ ਸਾਸ। ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣ ਝਾਖ।

(੬) ਪੜਿਆ ਮੂਰਖ ਆਖੀਐ ਜਿਸ ਲਬ ਲੋਭ ਅਹੰਕਾਰ।

----

## ੪੫—ਅਮੀਰੀ ਤੇ ਗਰੀਬੀ

ਅਮੀਰੀ ਵਿਚ ਬਹੁਤਾ ਨਾ ਫੁੱਲ ਅਤੇ ਨਾ ਗਰੀਬੀ ਵੇਲੇ ਐਨਾ ਬਹੁਤਾ ਚਿੰਤਾਵਨ ਹੋ ਕਿ ਓਹ ਤੇਰੇ ਆਤਮਾ ਨੂੰ ਬਰਬਾਦ ਕਰਨ ਦਾ ਕਾਰਨ ਬਣ ਜਾਵੇ।

ਕਿਸਮਤ ਦੀ ਕ੍ਰਿਪਾ ਵਿਚ ਦ੍ਰਿੜ੍ਹਤਾ ਨਹੀਂ ਹੈ, ਏਸ ਵਾਸਤੇ ਓਸਦੇ ਭਰੋਸੇ ਤੇ ਨਾ ਰਹੁ। ਕਿਸਮਤ ਦਾ ਗੁੱਸਾ ਭੀ ਸਦਾ ਨਹੀਂ ਰਹਿੰਦਾ ਏਸ ਵਾਸਤੇ ਉਮੈਦ ਪਾਸੋਂ ਸਬਰ ਦੀ ਸਿੱਖਜ਼ਾ ਲੈ।

ਗਰੀਬੀ ਵਿਚ ਸਹਾਰਾ ਰੱਖਣਾ ਬਹੁਤਾ ਕਠਿਨ ਨਹੀਂ, ਪਰ ਅਮੀਰੀ ਵਿਚ ਆਪਣੇ ਆਪ ਨੂੰ ਕਾਬੂ ਰੱਖਣਾ ਵੱਡਾ ਭਾਰਾ ਗੁਣ ਹੈ।

ਸੁਖ ਅਤੇ ਦੁਖ, ਬੁਰਿਆਈ ਤੇ ਭਲਿਆਈ ਓਹ ਘਸਵੱਟੀ ਹੈ, ਜਿਸਤੋਂ ਤੂੰ ਆਪਣੇ ਸੁਭਾਵ ਦੀ ਦ੍ਰਿੜ੍ਹਤਾ ਮਲੂਮ ਕਰ ਸੱਕਦਾ ਹੈਂ। ਹੋਰ ਕੋਈ ਤ੍ਰੀਕਾ ਅਜੇਹਾ ਨਹੀਂ ਹੈ, ਜਿਸਤੋਂ ਤੇਰੇ ਆਤਮਕ ਬਲ ਦਾ ਪਤਾ ਲਗ ਸੱਕੇ, ਤੂੰ ਹੁਸ਼ਿਆਰ ਰਹੁ, ਵੱਡਪਣ ਨੂੰ ਦੇਖ ਕਿ ਓਹ ਕਿਨ੍ਹਾਂ ਨਖ਼ਰਿਆਂ ਨਾਲ ਤੇਰੇ ਨਾਲ ਖੇਡਦੀ ਹੈ। ਓਹ ਤੈਨੂੰ ਬੇਮਲੂਮਾ ਹੀ ਤੇਰੀ ਸ਼ਕਤੀ ਤੋਂ ਵਾਂਜ ਦੇਂਦੀ ਹੈ।

ਭਾਵੇਂ ਤੂੰ ਗਰੀਬੀ ਦੇ ਵੇਲੇ ਸਬਰ ਕਰ ਲਵੇਂ ਅਤੇ ਬਿਪਤਾ ਦੇ ਵੇਲੇ ਵੀ ਦ੍ਰਿੜ੍ਹ ਰਹੇਂ, ਪਰ ਅਮੀਰੀ ਤੇ ਸੁਖ ਤੈਨੂੰ ਆਪਣੇ ਵੱਸ ਕਰ ਲੈਂਦੇ ਹਨ। ਗਰੀਬੀ ਸਾਨੂੰ ਹੋਰਨਾਂ ਦੁਖੀਆਂ ਉੱਤੇ ਤਰਸ ਕਰਨਾ ਸਿਖਾਉਂਦੀ ਹੈ, ਪਰ ਅਮੀਰੀ ਸਾਡੇ ਮਿੱਤ੍ਰਾਂ ਨੂੰ ਹੀ ਸਾਡੇ ਈਰਖੀ ਤੇ ਵੈਰੀ ਬਣਾ ਦੇਂਦੀ ਹੈ।

ਬਿਪਤਾ ਵਿਚ ਨੇਕੀ ਦਾ ਖ਼ਿਆਲ ਆਉਂਦਾ ਹੈ। ਬਿਪਤਾ ਸਾਨੂੰ ਹੌਸਲੇ ਤੇ ਮਰਦਊ ਦਾ ਵੱਲ ਸਿਖਾਂਦੀ ਹੈ, ਬਿਪਤਾ ਦੇ ਵੇਲੇ ਆਦਮੀ ਆਪਣੇ ਆਪ ਨੂੰ ਇਕੱਲਿਆਂ ਵੇਖਦਾ ਹੈ। ਓਹ ਸਮਝ ਲੈਂਦਾ ਹੈ ਕਿ ਆਪਣੀਆਂ ਸਾਰੀਆਂ ਆਸਾਂ ਉਮੈਦਾਂ ਨੂੰ ਪੂਰਾ ਕਰਨਹਾਰਾ ਕੇਵਲ ਮੈਂ ਹੀ ਹਾਂ। ਉਸ ਦੇ ਅੰਦਰ ਇਕ ਅਸਾਧਾਰਨ ਉਬਾਲਾ ਉਠਦਾ ਹੈ ਅਤੇ ਓਹ ਕਠਿਨਾਈਆਂ ਦਾ ਟਾਕਰਾ ਕਰਕੇ ਓਹਨਾਂ ਨੂੰ ਦੂਰ ਕਰ ਲੈਂਦਾ ਹੈ। ਪਰ ਸੁਖ ਤੇ ਅਮੀਰੀ ਦੇ ਵੇਲੇ ਓਹ ਆਪਣੇ ਆਪ ਨੂੰ ਅਚਿੰਤ ਸਮਝ ਕੇ ਹੋਰ ਸਾਰਿਆਂ ਨੂੰ ਆਪਣੇ ਸਹਾਇਕ ਤੇ ਹਮਦਰਦ ਜਾਣਦਾ ਹੈ, ਇਸ ਵਾਸਤੇ ਬੇਪ੍ਰਵਾਹ ਹੋਕੇ ਆਉਣ ਵਾਲੀ ਬਿਪਤਾ ਨੂੰ ਝੱਲਣ

ਲਈ ਤਿਆਰ ਨਹੀਂ ਰਹਿੰਦਾ। ਓਹ ਦੂਜਿਆਂ ਉੱਤੇ ਭਰੋਸਾ ਰੱਖਦਾ ਹੈ ਜੋ ਅੰਤ ਵਿਚ ਓਸ ਨੂੰ ਧੋਖਾ ਦੇਂਦੇ ਹਨ। ਬਿਪਤਾ ਦੇ ਵੇਲੇ ਆਦਮੀ ਆਪਣੇ ਆਪ ਨੂੰ ਆਪ ਤਸੱਲੀ ਦੇ ਸਕਦਾ ਹੈ,ਪਰ ਅਮੀਰੀ ਦੇ ਸੁਖਾਂ ਵੇਲੇ ਓਸ ਦੀਆਂ ਸੋਚ ਦੀਆਂ ਅੱਖਾਂ ਵੀ ਮੀਟੀਆਂ ਜਾਂਦੀਆਂ ਹਨ।

ਚੰਗਾ ਹੈ ਓਹ ਗਮ ਜੋ ਦਿਲ ਦੀ ਸ਼ਾਂਤੀ ਦਾ ਕਾਰਨ ਹੋਵੇ, ਪਰ ਓਹ ਖ਼ੁਸ਼ੀ ਕਿਸ ਕੰਮ ਦੀ ਜੋ ਮਨੁੱਖ ਨੂੰ ਬਿਪਤਾ ਤੇ ਦੁਖ ਦਾ ਟਾਕਰਾ ਕਰਨ ਦੇ ਅਯੋਗ ਬਣਾ ਕੇ ਅੰਤ ਵਿਚ ਦੁਖਾਂ ਦੇ ਸਾਗਰ ਵਿਚ ਸੁੱਟ ਦੇਵੇ ?

ਤੂੰ ਆਪਣੀਆਂ ਸਾਰੀਆਂ ਹਾਲਤਾਂ ਵਿਚ ਸੱਚਾ ਤੇ ਹੌਸਲੇ ਵਾਲਾ ਬਣ। ਭਾਵੇਂ ਕਿਹਾ ਸਮਾ ਆ ਬਣੇ, ਸੰਤੋਖ ਰੱਖ। ਇਸ ਤਰਾਂ ਤੂੰ ਸੁਖੀ ਰਹੇਂਗਾ। ਅਕਲਮੰਦ ਆਦਮੀ ਹਰੇਕ ਗਲ ਤੋਂ ਲਾਭ ਪ੍ਰਾਪਤ ਕਰਦਾ ਹੈ ਅਤੇ ਕਿਸਮਤ ਦੀਆਂ ਸਾਰੀਆਂ ਖੇਡਾਂ ਵਿਚ ਓਸ ਦਾ ਦਿਲ ਇੱਕੋ ਜਿਹਾ ਰਹਿੰਦਾ ਹੈ। ਓਹ ਨੇਕੀ ਦਾ ਮਿੱਤ੍ਰ ਅਤੇ ਪਾਪ ਦਾ ਵੈਰੀ ਰਹਿੰਦਾ ਹੈ। ਭਾਵੇਂ ਕੁਝ ਹੋ ਜਾਵੇ, ਪਰ ਓਸ ਦਾ ਅਚੱਲ ਹਿਰਦਾ ਕਦੇ ਨਹੀਂ ਡੋਲਦਾ।

ਅਮੀਰੀ ਵੇਲੇ ਹੰਕਾਰ ਨਾ ਕਰ ਅਤੇ ਨਾ ਬਿਪਤਾ ਤੇ ਗਰੀਬੀ ਵੇਲੇ ਦਿਲ ਤੋੜ ਬੈਠ। ਜਾਣ ਬੁੱਝ ਕੇ ਦੁੱਖਾਂ ਵਿਚ ਨਾ ਪਉ ਅਤੇ ਨਾ ਹੀ ਕਾਇਰਾਂ ਵਾਂਗ ਦੁੱਖਾਂ ਦੇ ਡਰ ਨਾਲ ਰੋ ਪਿੱਟ, ਜੇਹੜੀ ਚੀਜ਼ ਤੇਰੇ ਪਾਸ ਰਹਿਣੀ ਨਹੀਂ ਚਾਹੁੰਦੀ ਓਸ ਨੂੰ ਤੂੰ ਵੀ ਘ੍ਰਿਣਾ ਕਰ।

ਬਿਪਤਾ ਦੇ ਵੇਲੇ ਆਸ ਨੂੰ ਹੱਥੋਂ ਨਾ ਗੁਆ ਅਤੇ ਨਾ

ਅਮੀਰੀ ਵੇਲੇ ਸਿਆਣਪ ਨੂੰ ਤਿਆਗ ਦੇਹ।

ਜੋ ਆਦਮੀ ਅਰੰਭ ਵਿਚ ਹੀ ਅੰਤ ਤੋਂ ਨਿਰਾਸ਼ ਹੋ ਜਾਂਦਾ ਹੈ, ਓਹ ਕਦੀ ਆਪਣੇ ਮਨਤਵ ਵਿਚ ਸਫਲਤਾ ਪ੍ਰਾਪਤ ਨਹੀਂ ਕਰਦਾ ਅਤੇ ਜੋ ਆਦਮੀ ਆਪਣੇ ਸਾਮ੍ਹਣੇ ਟੋਆ ਨਹੀਂ ਦੇਖਦਾ, ਓਹ ਜ਼ਰੂਰ ਓਹਦੇ ਵਿੱਚ ਡਿੱਗ ਕੇ ਮਰ ਜਾਵੇਗਾ।

ਜੋ ਆਦਮੀ ਅਮੀਰੀ ਤੇ ਸੁਖ ਵੇਲੇ ਆਕੜਦਾ ਤੇ ਹੰਕਾਰ ਕਰਦਾ ਹੈ, ਓਹ ਓਸ ਆਦਮੀ ਵਾਂਗ ਹੈ, ਜੋ ਰੇਤ ਨਾਲ ਆਪਣੀ ਬੇੜੀ ਬੰਨ੍ਹਦਾ ਹੈ; ਜੋ ਲਹਿਰ ਆਉਂਦਿਆਂ ਹੀ ਡੁੱਬ ਜਾਂਦੀ ਹੈ।

ਜਿਸ ਤਰ੍ਹਾਂ ਦਰਿਆ ਪਹਾੜ ਵਿੱਚੋਂ ਨਿਕਲ ਕੇ ਰਸਤੇ ਵਿਚ ਕਿਤੇ ਨਹੀਂ ਅਟਕਦਾ; ਸਗੋਂ ਸਭ ਖੇਤਾਂ, ਖੱਡਾਂ, ਮਦਾਨਾਂ ਅਤੇ ਜੰਗਲਾਂ ਨੂੰ ਤ੍ਰਿਪਤ ਕਰਦਾ ਹੋਇਆ ਸਮੁੰਦ੍ਰ ਵਿਚ ਜਾ ਡਿੱਗਦਾ ਹੈ, ਓਸੇ ਤਰ੍ਹਾਂ ਕਿਸਮਤ ਆਦਮੀ ਪਾਸ ਆਉਂਦੀ ਹੈ। ਓਹ ਕਿਸੇ ਪਾਸ ਬਹੁਤਾ ਚਿਰ ਨਹੀਂ ਅਟਕਦੀ, ਤੂੰ ਓਸ ਨੂੰ ਕਿਸ ਤਰ੍ਹਾਂ ਫੜ ਕੇ ਬਿਠਾ ਸੱਕਦਾ ਹੈਂ ? ਅਜੇ ਤੂੰ ਓਸ ਦਾ ਸੁੰਦਰ ਤੇ ਸੁਖ ਦਾਤਾ ਮੁਖੜਾ ਵੇਖਕੇ ਪ੍ਰਸੰਨ ਵੀ ਨਹੀਂ ਹੋ ਲੈਂਦਾ ਕਿ ਓਹ ਝੱਟ ਤੇਰੇ ਨਾਲ ਰੁੱਸ ਕੇ ਪਿੱਠ ਭੁਆ ਜਾਂਦੀ ਹੈ। ਬੈਂਤ—

ਲੋਕ ਕਹਿੰਦੇ 'ਕੰਗਾਲਤਾ' ਦੁੱਖ ਵੱਡਾ,<br>
ਸਭ ਧਨਵਾਨ ਹੀ ਬਣਨ ਦੀ ਚਾਹ ਕਰਦੇ।<br>
ਧਨ ਨੂੰ ਦੇਖ ਮੂੰਹ ਵਿੱਚ ਭਰ ਆਏ ਪਾਣੀ,<br>
"ਔਹ ਅਮੀਰ" ਕਹਿਕੇ ਵਾਹ ਵਾਹ ਕਰਦੇ।

ਦੌਲਤ ਕਿਸੇ ਨੂੰ ਕਦੀ ਜੇ ਆਣ ਮਿਲਦੀ,
ਆਕੜ ਫੁੱਲ ਕੇ ਨੇ ਖਾਹਮਖਾਹ ਕਰਦੇ।
ਕਿਉਂਕਿ ਮਾਯਾ ਤਾਂ ਬੱਦਲ ਦੀ ਅਹੇ ਛਾਯਾ,
ਛਪਨ ਹੋਇ ਜਦ ਫੇਰ ਹਾ! ਆਹ! ਕਰਦੇ।
ਦੌਲਤ ਆਉਂਦੀ ਜਾਉਂਦੀ ਸਦਾ ਰਹਿੰਦੀ,
ਏਹੋ ਚਾਲ ਹੈ ਦਿਨੇ ਤੇ ਰਾਤ ਉਸ ਦੀ।
ਓਹ ਚੁਲਬੁਲੀ ਦੀ ਤੂੰ ਪ੍ਰਵਾਹ ਨਾ ਕਰ,
ਆਂਦੀ ਜਾਂਦੀ ਦੀ ਪੁੱਛ ਨਾ ਵਾਤ ਉਸ ਦੀ।
ਗਰੀਬੀ ਅਹੇ ਬੀਬੀ, ਕਈਆਂ ਗੁਣਾਂ ਵਾਲੀ,
ਚੰਗੀ ਸਬਰ ਤੇ ਸ਼ੁਕਰ ਦੀ ਭਾਤ ਉਸਦੀ।
'ਚਰਨ' ਦੇਣ ਹਾਰਾ ਸਭ ਕੁਝ ਸੋਚ ਦੇਂਦਾ,
ਤੂੰ ਕਬੂਲ ਕਰ ਸ਼ੁਕਰ ਸੰਗ ਦਾਤ ਉਸਦੀ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:-

(੧) ਸੰਗਿ ਨ ਚਾਲਸਿ ਤੇਰੈ ਧਨਾ।
ਤੂੰ ਕਿਆ ਲਪਟਾਵਹਿ ਮੂਰਖ ਮਨਾ॥
(੨) ਧਨ ਧਨ ਕਹਾ ਪੁਕਾਰਤੇ ਮਾਇਆ ਮੋਹ ਸਭ ਕੂੜ॥
(੩) ਜੋ ਪ੍ਰਭ ਕਰੈ ਸੋਈ ਭਲ ਮਾਨਹੁ
ਦੁਖ ਸੁਖ ਓਹੀ ਧਿਆਈਐ ਰੇ।

———

## ੪੬–ਦੁਖ ਤੇ ਰੋਗ

ਸਰੀਰ ਦੇ ਦੁੱਖ ਦਾ ਅਸਰ ਆਤਮਾ ਤੇ ਵੀ ਪੈਂਦਾ ਹੈ, ਜਦ ਤੇਰੇ ਅੰਦਰ ਦ੍ਰਿੜ੍ਹਤਾ ਨਾ ਰਹੇ ਤਾਂ ਅਕਲ ਤੋਂ ਕੰਮ ਲੈ ਅਤੇ ਜਦ ਸੰਤੋਖ ਨਾ ਰਹੇ ਤਦ ਉਮੈਦ ਨੂੰ ਫੜ ਲੈ।

ਦੁਖ ਝੱਲਣਾ ਇਕ ਕੁਦਰਤੀ ਗੱਲ ਹੈ। ਚਾਹੀਦਾ ਹੈ ਕਿ ਕੋਈ ਖਾਸ ਕਰਾਮਾਤ ਤੈਨੂੰ ਖੁਸ਼ੀ ਨਾਲ ਦੁੱਖ ਝੱਲਣ ਦਾ ਵੱਲ ਸਿਖਾਏ। ਕੀ ਤੂੰ ਏਸ ਵਾਸਤੇ ਘੁਲ ਘੁਲ ਕੇ ਮਰ ਜਾਵੇਂਗਾ ਕਿ ਦੁਖ ਤੇਰੇ ਸਰੀਰ ਨਾਲ ਜੁੜਿਆ ਹੋਇਆ ਹੈ? ਏਹ ਤਾਂ ਸਾਰਿਆਂ ਦੇ ਹਿੱਸੇ ਇਕੋ ਜਿਹਾ ਆਇਆ ਹੈ!

ਏਹ ਉਮੈਦ ਰੱਖਣੀ ਬਿਲਕੁਲ ਅੰਨਜਾਉਂ ਹੈ ਕਿ ਤੂੰ ਆਪਣੇ ਜੀਵਨ ਦੇ ਇਕ ਹਿੱਸੇ ਨੂੰ ਪਰਵਾਨ ਕਰਨ ਤੋਂ ਮਾਫੀ ਚਾਹੇਂ! ਆਪਣੀ ਹਾਲਤ ਦੇ ਸਾਰੇ ਨਿਯਮਾਂ ਨੂੰ ਸਿਰ ਮੱਥੇ ਤੇ ਕਬੂਲ ਕਰ। ਸੁਖਾਂ ਨੂੰ ਤਾਂ ਖੁਸ਼ੀ ਨਾਲ ਮੰਗਣਾ ਤੇ ਦੁਖਾਂ ਪਾਸੋਂ ਡਰਨਾ, ਏਹ ਕਿਥੋਂ ਦਾ ਨਜਾਓਂ ਹੈ?

ਕੀ ਤੂੰ ਸਮੇ ਅਤੇ ਰੁੱਤਾਂ ਨੂੰ ਏਹ ਕਹਿਣਾ ਚਾਹੁੰਦਾ ਹੈਂ ਕਿ ਨਾ ਬੀਤੋ? ਤੁਹਾਡੇ ਬੀਤਣ ਨਾਲ ਮੈਂ ਬੁੱਢਾ ਹੋ ਜਾਵਾਂਗਾ? ਕੀ ਏਸਨੂੰ ਸਬਰ ਨਾਲ ਝੱਲਣਾ ਚੰਗਾ ਨਹੀਂ?

ਜੇਹੜੀ ਪੀੜ ਬਹੁਤ ਚਿਰ ਰਹਿੰਦੀ ਹੈ, ਓਹ ਘੱਟ ਦੁਖਦਾਈ ਹੁੰਦੀ ਹੈ, ਏਸ ਵਾਸਤੇ ਓਸ ਦੀ ਸ਼ਿਕੈਤ ਕਰਨ ਤੋਂ ਸ਼ਰਮ ਕਰ ਅਤੇ ਸਖਤ ਦੁਖ ਰਹਿੰਦਾ ਹੀ ਥੋਹੜਾ ਚਿਰ ਹੈ, ਏਸ ਵਾਸਤੇ ਓਸਦੀ ਬਾਬਤ ਰੋਣ ਧੋਣ ਤੋਂ ਕੀ ਲਾਭ?

ਤੇਰਾ ਸਰੀਰ ਤੇਰੀ ਰੂਹ ਦੀ ਤਾਬਿਆ ਹੈ। ਜੇਕਰ ਤੂੰ ਸਰੀਰ ਦੇ ਦੁਖ ਨਾਲ ਆਤਮਾ ਨੂੰ ਦੁਖੀ ਕਰੇਂ ਤਾਂ ਮਾਨੋ ਤੂੰ ਆਤਮਾ ਨੂੰ ਸਰੀਰ ਦੀ ਤਾਬਿਆ ਕਰਦਾ ਹੈਂ।

ਜਿਸਤਰਾਂ ਕੰਡੇ ਨਾਲ ਅੜਕੇ ਕੋਈ ਕੱਪੜਾ ਪਾਟ ਜਾਣ ਤੋਂ ਕੋਈ ਸਿਆਣਾ ਦੁਖੀ ਨਹੀਂ ਹੁੰਦਾ, ਏਸੇ ਤਰਾਂ

ਸਿਆਣਾ ਰੋਗੀ ਸਰੀਰ ਦੇ ਰੋਗ ਨਾਲ ਆਤਮਾ ਨੂੰ ਰੋਗੀ ਨਹੀਂ ਕਰਦਾ।

ਬੈਂਤ:-

ਬੰਦਾ ਜੰਮਦਾ, ਬਿਨਸਦਾ ਦਖ ਅੰਦਰ,
ਇਸਦੀ ਬਣਿਤ ਵਿਚ ਦੁੱਖ ਦਾ ਅੰਗ ਹੈਵੇ।
ਜੰਮਣ ਦਿਵਸ ਤੋਂ ਅੰਤਲੇ ਸ੍ਵਾਸ ਤੀਕਰ,
ਬੰਦੇ! ਦੁੱਖ ਤੇਰੇ ਸਦਾ ਸੰਗ ਹੈਵੇ।
ਦ੍ਰਿੜ੍ਹਤਾ, ਆਸ, ਸੰਤੋਖ ਤੋਂ ਕੰਮ ਲੈ ਤੂੰ,
ਏਹ ਫ਼ਜ਼ੂਲ ਹੋਣਾ ਦੁੱਖ ਤੋਂ ਤੰਗ ਹੈਵੇ।
ਸੁਖ ਦੁਖ ਦੋਇ ਹਨ ਕੁਦਰਤੀ ਮਿਲੇ ਹੋਏ,
ਹਰ ਇਕ ਸੁਖ ਅੰਦਰ ਦੁਖ ਦੀ ਟੰਗ ਹੈਵੇ।
ਮੋਇਆ ਪੁੱਤ ਜਾਂ ਬਾਪ ਜਾਂ ਹੋਰ ਕੋਈ,
ਹੈਸੀ ਅੰਤ ਮਰਨਾ, ਉਸਦਾ ਦੁਖ ਕਾਹਦਾ?
ਸੜਿਆ ਬਾਰ ਜਾਂ ਹੋਰ ਨੁਕਸਾਨ ਹੋਇਆ,
ਦਾਤਾ ਹੋਰ ਦੇਸੀ, ਉਸਦਾ ਦੁਖ ਕਾਹਦਾ?
ਜੇਕਰ ਰੋਗ ਲੱਗਾ ਹੈ ਸਰੀਰ ਤਾਈਂ,
ਏਹ ਦੇਹ ਦੰਡ ਹੈ, ਏਸਦਾ ਦੁਖ ਕਾਹਦਾ?
ਨਾ ਕਰ ਆਤਮਾ ਦੁਖੀ ਹੇ 'ਚਰਨ' ਮੂਰਖ!
ਦੁਖੀ ਕਰੇ ਇਸਨੂੰ, ਓਹ ਮਨੁੱਖ ਕਾਹਦਾ?

ਸ੍ਰੀ ਗੁਰੂ ਗਰੰਥ ਪ੍ਰਮਾਣ:-

(੧) ਦੁਖ ਦਾਰੂ ਸੁਖ ਰੋਗ ਭਇਆ।
(੨) ਦੁਖਾ ਤੇ ਸੁਖ ਊਪਜੇ ਸੁਖੀ ਹੋਵੈ ਦੂਖ।
(੩) ਦੁਖ ਸੁਖ ਤੇਰਾ ਭਾਣਾ ਪਿਆਰੇ।

(੪) ਹਉਮੈ ਜਗ ਦੁਖ ਰੋਗ ਬਿਆਪਿਆ
ਮਰ ਜਨਮੈ ਰੋਵੈ ਧਾਹੀਂ ।

----

## ੪੭–ਮੌਤ

ਜਿਸਤਰਾਂ ਧਾਤ ਦਾ ਬਹਨਾ ਰਮੈਣੀ ਦੇ ਗੁਣ ਨੂੰ ਪ੍ਰਗਟ ਕਰਦਾ ਹੈ, ਓਸੇ ਤਰਾਂ ਮੌਤ ਸਾਡੇ ਜੀਵਨਾਂ ਦੀ ਘਸਵੱਟੀ ਹੈ। ਏਸਦੇ ਉੱਤੇ ਸਾਰੇ ਕਰਮ ਪਰਖੇ ਜਾਂਦੇ ਹਨ।

ਜੋ ਆਦਮੀ ਹੱਸਦਾ ਖੇਡਦਾ ਮਰਨਾ ਚਾਹੁੰਦਾ ਹੈ,ਓਹ ਆਪਣੇ ਜੀਵਨ ਪਾਸੋਂ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨਾ ਚੰਗੀ ਤਰਾਂ ਜਾਣਦਾ ਹੈ। ਪਰ ਜੋ ਆਦਮੀ ਓਸ ਤਰਾਂ ਨਹੀਂ ਮਰਦਾ ਜਿਸ ਤਰਾਂ ਕਿ ਓਸਨੂੰ ਮਰਨਾ ਚਾਹੀਦਾ ਹੈ ਤਾਂ ਓਹ ਮਾਨੋ ਅੱਫਲ ਹੀ ਜੰਮਿਆ। ਜੋ ਆਦਮੀ ਖ਼ੁਸ਼ੀ ਅਤੇ ਪ੍ਰਸੰਨਤਾ ਨਾਲ ਮਰਦਾ ਹੈ, ਓਸਦੀ ਜ਼ਿੰਦਗੀ ਕਦੇ ਅੱਫਲ ਨਹੀਂ ਗਈ।

ਜੋ ਆਦਮੀ ਏਹ ਭਰੋਸਾ ਰੱਖਦਾ ਹੈ ਕਿ ਮੈਂ ਅੰਤ ਮਰ ਜਾਵਾਂਗਾ,ਓਹ ਸਬਰ ਸੰਤੋਖ ਤੋਂ ਕੰਮ ਲੈਂਦਾ ਹੈ,ਪਰ ਜੋ ਆਦਮੀ ਮੌਤ ਨੂੰ ਭੁੱਲਣ ਦਾ ਜਤਨ ਕਰਦਾ ਹੈ,ਓਸਨੂੰ ਕਿਸੇ ਚੀਜ਼ ਤੋਂ ਖ਼ੁਸ਼ੀ ਨਹੀਂ ਮਿਲਦੀ। ਖ਼ੁਸ਼ੀ ਨੂੰ ਓਹ ਇਕ ਮਣੀ ਸਮਝਦਾ ਹੈ, ਜਿਸਦੇ ਖੁੱਸ ਜਾਣ ਦਾ ਡਰ ਓਸਨੂੰ ਹਰ ਵੇਲੇ ਦੁਖੀ ਕਰਦਾ ਰਹਿੰਦਾ ਹੈ।

ਕੀ ਤੂੰ ਭਲਮਣਸਊ ਦੀ ਮੌਤ ਮਰਨਾ ਚਾਹੁੰਦਾ ਹੈਂ ? ਤਾਂ ਤੂੰ ਆਪਣੇ ਬੁਰੇ ਕਰਮਾਂ ਨੂੰ ਮੌਤ ਤੋਂ ਪਹਿਲਾਂ ਹੀ ਦਰਯਾ ਬੁਰਦਾ ਕਰ ਦੇਹ। ਓਹ ਆਦਮੀ ਕਿਹਾ ਹੀ ਭਾਗਾਂ

ਵਾਲਾ ਹੈ ਜੋ ਆਪਣੇ ਜੀਵਨ ਦੇ ਕੰਮ ਧੰਦੇ ਨੂੰ ਮੌਤ ਦੇ ਦਿਨ ਤੋਂ ਪਹਿਲਾਂ ਹੀ ਮੁਕਾ ਲੈਂਦਾ ਹੈ, ਓਹ ਆਪਣੇ ਕੰਮ ਨੂੰ ਕੱਲ ਤੇ ਨਹੀਂ ਪਾਉਂਦਾ, ਕਿਉਂਕਿ ਕੱਲ ਨਾਮ 'ਕਾਲ' ਦਾ ਹੈ।

ਮੌਤ ਪਾਸੋਂ ਨਾ ਦੌੜ, ਏਹ ਕਾਇਰਤਾ ਹੈ। ਇਹਦੇ ਪਾਸੋਂ ਭੈ ਨਾ ਖਾਹ। ਤੂੰ ਨਹੀਂ ਜਾਣਦਾ ਕਿ ਏਹ ਕੀ ਹੈ ? ਤੂੰ ਕੇਵਲ ਐਨਾ ਜਾਣਦਾ ਹੈਂ ਕਿ ਏਹਦੇ ਨਾਲ ਤੇਰੇ ਦੁੱਖਾਂ ਦਾ ਅੰਤ ਹੋ ਜਾਂਦਾ ਹੈ। ਏਹ ਨਾ ਸਮਝ ਕਿ ਜਿੰਨਾ ਚਿਰ ਕੋਈ ਆਦਮੀ ਜੀਊਂਦਾ ਹੈ, ਓਨਾ ਚਿਰ ਹੀ ਓਹ ਸੁਖੀ ਰਹਿੰਦਾ ਹੈ। ਸਗੋਂ ਜਿਸ ਆਦਮੀ ਦਾ ਜੀਵਨ ਚੰਗੇ ਤੇ ਲਾਭਦਾਇਕ ਨੇਕ ਕੰਮਾਂ ਵਿਚ ਬੀਤਦਾ ਹੈ, ਓਹ ਸਾਰਿਆਂ ਨਾਲੋਂ ਵੱਧ ਇੱਜ਼ਤ ਤੇ ਮਾਨ ਦੇ ਯੋਗ ਹੈ ਅਤੇ ਓਹ ਮਰਨ ਦੇ ਮਗਰੋਂ ਉਸਦੇ ਮਿੱਠੇ ਫਲ ਨੂੰ ਪ੍ਰਾਪਤ ਕਰਕੇ ਵੱਡਾ ਹੀ ਪ੍ਰਸੰਨ ਹੁੰਦਾ ਹੈ।

ਬੈਂਤ:-

ਮੌਤ ਬੂਹਾ ਹੈ ਓਸ ਦਰਬਾਰ ਵਾਲਾ,
ਜਿਸ ਦਰਬਾਰ ਅੰਦਰ ਲੇਖਾ ਭਰਨ ਜਾਣਾ।
ਜਿਨ੍ਹਾਂ ਕੀਤੀ ਹੈ ਲੇਖੇ ਵਿਚ ਬੇਈਮਾਨੀ,
ਓਹਨਾਂ ਕੰਬਦੇ ਹੈ ਥਰਨ ਥਰਨ ਜਾਣਾ।
ਜਾਨ ਕੰਬਦੀ ਪਾਪੀਆਂ ਮੌਤ ਪਾਸੋਂ,
ਤੀਰ ਸਾਹਮਣੇ ਜਿਕੁਰਾਂ ਹਰਨ ਜਾਣਾ।
ਚੋਰ ਪਕੜਿਆ ਪੁਲਸ ਜਦ ਓਸਨੇ, ਤਾਂ
ਹਾਕਮ ਸਾਮ੍ਹਣੇ ਡਿੱਗਦੇ ਧਰਨ ਜਾਣਾ।

ਐਪਰ ਠੀਕ ਲੇਖੇ ਵਾਲੇ ਲਈ ਮਰਨਾ,
ਮਾਨੋ ਆਪਣੇ ਪ੍ਰਭੂ ਦੀ ਸ਼ਰਨ ਜਾਣਾ ?
ਉਸ ਦੀ ਦਾਤ ਵਿਚ ਖਜਾਨਤਾਂ ਕੀਤੀਆਂ ਨਾ,
ਓਹਨਾਂ ਮੌਤ ਪਾਸੋਂ ਕਾਹਨੂੰ ਡਰਨ ਜਾਣਾ।
ਸੇਹਰੇ ਬੰਨ੍ਹ ਲੈ ਨੇਕੀਆਂ ਸ਼ੁਭ ਗੁਣਾਂ ਦੇ,
ਲਾੜੀ ਮੌਤ ਨੂੰ ਚਾਹੇਂ ਜੇ ਵਰਨ ਜਾਣਾ ?
ਨੇਕ, ਭਲੇ ਮਰਸਨ ਖੁਸ਼ੀਆਂ ਨਾਲ ਹਸ ਹਸ,
ਡਰ ਡਰ ਮੌਤ ਅੱਗੇ ਹਰੀ 'ਚਰਨ' ਜਾਣਾ।

ਸ੍ਰੀ ਗੁਰੂ ਗ੍ਰੰਥ ਪ੍ਰਮਾਣ:-

(੧) ਭਾਈ ਰੇ ਇਉ ਸਿਰ ਜਾਣਹੁ ਕਾਲ।
ਜਿਉ ਮਛੁਲੀ ਤਿਉ ਮਾਣਸਾ ਪਵੈ ਅਚਿੰਤਾ ਜਾਲ।
(੨) ਦਿਵਸ ਚੜੈ ਫਿਰ ਆਥਵੈ ਰੈਣ ਸਬਾਈ ਜਾਇ।
ਆਵ ਘਟੈ ਨਰ ਨਾ ਬੁਝੈ ਨਿਤ ਮੂਸਾ ਲਾਜ ਟੁਕਾਇ।
(੩) ਗਗਾ ਗੋਬਿੰਦ ਗੁਣ ਰਵਹੁ ਸਾਸ ਸਾਸ ਜਪ ਨੀਤ।
ਕਹਾ ਬਿਸਾਸਾ ਦੇਹ ਕਾ ਬਿਲਮ ਨ ਕਰਹੁ ਮੀਤ।
(੪) ਨਹਿ ਬਾਰਕ ਨਹਿ ਜੋਬਨੈ ਨਹਿ ਬਿਰਧੀ ਕਛੁ ਬੰਧ।
ਓਹ ਬੇਲਾ ਨਹਿ ਬੂਝੀਐ ਜਉ ਆਇ ਪਰੈ ਜਮ ਫੰਧ।
(੫) ਜੋ ਉਪਜੇ ਸੋ ਕਾਲ ਸੰਘਾਰਿਆ।
ਹਮ ਹਰਿ ਰਾਖੇ ਗੁਰ ਸਬਦ ਵਿਚਾਰਿਆ।
ਮਾਇਆ ਮੋਹੇ ਸਭ ਦੇਵੀ ਦੇਵਾ।
ਕਾਲ ਨ ਛੋਡੈ ਬਿਨ ਗੁਰ ਕੀ ਸੇਵਾ।

ਹਿਰਦੈ ਸਚ ਵਸੈ ਹਰਿ ਆਇ ।
ਕਾਲ ਨਾ ਜੋਹਿ ਸਕੈ ਗੁਣ ਗਾਇ ।
ਨਾਨਕ ਗੁਰਮੁਖ ਸਬਦ ਸਮਾਇ ।

----

**ਇਹੋ ਸੱਚੀ 'ਜੀਵਨ ਜੁਗਤੀ' ਤੇ ਏਹੋ ਲੋਕ ਪ੍ਰਲੋਕ ਵਿਚ ਮਾਨ ਪਾਉਣ ਦਾ ਰਸਤਾ ਹੈ ।**

**॥ ਇਤਿ ॥**





ਅੱਖਾਂ ਦਾ ਮੇਹਰਬਾਨ !
ਕਾਲਾ ! ਕਾਲਾ ! ਕਾਲਾ
ਅੱਖੀਆਂ ਦਾ ਰਖਵਾਲਾ !
ਨਜ਼ਰਾਂ ਨੂੰ ਦੇਂਦਾ ਜੋੜ !
ਨੀ ਸਖੀ ਕੀ ?:–

# ਸੁਰਮਾ

## ਐਨਕ ਤੋੜ

ਜਿਸਦੇ ਵਰਤਣ ਨਾਲ ਲੱਖਾਂ ਅੱਖਾਂ ਰਾਜ਼ੀ ਹੋਕੇਚਮਕ ਰਹੀਆਂ ਨੇ, ਰਾਣੀਆਂ ਮਹਾਰਾਣੀਆਂ ਤੋਂ ਲੈਕੇ ਗਰੀਬਣੀਆਂ ਤਕ ਦਾ ਸ਼ਿੰਗਾਰ ਏ ! ਅੱਖਾਂ ਦੇ ਰੋਗੀਆਂ ਦੀ ਇਕ ਲਾਸਾਨੀ ਅਕਸੀਰ ਏ ! ਅਨੇਕਾਂ ਸਰਟੀਫੀਕੇਟਾਂ ਤੇ ਸੋਨੇ ਦੇ ਤਮਗ਼ਿਆਂ ਦਾ ਇਨਾਮੀ ਸੁਰਮਾ ਹੈ ! ਵਰਤੋ ! ਜ਼ਰੂਰ ਵਰਤੋ, ਤੁਸੀ ਬਿਲਕੁਲ ਰਾਜ਼ੀ ਹੋ ਜਾਵੋਗੇ ! ਕੀਮਤ ੧ ਸ਼ੀਸ਼ੀ ੨॥), ੬ ਸ਼ੀਸ਼ੀਆਂ ਕੱਠੀਆਂ ੯) ਦੀਆਂ ਮੰਗਾਣ ਵਾਲੇ ਨੂੰ ਸੱਤਵੀਂ ਸ਼ੀਸ਼ੀ ਮੁਫ਼ਤ ਤੇ ਡਾਕ ਖ਼ਰਚ ਮਾਫ਼ !

ਸੁਰਮਾ ਤੇ ਹਰਤਰ੍ਹਾਂ ਦੀਆਂ ਦਵਾਈਆਂ ਮੰਗਾਣਦਾ ਪਰਸਿੱਧਪਤਾ:–

**ਮੈਨੇਜਰ–ਸੰਨਿਆਸੀ ਦਵਾਈ ਘਰ,**

ਹਾਲ ਬਾਜ਼ਾਰ, ਅੰਮ੍ਰਿਤਸਰ

ਸਦੀਆਂ ਤੱਕ ਪੁਰਾਣੀ ਨਾ ਹੋਣ ਵਾਲੀ ਕਿਤਾਬ !

ਤਿੰਨ ਰੰਗੀਆਂ ਤਸਵੀਰਾਂ ਵਾਲਾ

# ਵਾਰਸ ਸ਼ਾਹ ਦਾ ਅਸਲੀ ਵੱਡਾ

ਮੁੱਲ ੧॥) } **ਹੀਰ ਰਾਂਝਾ** { ਮੁੱਲ ੧॥)

ਬੜੀ ਮਿਹਨਤ ਨਾਲ ਅਸਾਂ ਇੱਕ ਪੁਰਾਣੇ ਨੁਸਖੇ ਤੋਂ ਛਪਵਾਯਾ ਹੈ। ਅੱਠ ਤਸਵੀਰਾਂ ਐਸੀਆਂ ਸੁੰਦਰ ਹਨ ਕਿ ਜੀ ਕਰਦਾ ਹੈ ਵੇਖਦੇ ਹੀ ਰਹੀਏ। ਛਪਾਈ ਮੋਟੀ, ਚੰਦ ਦੀ ਚਾਨਣੀ ਵਿੱਚ ਪੜ੍ਹੀ ਜਾਣ ਵਾਲੀ ਹੈ।

| | |
|---|---|
| ਰਾਂਝਣ ਦੀਆਂ ਛਮਕਾਂ | ਹੀਰ ਦਾ ਵਿਆਹ |
| ਸੱਪ ਦਾ ਬਹਾਨਾ | ਚਾਕ ਤੇ ਫੇਰ ਕੰਨ ਪਾਟਾ |

ਇਤਆਦਿਕ ਐਸੇ ਦਿਲਚਸਪ ਨਜ਼ਾਰੇ ਐਸੀ ਗੁੰਦਵੀਂ ਬੋਲੀ ਤੇ ਐਸੇ ਮਨਮੋਹਨੇ ਢੰਗ ਵਿਚ ਵਾਰੇ ਸ਼ਾਹ ਨੇ ਲਿਖੇ ਹਨ ਕਿ ਜਿੰਨੀ ਵਾਰ ਪੜ੍ਹੀਏ ਓਨਾ ਬਹੁਤਾ ਅਨੰਦ ਆਉਂਦਾ ਹੈ। ਇਹ ਕਿਤਾਬ ਐਸੀ ਹੈ ਜਦੋਂ ਪੜ੍ਹੋ, ਓਦੋਂ ਨਵੀਂ ਜਾਪਦੀ ਹੈ। ਸੱਚੇ ਪ੍ਰੇਮ ਦਾ ਅਨੰਦ ਲੈਣਾ ਜੇ ਤਾਂ ਇਕ ਵਾਰ ਜ਼ਰੂਰ ਏਹ 'ਹੀਰ' ਪੜ੍ਹੋ।

**ਮੈਨੇਜਰ—"ਗੁਰੂ ਖਾਲਸਾ ਪ੍ਰੈਸ" ਅੰਮ੍ਰਿਤਸਰ**